
## 1947 ਤੋਂ ਪਹਿਲਾਂ ਦਾ ਪੰਜਾਬ

## ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ (1845-46)



ਲੁਧਿਆਣਾ ਉੱਤੇ ਹਮਲਾ ਕਰਨ ਦੀਆਂ ਤਿਆਰੀਆਂ ਵੀ ਪੂਰੀਆਂ ਕਰ ਲਈਆਂ। ਪਤਾ ਲੱਗਣ ਤੇ ਸਰ ਹੈਨਰੀ ਸਮਿੱਥ (Sir Henry Smith) ਨੇ ਆਪਣੀ ਸੈਨਾ ਸਹਿਤ ਲੁਧਿਆਣਾ ਦੀ ਰੱਖਿਆ ਲਈ ਕੂਚ ਕੀਤਾ। ਬੱਦੋਵਾਲ ਪਿੰਡ ਵਿਖੇ ਦੋਨਾਂ ਧਿਰਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਵਿੱਚ ਸਰਦਾਰ ਰਣਜੋਧ ਸਿੰਘ ਦੀ ਜਿੱਤ ਹੋਈ। ਅੰਗਰੇਜ਼ਾਂ ਦਾ ਕਾਫੀ ਸਮਾਨ ਅਤੇ ਭੋਜਨ-ਪਦਾਰਥ ਸਿੱਖਾਂ ਦੇ ਹੱਥ ਲੱਗਾ।

**ਅਲੀਵਾਲ ਦੀ ਲੜਾਈ, 28 ਜਨਵਰੀ, 1846 ਈ: (Battle of Aliwal, 28 January, 1846 A.D.):-** ਫਿਰੋਜ਼ਪੁਰ ਤੋਂ ਸਹਾਇਕ ਸੈਨਾ ਆਉਣ ਤੇ ਸਰ ਹੈਨਰੀ ਸਮਿੱਥ ਨੇ 28 ਜਨਵਰੀ, 1846 ਈ: ਨੂੰ ਅਚਾਨਕ ਹੀ ਅਲੀਵਾਲ ਵਿਖੇ ਸਰਦਾਰ ਰਣਜੋਧ ਸਿੰਘ ਦੀ ਅਗਵਾਈ ਵਿੱਚ ਡੇਰਾ ਲਾਈ ਬੈਠੀ ਸੈਨਾ ਉੱਤੇ ਧਾਵਾ ਬੋਲ ਦਿੱਤਾ। ਇਸ ਲਈ ਸਿੱਖ ਸੈਨਾ ਭੱਜ ਕੇ ਸਤਲੁਜ ਪਾਰ ਕਰ ਗਈ। ਅੰਗਰੇਜ਼ਾਂ ਦੀ ਜਿੱਤ ਹੋਈ।

**ਸਭਰਾਉਂ ਦੀ ਲੜਾਈ, 10 ਫਰਵਰੀ 1846 ਈ: (Battle for Sabroan, 10 Febraury 1846 A.D.):-** ਸਿੱਖ ਸੈਨਾ ਨੇ ਤੇਜ ਸਿੰਘ ਅਤੇ ਲਾਲ ਸਿੰਘ ਅਧੀਨ ਸਭਰਾਉਂ ਵਿਖੇ ਡੇਰੇ ਲਾ ਰੱਖੇ ਸਨ। ਉਹਨਾਂ ਨੇ ਅੰਗਰੇਜ਼ਾਂ ਨੂੰ ਸੰਭਲਣ ਲਈ ਤੇਰ੍ਹਾ ਦਿਨ ਦਾ ਮੌਕਾ ਦਿੱਤਾ ਅਤੇ ਉਹਨਾਂ ਉੱਤੇ ਕੋਈ ਹਮਲਾ ਨਾ ਕੀਤਾ। 10 ਫਰਵਰੀ, 1846 ਈ: ਨੂੰ ਜਦੋਂ ਸਿੱਖਾਂ ਅਤੇ ਅੰਗਰੇਜ਼ਾਂ ਵਿੱਚ ਯੁੱਧ ਸ਼ੁਰੂ ਹੋਇਆ ਤਾਂ ਤੇਜ ਸਿੰਘ ਅਤੇ ਲਾਲ ਸਿੰਘ ਯੁੱਧ ਸ਼ੁਰੂ ਹੁੰਦਿਆਂ ਹੀ ਲੜਾਈ ਦੇ ਮੈਦਾਨ ਵਿੱਚੋਂ ਨੱਸ ਗਏ। ਸ਼ਾਮ ਸਿੰਘ ਅਟਾਰੀਵਾਲਾ ਮਰਦੇ ਦਮ ਤੱਕ ਵੈਰੀ ਨਾਲ਼ ਲੜਦਾ ਰਿਹਾ। ਉਸ ਦੀ ਮੌਤ ਹੋ ਜਾਣ 'ਤੇ ਸਿੱਖ ਸੈਨਾ ਦੀ ਹਾਰ ਹੋ ਗਈ।

ਸਭਰਾਉਂ ਦੀ ਜਿੱਤ ਪਿੱਛੋਂ ਅੰਗਰੇਜ਼ ਸੈਨਾ ਨੇ ਸਤਲੁਜ ਪਾਰ ਕੀਤਾ। ਲਾਹੌਰ ਵੱਲ ਵਧ ਰਹੀ ਉਸ ਸੈਨਾ ਦਾ ਸਿੱਖਾਂ ਨੇ ਕੋਈ ਵਿਰੋਧ ਨਾ ਕੀਤਾ। ਅੰਗਰੇਜ਼ ਸੈਨਾ 20 ਫਰਵਰੀ 1846 ਈ: ਨੂੰ ਲਾਹੌਰ ਪਹੁੰਚ ਗਈ।

## (ੲ) ਲਾਹੌਰ ਦੀਆਂ ਸੰਧੀਆਂ
## (Treaties of Lahore)

**ਲਾਹੌਰ ਦੀ ਪਹਿਲੀ ਸੰਧੀ 9 ਮਾਰਚ 1846 ਈ: (First Treaty of Lahore 9 March 1846 A.D.):-** ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਦ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਲਾਹੌਰ ਸਰਕਾਰ ਨਾਲ਼ ਸੰਧੀ ਕੀਤੀ। ਉਸ ਸੰਧੀ ਦੀਆਂ ਮੁੱਖ ਧਾਰਾਵਾਂ ਇਸ ਪ੍ਰਕਾਰ ਸਨ—

(i) ਬ੍ਰਿਟਿਸ਼ ਸਰਕਾਰ, ਮਹਾਰਾਜਾ ਦਲੀਪ ਸਿੰਘ ਅਤੇ ਉਸ ਦੇ ਉੱਤਰਾਧਿਕਾਰੀਆਂ ਵਿਚਕਾਰ ਸਦਾ ਮਿੱਤਰਤਾ ਬਣੀ ਰਹੇਗੀ।

(ii) ਲਾਹੌਰ ਦੇ ਮਹਾਰਾਜਾ ਨੇ ਆਪਣੇ ਅਤੇ ਆਪਣੇ ਉੱਤਰਾਧਿਕਾਰਿਆਂ ਵੱਲੋਂ ਸਤਲੁਜ ਦਰਿਆ ਦੇ ਦੱਖਣ ਵਿੱਚ ਸਥਿਤ ਸਾਰੇ ਪ੍ਰਦੇਸ਼ਾਂ ਤੋਂ ਹਮੇਸ਼ਾਂ ਲਈ ਆਪਣਾ ਅਧਿਕਾਰ ਹਟਾ ਲੈਣਾ ਸਵੀਕਾਰ ਕਰ ਲਿਆ।

(iii) ਮਹਾਰਾਜਾ ਨੇ ਸਤਲੁਜ ਅਤੇ ਬਿਆਸ ਦਰਿਆਵਾਂ ਵਿਚਕਾਰਲੇ ਸਾਰੇ ਕਿਲ੍ਹੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤੇ।

(iv) ਅੰਗਰੇਜ਼ਾਂ ਨੇ ਯੁੱਧ ਦੇ ਹਰਜਾਨੇ ਵਜੋਂ ਲਾਹੌਰ ਸਰਕਾਰ ਤੋਂ ਡੇਢ ਕਰੋੜ ਰੁਪਏ ਦੀ ਧਨ ਰਾਸ਼ੀ ਦੀ ਮੰਗ ਕੀਤੀ।

(v) ਮਹਾਰਾਜਾ ਨੇ ਲਾਹੌਰ ਸੈਨਾ ਦੇ ਵਿਦਰੋਹੀ ਦਸਤਿਆਂ ਨੂੰ ਤੋੜ ਦੇਣ ਅਤੇ ਉਹਨਾਂ ਤੋਂ ਹਥਿਆਰ ਖੋਹ ਲੈਣ ਦਾ ਵਚਨ ਦਿੱਤਾ।

(vi) ਇਹ ਫੈਸਲਾ ਹੋਇਆ ਕਿ ਲਾਹੌਰ ਰਾਜ ਦੀ ਪੈਦਲ ਸੈਨਾ 20 ਹਜ਼ਾਰ ਅਤੇ 12 ਹਜ਼ਾਰ ਘੋੜ-ਸਵਾਰ ਹੋਣਗੇ।

(vii) ਮਹਾਰਾਜਾ ਬ੍ਰਿਟਿਸ਼ ਸਰਕਾਰ ਦੀ ਮੰਨਜ਼ੂਰੀ ਤੋਂ ਬਿਨ੍ਹਾਂ ਕਿਸੇ ਅੰਗਰੇਜ ਯੂਰਪੀਅਨ ਜਾਂ ਅਮਰੀਕਨ ਨੂੰ ਆਪਣੀ ਸੇਵਾ ਵਿੱਚ ਨਹੀਂ ਲਵੇਗਾ।

(viii) ਬ੍ਰਿਟਿਸ਼ ਸਰਕਾਰ ਨੇ ਦਲੀਪ ਸਿੰਘ ਨੂੰ ਲਾਹੌਰ ਦਾ ਮਹਾਰਾਜਾ, ਰਾਣੀ ਜਿੰਦਾਂ ਨੂੰ ਉਸ ਦੀ ਸਰਪ੍ਰਸਤ ਅਤੇ ਲਾਲ ਸਿੰਧ ਨੂੰ ਪ੍ਰਧਾਨ ਮੰਤਰੀ ਸਵੀਕਾਰ ਕਰ ਲਿਆ।

(ix) ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਬਿਨ੍ਹਾ ਲਾਹੌਰ ਰਾਜ ਦੀਆਂ ਹੱਦਾਂ ਨਹੀਂ ਬਦਲੀਆਂ ਜਾਣਗੀਆਂ।

(x) ਬ੍ਰਿਟਿਸ਼ ਸਰਕਾਰ ਲਾਹੌਰ ਰਾਜ ਦੇ ਅੰਦਰੂਨੀ ਮਾਮਲਿਆਂ ਵਿੱਚ ਕੋਈ ਦਖ਼ਲ ਨਹੀਂ ਦੇਵੇਗੀ।

(xi) ਜੇ ਕਰ ਬ੍ਰਿਟਿਸ਼ ਸਰਕਾਰ-ਗੁਲਾਬ ਸਿੰਘ ਨੂੰ ਕੁਝ ਪਹਾੜੀ ਇਲਾਕੇ ਦੇਵੇ ਤਾਂ ਮਹਾਰਾਜਾ ਉਹਨਾਂ ਇਲਾਕਿਆਂ ਉੱਤੇ ਉਸ ਦੀ ਮਾਲਕੀਅਤ ਸਵੀਕਾਰ ਕਰੇਗਾ।

**ਲਾਹੌਰ ਦੀ ਦੂਜੀ ਸੰਧੀ, 11 ਮਾਰਚ, 1846 ਈ: (Supplementary Articles of Agreement, 11 March, 1846 A.D.):-** ਲਾਲ ਸਿੰਘ ਆਦਿ ਦੀ ਬੇਨਤੀ ਉੱਤੇ 11 ਮਾਰਚ, 1846 ਈ: ਵਿੱਚ ਲਾਹੌਰ ਦੀ ਦੂਜੀ ਸੰਧੀ ਹੋਈ। ਉਸ ਸੰਧੀ ਦੀਆਂ ਮੁੱਖ ਧਾਰਾਵਾਂ ਇਹ ਸਨ—

(i) ਬ੍ਰਿਟਿਸ਼ ਸਰਕਾਰ ਮਹਾਰਾਜਾ ਦਲੀਪ ਸਿੰਘ ਅਤੇ ਸ਼ਹਿਰ ਵਾਸੀਆਂ ਦੀ ਰੱਖਿਆ ਲਈ ਲਾਹੌਰ ਵਿੱਚ 1846 ਈ: ਦੇ ਅੰਤ ਤੱਕ ਵੱਡੀ ਸੰਖਿਆ ਵਿੱਚ ਸੈਨਾ ਰੱਖੇਗੀ।

(ii) ਲਾਹੌਰ ਦਾ ਕਿਲ੍ਹਾ ਅਤੇ ਸ਼ਹਿਰ ਅੰਗਰੇਜ਼ ਸੈਨਾ ਦੇ ਅਧਿਕਾਰ ਵਿੱਚ ਹੋਵੇਗਾ।

(iii) ਲਾਹੌਰ ਸਰਕਾਰ 9 ਮਾਰਚ, 1846 ਈ: ਦੀ ਸੰਧੀ ਰਾਹੀਂ ਅੰਗਰੇਜ਼ਾਂ ਨੂੰ ਦਿੱਤੇ ਗਏ ਪ੍ਰਦੇਸ਼ਾਂ ਵਿਚਲੇ ਜਾਗੀਰਦਾਰਾਂ ਅਤੇ ਅਧਿਕਾਰੀਆਂ ਦਾ ਸਨਮਾਨ ਕਰੇਗੀ।

(iv) ਲਾਹੌਰ ਸਰਕਾਰ ਨੂੰ ਅੰਗਰੇਜ਼ਾਂ ਨੂੰ ਦਿੱਤੇ ਗਏ ਇਲਾਕਿਆਂ ਦੇ ਕਿਲ੍ਹਿਆਂ ਵਿੱਚੋਂ, ਤੋਪਾਂ ਨੂੰ ਛੱਡ ਕੇ ਖਜ਼ਾਨਾ ਅਤੇ ਸੰਪਤੀ ਕੱਢ ਕੇ ਲਿਆਉਣ ਦਾ ਅਧਿਕਾਰ ਹੋਵੇਗਾ।

**ਲਾਹੌਰ ਦੀਆਂ ਸੰਧੀਆਂ ਦੀ ਮਹੱਤਤਾ (Significance of the Treaties of Lahore):- ਭਾਵੇਂ ਲਾਰਡ** ਹਾਰਡਿੰਗ ਨੇ ਸਿੱਖਾਂ ਨੂੰ ਹਰਾ ਕੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕੀਤਾ ਪਰ ਲਾਹੌਰ ਸਰਕਾਰ ਨੂੰ ਕਮਜ਼ੋਰ ਜ਼ਰੂਰ ਕਰ ਦਿੱਤਾ। ਅੰਗਰੇਜ਼ਾਂ ਨੇ ਲਾਹੌਰ ਰਾਂਜ ਦੇ ਸਤਲੁਜ ਦੇ ਦੱਖਣ ਵਿਚਲੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। ਉਹਨਾਂ ਨੇ ਦੁਆਬਾ ਬਿਸਤ ਜਲੰਧਰ ਦੇ ਉਪਜਾਊ ਇਲਾਕਿਆਂ ਉੱਤੇ ਵੀ ਅਧਿਕਾਰ ਕਰ ਲਿਆ। ਕਸ਼ਮੀਰ, ਕਾਂਗੜਾ ਅਤੇ ਹਜ਼ਾਰਾ ਦੇ ਪਹਾੜੀ ਰਾਜ ਵੀ ਲਾਹੌਰ ਰਾਜ ਤੋਂ ਅਜ਼ਾਦ ਕਰ ਦਿੱਤੇ ਗਏ। ਲਾਹੌਰ ਰਾਜ ਦੀ ਸੈਨਾ ਘਟਾ ਦਿੱਤੀ ਗਈ। ਲਾਹੌਰ ਰਾਜ ਤੋਂ ਬਹੁਤ ਵੱਡੀ ਧਨ ਰਾਸ਼ੀ ਵਸੂਲ ਕੀਤੀ ਗਈ। ਪੰਜਾਬ ਨੂੰ ਆਰਥਿਕ ਅਤੇ ਸੈਨਿਕ ਰੂਪ ਵਿੱਚ ਐਨਾ ਕਮਜ਼ੋਰ ਕਰ ਦਿੱਤਾ ਗਿਆ ਕਿ ਅੰਗਰੇਜ਼ ਜਦੋਂ ਵੀ ਚਾਹੁਣ ਉਸ ਉੱਤੇ ਕਬਜ਼ਾ ਕਰ ਸਕਦੇ ਸਨ।

## ਭੈਰੋਵਾਲ ਦੀ ਸੰਧੀ, 26 ਦਸੰਬਰ, 1846 ਈ: (Treaty of Bhayrowal, 26 December, 1846 A.D.)

ਲਾਹੌਰ ਦੀ ਸੰਧੀ ਤੋਂ ਬਾਅਦ ਭੈਰੋਵਾਲ ਦੀ ਸੰਧੀ ਹੋਈ। ਉਸ ਦੇ ਹੇਠ ਦਿੱਤੇ ਗਏ ਕਾਰਨ ਸਨ—

**ਕਾਰਨ (Causes):-** ਲਾਹੌਰ ਦੀ ਸੰਧੀ ਅਨੁਸਾਰ ਮਹਾਰਾਜਾ ਅਤੇ ਸ਼ਹਿਰੀਆਂ ਦੀ ਰੱਖਿਆ ਲਈ ਲਾਹੌਰ ਵਿੱਚ ਇੱਕ ਸਾਲ ਲਈ ਅੰਗਰੇਜ਼ੀ ਸੈਨਾ ਰਹਿਣੀ ਸੀ। ਜਦੋਂ ਸਾਲ ਖਤਮ ਹੋਣ ਲੱਗਾ ਤਾਂ ਹਾਰਡਿੰਗ ਨੇ ਸੋਚਿਆ ਕਿ ਅੱਗੋਂ ਲਈ ਵੀ ਅੰਗਰੇਜ਼ ਸੈਨਾ ਲਾਹੌਰ ਵਿੱਚ ਰੱਖੀ ਜਾਵੇ ਅਤੇ ਉੱਥੇ ਬ੍ਰਿਟਿਸ਼ ਰੈਜੀਡੈਂਟ ਵੀ ਨਿਯੁਕਤ ਕੀਤਾ ਜਾਵੇ। ਮਹਾਰਾਣੀ ਜਿੰਦਾਂ ਇਹ ਗੱਲ ਨਹੀਂ ਸੀ ਚਾਹੁੰਦੀ। ਇਸ 'ਤੇ 15 ਦਸੰਬਰ 1846 ਈ: ਨੂੰ ਲਾਹੌਰ ਦਰਬਾਰ ਦੇ ਮੰਤਰੀਆਂ ਅਤੇ ਸਰਦਾਰਾਂ ਦੀ ਇੱਕ ਵਿਸ਼ੇਸ਼ ਸਭਾ ਬੁਲਾਈ ਗਈ। ਉਸ ਸਭਾ ਵਿੱਚ ਗਵਰਨਰ-ਜਨਰਲ ਦੀਆਂ ਕੇਵਲ ਉਹਨਾਂ ਸ਼ਰਤਾਂ ਦਾ ਐਲਾਨ ਕੀਤਾ ਗਿਆ ਜਿਨ੍ਹਾਂ ਦੇ ਆਧਾਰ 'ਤੇ ਉਹ 1846 ਈ: ਪਿੱਛੋਂ ਲਾਹੌਰ ਵਿੱਚ ਅੰਗਰੇਜ਼ੀ ਸੈਨਾ ਰੱਖਣ ਲਈ ਤਿਆਰ ਸਨ। ਮਹਾਰਾਣੀ ਜਿੰਦਾਂ

ਨੂੰ ਛੱਡ ਕੇ ਪ੍ਰਮੁਖ ਸਰਦਾਰਾਂ ਨੇ 16 ਦਸੰਬਰ ਨੂੰ ਸੰਧੀ-ਪੱਤਰ ਉੱਤੇ ਹਸਤਾਖਰ ਕਰ ਦਿੱਤੇ। ਉਸ ਸੰਧੀ ਦੀਆਂ ਧਾਰਵਾਂ ਇਸ ਪ੍ਰਕਾਰ ਹਨ—

**ਧਾਰਾਵਾਂ (Terms)**

(i) ਲਾਹੌਰ ਵਿਖੇ ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤਾ ਗਿਆ ਇੱਕ ਬ੍ਰਿਟਿਸ਼ ਰੈਜੀਡੈਂਟ ਰਹੇਗਾ।

(ii) ਮਹਾਰਾਜਾ ਦਲੀਪ ਸਿੰਘ ਦੇ ਨਾਬਾਲਿਗ ਕਾਲ ਵਿੱਚ ਰਾਜ ਦਾ ਸ਼ਾਸ਼ਨ ਪ੍ਰਬੰਧ ਅੱਠ ਸਰਦਾਰਾਂ ਦੀ ਕੌਂਸਲ ਆਫ਼ ਰੀਜੈਂਸੀ ਰਾਹੀਂ ਚਲਾਇਆ ਜਾਵੇਗਾ। ਉਹਨਾਂ ਸਰਦਾਰਾਂ ਦੇ ਨਾਂ ਸੰਧੀ ਵਿੱਚ ਦਿੱਤੇ ਗਏ।

(iii) ਕੌਂਸਲ ਆਫ਼ ਰੀਜੈਂਸੀ ਬ੍ਰਿਟਿਸ਼ ਰੈਜੀਡੈਂਟ ਦੀ ਸਲਾਹ ਨਾਲ ਪ੍ਰਸ਼ਾਸਨ ਦਾ ਕੰਮ ਕਰੇਗੀ।

(iv) ਮਹਾਰਾਣੀ ਜਿੰਦਾਂ ਨੂੰ ਰਾਜ ਤੋਂ ਵੱਖ ਕਰ ਦਿੱਤਾ ਗਿਆ। ਉਸ ਨੂੰ ਡੇਢ ਲੱਖ ਰੁਪਿਆ ਪੈਨਸ਼ਨ ਦਿੱਤੀ ਗਈ।

(v) ਮਹਾਰਾਜਾ ਦਲੀਪ ਸਿੰਘ ਦੀ ਰੱਖਿਆ ਲਈ ਅਤੇ ਸ਼ਾਂਤੀ ਕਾਇਮ ਰੱਖਣ ਲਈ ਬ੍ਰਿਟਿਸ਼ ਸੈਨਾ ਲਾਹੌਰ ਵਿੱਚ ਰਹੇਗੀ?

(vi) ਜੇਕਰ ਗਵਰਨਰ ਜਨਰਲ ਜ਼ਰੂਰੀ ਸਮਝੇ ਤਾਂ ਉਸ ਦੇ ਹੁਕਮ ਨਾਲ ਬ੍ਰਿਟਿਸ਼ ਸੈਨਿਕ ਲਾਹੌਰ ਰਾਜ ਦੇ ਕਿਸੇ ਵੀ ਕਿਲ੍ਹੇ ਜਾਂ ਸੈਨਿਕ ਛਾਉਣੀ ਉੱਤੇ ਕਬਜ਼ਾ ਕਰ ਸਕਣਗੇ।

(vii) ਬ੍ਰਿਟਿਸ਼ ਸੈਨਾ ਦੇ ਖਰਚ ਲਈ ਲਾਹੌਰ ਰਾਜ ਬ੍ਰਿਟਿਸ਼ ਸਰਕਾਰ ਨੂੰ 22 ਲੱਖ ਰੁਪਏ ਸਾਲਾਨਾ ਦੇਵਾਗਾ।

(viii) ਇਸ ਸੰਧੀ ਦੀਆਂ ਸ਼ਰਤਾਂ ਮਹਾਰਾਜਾ ਦਲੀਪ ਸਿੰਘ ਦੇ ਬਾਲਿਗ ਹੋਣ (4 ਸਤੰਬਰ, 1854 ਈ:) ਤੱਕ ਲਾਗੂ ਰਹਿਣਗੀਆਂ।

**ਮਹੱਤਵ (Significance):-** ਭੈਰੋਵਾਲ ਦੀ ਸੰਧੀ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿੱਚ ਬੜੀ ਮਹੱਤਤਾ ਰੱਖਦੀ ਹੈ।

(i) ਇਸ ਸੰਧੀ ਨਾਲ ਅੰਗਰੇਜ਼ ਪੰਜਾਬ ਦੇ ਮਾਲਕ ਬਣ ਗਏ। ਲਾਹੌਰ ਰਾਜ ਦੇ ਪ੍ਰਸ਼ਾਸ਼ਨਿਕ ਮਾਮਲਿਆਂ ਵਿੱਚ ਬ੍ਰਿਟਿਸ਼ ਰੈਜੀਡੈਂਟ ਨੂੰ ਅਸੀਮਤ ਅਧਿਕਾਰ ਅਤੇ ਸ਼ਕਤੀਆਂ ਦੇ ਦਿੱਤੀਆਂ ਗਈਆਂ। ਹੈਨਰੀ ਲਾਰੈਂਸ (Henry Lawrence) ਨੂੰ ਪੰਜਾਬ ਵਿੱਚ ਪਹਿਲਾਂ ਬ੍ਰਿਟਿਸ਼ ਰੈਜੀਡੈਂਟ ਨਿਯੁਕਤ ਕੀਤਾ ਗਿਆ।

(ii) ਇਸ ਸੰਧੀ ਰਾਹੀਂ ਮਹਾਰਾਣੀ ਜਿੰਦਾਂ ਨੂੰ ਰਾਜ ਪ੍ਰਬੰਧ ਤੋਂ ਅੱਡ ਕਰ ਦਿੱਤਾ ਗਿਆ। ਕੁਝ ਸਮੇਂ ਬਾਅਦ ਉਸ ਨੂੰ ਸ਼ੇਖੂਪੁਰਾ ਭੇਜ ਦਿੱਤਾ ਗਿਆ। ਫਿਰ ਉਸ ਨੂੰ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ।

## (ਸ) ਪੰਜਾਬ ਨੂੰ 1846 ਈ: ਬ੍ਰਿਟ੍ਰਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕਰਨ ਦੇ ਕਾਰਨ (Reasons for not Annexing the Punjab in 1846 A.D.)

ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਨੂੰ ਭਾਂਜ ਦੇਣ 'ਤੇ ਵੀ ਲਾਰਡ ਹਾਰਡਿੰਗ ਨੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕੀਤਾ। ਇਸ ਦੇ ਹੇਠ ਦਿੱਤੇ ਕਾਰਨ ਸਨ—

(i) ਮੁਦਕੀ, ਫਿਰੋਜ਼ਸ਼ਾਹ ਅਤੇ ਸਭਰਾਉਂ ਦੇ ਯੁੱਧਾਂ ਵਿੱਚ ਭਾਵੇਂ ਸਿੱਖਾਂ ਨੂੰ ਹਾਰ ਹੋਈ ਸੀ, ਪਰ ਅਜੇ ਵੀ ਲਾਹੌਰ, ਅੰਮ੍ਰਿਤਸਰ, ਪਿਸ਼ਾਵਰ ਆਦਿ ਥਾਵਾਂ 'ਤੇ ਸਿੱਖ ਸੈਨਿਕ ਬੈਠੇ ਸਨ। ਜੇਕਰ ਅੰਗਰੇਜ਼ ਉਸ ਸਮੇਂ ਪੰਜਾਬ ਉੱਤੇ ਕਬਜ਼ਾ ਕਰ ਲੈਂਦੇ ਤਾਂ ਸਿੱਖਾਂ ਨੂੰ ਉਹਨਾਂ ਸੈਨਿਕਾਂ ਦਾ ਫਿਰ ਟਾਕਰਾ ਕਰਨਾ ਪੈਣਾ ਸੀ।

(ii) ਪੰਜਾਬ ਵਿੱਚ ਸ਼ਾਂਤੀ ਦੀ ਵਿਵਸਥਾ ਸ਼ਤਾਪਤ ਕਰਨ ਲਈ ਆਮਦਨ ਤੋਂ ਵੱਧ ਖਰਚ ਕਰਨਾ ਪੈਣਾ ਸੀ। ਇਸ ਲਈ ਹਾਰਡਿੰਗ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਕੇ ਖਰਚਾ ਨਹੀਂ ਸੀ ਵਧਾਉਣਾ ਚਾਹੁੰਦਾ।

(iii) ਅਫਗਾਨਿਸਤਾਨ ਅਤੇ ਬ੍ਰਿਟਿਸ਼ ਰਾਜ ਵਿਚਕਾਰ ਸਿੱਖ ਰਾਜ ਦਾ ਇੱਕ ਰੋਕ ਵਜੋਂ ਹੋਣਾ ਬਹੁਤ ਜ਼ਰੂਰੀ ਸੀ। ਇਸੇ ਲਈ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਨਹੀਂ ਕੀਤਾ।

(iv) ਲਾਰਡ ਹਾਰਡਿੰਗ ਪੰਜਾਬੀਆਂ ਨਾਲ਼ ਇੱਕ ਅਜਿਹੀ ਸੰਧੀ ਕਰਨਾ ਚਾਹੁੰਦੀ ਸੀ, ਜਿਸ ਨਾਲ ਪੰਜਾਬ ਕਮਜ਼ੋਰ ਪੈ ਜਾਵੇ। ਫਿਰ ਉਹ ਜਦੋਂ ਵੀ ਚਾਹੁਣ ਪੰਜਾਬ ਉੱਤੇ ਕਬਜ਼ਾ ਕਰ ਲੈਣ। ਇਸ ਲਈ ਉਹਨਾਂ ਨੇ ਲਾਹੌਰ ਸਰਕਾਰ ਨਾਲ ਕੇਵਲ ਸੰਧੀ ਹੀ ਕੀਤੀ।

## ਅੰਗਰੇਜ਼ਾਂ ਅਤੇ ਸਿੱਖਾਂ ਦਾ ਦੂਜਾ ਯੁੱਧ 1848-1849 ਈ:
## (The Second Anglo-Sikh War, 1848-1849 A.D.)

1848–49 ਈ: ਵਿੱਚ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਦੂਸਰਾ ਯੁੱਧ ਸ਼ੁਰੂ ਹੋਇਆ। ਉਸ ਦੇ ਹੇਠ ਲਿਖੇ ਕਾਰਨ ਸਨ—

**ਪਹਿਲੇ ਐਂਗਲੋ-ਸਿੱਖ ਯੁੱਧ ਪਿੱਛੋਂ ਸਿੱਖਾਂ ਵਿੱਚ ਅਸੰਤੋਸ਼ (Dissatisfaction among the Sikhs after the First Anglo-Sikh War):-** ਪਹਿਲੇ ਐਂਗਲੋ–ਸਿੱਖ ਯੁੱਧ ਵਿੱਚ ਲਾਲ ਸਿੰਘ ਅਤੇ ਤੇਜ ਸਿੰਘ ਵਿਸ਼ਵਾਸਘਾਤੀ ਆਗੂਆਂ ਕਾਰਨ ਸਿੱਖ ਹਾਰ ਗਏ ਸਨ। ਯੁੱਧ ਪਿੱਛੋਂ ਹੋਈਆਂ ਲਾਹੌਰ ਦੀਆਂ ਸੰਧੀਆਂ ਅਨੁਸਾਰ ਅੰਗਰੇਜ਼ਾਂ ਨੇ ਲਾਹੌਰ ਰਾਜ ਤੋਂ ਜੰਮੂ–ਕਸ਼ਮੀਰ, ਹਜ਼ਾਰਾ, ਕਾਂਗੜਾ ਆਦਿ ਪਹਾੜੀ ਇਲਾਕਿਆਂ ਨੂੰ ਵੱਖ ਕਰ ਦਿੱਤਾ ਸੀ। ਸਿੱਖ ਸੈਨਾ ਦੀ ਗਿਣਤੀ ਘਟਾ ਦਿੱਤੀ ਗਈ। ਇੱਕ ਬ੍ਰਿਟਿਸ਼ ਸੈਨਾ ਲਾਹੌਰ ਵਿੱਚ ਰੱਖੀ ਗਈ। ਮਹਾਰਾਣੀ ਜਿੰਦਾਂ ਨੂੰ ਰਾਜਨੀਤਿਕ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਬ੍ਰਿਟਿਸ਼ ਰੈਜ਼ੀਡੈਂਟ ਨੇ ਅੰਗਰੇਜ਼ ਲੋਕਾਂ ਨੂੰ ਉਚੀਆਂ ਪਦਵੀਆਂ 'ਤੇ ਲਾਉਣਾ ਸ਼ੁਰੂ ਕਰ ਦਿੱਤਾ। ਦੇਸ਼–ਭਗਤ ਸਿੰਘ ਭੈਰੋਵਾਲ ਸੰਧੀ ਦੀਆਂ ਅਪਮਾਨ–ਜਨਕ ਸ਼ਰਤਾਂ ਨੂੰ ਸਹਾਰ ਨਾ ਸਕੇ।

**ਗਊ ਸਬੰਧੀ ਝਗੜਾ (The Cow Row):-** 21 ਅਪ੍ਰੈਲ, 1846 ਈ: ਨੂੰ ਇੱਕ ਯੂਰਪੀਅਨ ਤੋਪਚੀ ਦਾ ਰਸਤਾ ਗਊਆਂ ਦੇ ਵੱਗ ਨੇ ਰੋਕ ਲਿਆ। ਉਸ ਸੈਨਿਕ ਨੇ ਗਊਆਂ ਉੱਤੇ ਤਲਵਾਰ ਚਲਾ ਦਿੱਤੀ। ਇਹ ਖਬਰ ਸੁਣ ਕੇ ਹਿੰਦੂ ਅਤੇ ਸਿੱਖ ਭੜਕ ਉੱਠੇ। ਬ੍ਰਿਟਿਸ਼ ਰੈਜੀਡੈਂਟ, ਹੈਨਰੀ ਲਾਰੈਂਸ ਲੋਕਾਂ ਨੂੰ ਸਮਝਾਉਣ ਲਈ ਸ਼ਹਿਰ ਵਿੱਚ ਗਿਆ। ਲੋਕਾਂ ਨੇ ਘਰਾਂ ਦੀਆਂ ਛੱਤਾਂ ਤੋਂ ਉਹਨਾਂ ਉੱਤੇ ਇੱਟਾਂ ਸੁੱਟੀਆਂ। ਸਿੱਟੇ ਵਜੋਂ ਲਾਰੰਸ ਨੇ ਇੱਕ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦਿੱਤੀ। ਦੋ–ਬੰਦਿਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਜਿਨ੍ਹਾਂ ਘਰਾਂ ਦੀਆਂ ਛੱਤਾਂ ਤੋਂ ਇੱਟਾਂ ਸੁੱਟੀਆਂ ਗਈਆਂ ਸਨ। ਢਾਹ–ਢੇਰੀ ਕਰਵਾ ਦਿੱਤੇ ਗਏ। ਇਸ ਨਾਲ ਸੁਭਾਵਿਕ ਹੀ ਪੰਜਾਬੀ ਲੋਕ ਅੰਗਰੇਜ਼ਾਂ ਦੇ ਖ਼ਿਲਾਫ ਹੋ ਗਏ।

**ਸਿੱਖ ਸੈਨਿਕਾਂ ਦੀ ਗਿਣਤੀ ਅਤੇ ਤਨਖਾਹ ਘਟਾਉਣਾ (Retrenchment in the Sikh Army):-** ਪਹਿਲੇ ਐਂਗਲੋ–ਸਿੱਖ ਯੁੱਧ ਪਿੱਛੋਂ ਲਾਹੌਰ ਦੀ ਸੰਧੀ (ਪਹਿਲੀ) ਅਨੁਸਾਰ ਸਿੱਖ ਸੈਨਾ ਦੀ ਸੰਖਿਆ 20,000 ਪੈਦਲ ਅਤੇ 12,000 ਘੋੜਸਵਾਰ ਰਹਿਣ ਦਿੱਤੀ ਸੀ। ਲਾਹੌਰ ਵਿਖੇ ਰਹਿਣ ਵਾਲੀ ਅੰਗਰੇਜ਼ ਸੈਨਾ ਦੇ ਖਰਚ ਵਜੋਂ 22 ਲੱਖ ਰੁਪਏ ਸਾਲਾਨਾ ਬ੍ਰਿਟਿਸ਼ ਸਰਕਾਰ ਨੂੰ ਦੇਣੇ ਸਨ। ਇਸ ਖਰਚ ਨੂੰ ਘਟਾਉਣ ਲਈ ਸਿੱਖ ਸੈਨਿਕਾਂ ਦੀਆਂ ਤਨਖਾਹਾਂ ਘਟਾ ਦਿੱਤੀਆਂ ਗਈਆਂ। ਇਸ ਲਈ ਸਿੱਖ ਸੈਨਿਕ ਅੰਗਰੇਜ਼ਾਂ ਦੇ ਖਿਲਾਫ਼ ਭੜਕ ਉੱਠੇ ਸਨ।

**ਮਹਾਰਾਣੀ ਜਿੰਦਾ ਨਾਲ਼ ਭੈੜਾ ਸਲੂਕ (Maltreatment with Meharani Jindan):-** ਭੈਰੋਵਾਲ ਦੀ ਸੰਧੀ ਨਾਲ਼ ਮਹਾਰਾਣੀ ਜਿੰਦਾਂ ਨੂੰ ਰਾਜਨੀਤਿਕ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਉਸ

ਨੂੰ ਗਲਤ ਢੰਗ ਨਾਲ਼ ਕੈਦ ਕਰ ਲਿਆ ਗਿਆ ਸੀ। 20 ਅਗਸਤ 1846 ਈ: ਨੂੰ ਉਸ ਨੂੰ ਸ਼ੇਖ਼ੂਪੁਰਾ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ। ਉਸ ਦੀ ਪੈਨਸ਼ਨ 1,50,000 ਰੁਪਏ ਤੋਂ ਘਟਾ ਕੇ 48,000 ਰੁਪਏ ਕਰ ਦਿੱਤੀ ਗਈ। ਫਿਰ ਉਸ ਨੂੰ ਦੇਸ਼ ਨਿਕਾਲਾ ਕਰ ਕੇ ਬਨਾਰਸ ਭੇਜ ਦਿੱਤਾ ਗਿਆ। ਸਿੱਟੇ ਵਜੋਂ ਪੰਜਾਬ ਦੇ ਦੇਸ਼ ਭਗਤ ਸਰਦਾਰਾਂ ਦੀਆਂ ਭਾਵਨਾਵਾਂ ਅੰਗਰੇਜ਼ਾਂ ਦੇ ਖਿਲਾਫ ਭੜਕ ਉੱਠੀਆਂ ਸਨ।

**ਡਲਹੌਜ਼ੀ ਅਤੇ ਕੱਰੀ ਦੀ ਪੰਜਾਬ ਉੱਤੇ ਅਧਿਕਾਰ ਕਰਨ ਦੀ ਵਿਉਂਤ (Plan of Dalhousie and Currie to Annex the Punab):-** ਜਨਵਰੀ 1848 ਈ: ਵਿੱਚ ਲਾਰਡ ਡਲਹੌਜ਼ੀ ਭਾਰਤ ਦਾ ਗਵਰਨਰ-ਜਨਰਲ ਬਣਿਆ। ਉਸ ਨੇ ਸਭ ਤੋਂ ਪਹਿਲਾਂ ਪੰਜਾਬ ਉੱਤੇ ਅਧਿਕਾਰ ਕਰਨ ਦੀ ਯੋਜਨਾ ਬਣਾਈ। ਉਸ ਸਮੇਂ ਫ਼ਰੈਡਰਿਕ ਕੱਰੀ ਲਾਹੌਰ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਨਿਯੁਕਤ ਹੋ ਚੁੱਕਾ ਸੀ। ਉਹ ਇੱਕ ਅਨੁਭਵੀ ਅਤੇ ਨਿਪੁੰਨ ਕੂਟਨੀਤੀਵੇਤਾ ਸੀ। ਡਲਹੌਜ਼ੀ ਅਤੇ ਕੱਰੀ ਦੋਹਾਂ ਨੇ ਮਿਲ ਕੇ ਯੋਜਨਾ ਬਣਾਈ ਕਿ ਸਿੱਖਾਂ ਨਾਲ਼ ਕਿਸੇ ਬਹਾਨੇ ਲੜਾਈ ਕੀਤੀ ਜਾਵੇ।

**ਮੁਲਤਾਨ ਦੇ ਮੂਲਰਾਜ ਦਾ ਵਿਦਰੋਹ (Revolt of Mul Raj of Multan):-** ਮੁਲਤਾਨ ਦੇ ਨਾਜ਼ਮ ਦੀਵਾਨ ਸਾਵਣ ਮੱਲ ਦੀ ਮੌਤ ਮਗਰੋਂ ਉਸ ਦੇ ਪੁੱਤਰ ਦੀਵਾਨ ਮੂਲ ਰਾਜ ਨੂੰ ਮੁਲਤਾਨ ਦਾ ਨਾਜਿਮ ਨਿਯੁਕਤ ਕਰ ਦਿੱਤਾ ਗਿਆ। ਬ੍ਰਿਟਿਸ਼ ਰੈਜੀਡੈਂਟ ਨੇ ਮੂਲ ਰਾਜ ਨੂੰ ਮੁਲਤਾਨ ਦਾ ਨਾਜ਼ਿਮ ਸਵੀਕਾਰ ਕਰ ਲਿਆ। ਉਸ ਨੇ ਉਸ ਦੀ ਵਾਰਸ਼ਿਕ ਧਨ ਰਾਸ਼ੀ 20 ਲੱਖ ਤੋਂ ਵਧਾ ਕੇ 30 ਲੱਖ ਕਰ ਦਿੱਤੀ। ਉਸ ਨੇ ਬ੍ਰਿਟਿਸ਼ ਰੈਜ਼ੀਡੈਂਟ ਕੋਲ ਧਨ ਰਾਸ਼ੀ ਘੱਟ ਕਰਨ ਦੀ ਬੇਨਤੀ ਕੀਤੀ। ਜਦ ਉਸ ਦੀ ਪ੍ਰਾਰਥਨਾ ਰੱਦ ਕਰ ਦਿੱਤੀ ਗਈ ਤਾਂ ਮੂਲ ਰਾਜ ਨੇ ਅਸਤੀਫਾ ਦੇ ਦਿੱਤਾ। ਬ੍ਰਿਟਿਸ਼ ਰੈਜੀਡੈਂਟ ਫਰੈਡਰਿਕ ਕੱਰੀ ਨੇ ਉਸ ਦੀ ਥਾਂ ਤੇ ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਨਾਜ਼ਮ ਨਿਯੁਕਤ ਕਰ ਦਿੱਤਾ।

ਦੀਵਾਨ ਮੂਲ ਰਾਜ ਤੋਂ ਚਾਰਜ ਲੈਣ ਲਈ ਕਾਹਨ ਸਿੰਘ, ਐੱਗਨਿਓ ਅਤੇ ਐਂਡਰਸਨ ਮੁਲਤਾਨ ਗਏ। ਉੱਥੇ ਉਹ ਈਦਗਾਹ ਵਿੱਚ ਠਹਿਰੇ। ਜਦੋਂ ਉਹ ਮੂਲ ਰਾਜ ਤੋਂ ਚਾਰਜ ਲੈ ਕੇ ਈਦਗਾਹ ਜਾ ਰਹੇ ਸਨ ਤਾਂ ਮੁਲਤਾਨ ਦੇ ਸੈਨਿਕਾਂ ਨੇ ਅੰਗਰੇਜ਼ ਅਫ਼ਸਰਾਂ ਉੱਤੇ ਹਮਲਾ ਕਰ ਕੇ ਉਹਨਾਂ ਨੂੰ ਮਾਰ ਦਿੱਤਾ। ਉਹਨਾਂ ਨੇ ਆਪਣੇ ਹਰਮਨ ਪਿਆਰੇ ਦੀਵਾਨ ਮੂਲ ਰਾਜ ਨੂੰ ਅੰਗਰੇਜ਼ਾਂ ਦੇ ਖਿਲਾਫ ਬਗਾਵਤ ਕਰਨ ਲਈ ਉਕਸਾਇਆ। ਇਸ ਬਗਾਵਤ ਨੇ ਅੰਗਰੇਜ਼ਾਂ ਨੂੰ ਸਿੱਖਾਂ ਨਾਲ਼ ਲੜਾਈ ਕਰਨ ਦਾ ਮੌਕਾ ਦੇ ਦਿੱਤਾ।

**ਮਹਾਰਾਣੀ ਜਿੰਦਾਂ ਨੂੰ ਦੇਸ਼ ਨਿਕਾਲਾ (Exile of Maharani Jindan):-** ਅਗਸਤ 1847 ਈ: ਵਿੱਚ ਮਹਾਰਾਣੀ ਜਿੰਦਾਂ ਨੂੰ ਲਾਹੌਰ ਤੋਂ ਸ਼ੇਖ਼ੂਪੁਰਾ ਭੇਜ ਦਿੱਤਾ ਗਿਆ। ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਦਾ ਇਲਜ਼ਾਮ ਲਾ ਕੇ ਫਿਰ ਉਸ ਨੂੰ ਬਨਾਰਸ ਭੇਜ ਦਿੱਤਾ ਗਿਆ। ਉਸ ਦੀ ਵਾਰਸ਼ਿਕ ਪੈਨਸ਼ਨ ਘਟਾ ਕੇ 12,000 ਹਜ਼ਾਰ ਕਰ ਦਿੱਤੀ ਗਈ। ਜਿਸ ਕਾਰਨ ਪੰਜਾਬ ਦੇ ਲੋਕ ਅਸੰਤੁਸ਼ਟ ਹੋ ਗਏ।

**ਭਾਈ ਮਹਾਰਾਜ ਸਿੰਘ ਦੀ ਬਗਾਵਤ (Revolt of Bhai Maharaj Singh):-** ਭਾਈ ਮਹਾਰਾਜ ਸਿੰਘ ਨੌਰੰਗਾਬਾਦ ਦੇ ਸੰਤ ਭਾਈ ਬੀਰ ਸਿੰਘ ਦਾ ਚੇਲਾ ਸੀ। ਉਸ ਨੇ 'ਸਰਕਾਰ-ਏ-ਖਾਲਸਾ' ਨੂੰ ਬਚਾਉਣ ਲਈ ਅੰਗਰੇਜ਼ਾਂ ਵਿਰੁੱਧ ਬਗਾਵਤ ਕੀਤੀ। ਪਤਾ ਲੱਗਣ 'ਤੇ ਬ੍ਰਿਟਿਸ਼ ਰੈਜੀਡੈਂਟ ਹੈਨਰੀ ਲਾਰੈਂਸ ਨੇ ਉਸ ਨੂੰ ਕੈਦ ਕਰਨ ਦਾ ਹੁਕਮ ਦਿੱਤਾ। ਪਰ ਮਹਾਰਾਜ ਸਿੰਘ ਫੜਿਆ ਨਾ ਗਿਆ। ਮੂਲ ਰਾਜ ਦੀ ਬਗਾਵਤ ਅਤੇ ਮਹਾਰਾਣੀ ਜਿੰਦਾਂ ਦੇ ਦੇਸ ਨਿਕਾਲੇ ਤੋਂ ਬਾਅਦ ਉਸ ਨੇ ਆਪਣੇ ਅਧੀਨ ਸੈਂਕੜੇ ਲੋਕ ਇੱਕਠੇ ਕਰ ਲਏ। ਮੂਲ ਰਾਜ ਦੀ ਪ੍ਰਾਰਥਨਾ 'ਤੇ ਉਹ ਉਸ ਦੀ ਸਹਾਇਤਾ ਕਰਨ ਲਈ 400 ਘੋੜਸਵਾਰਾਂ ਨਾਲ ਮੁਲਤਾਨ ਵੱਲ ਚੱਲਿਆ। ਥੋੜ੍ਹੇ ਸਮੇਂ ਬਾਅਦ ਕਿਸੇ ਅਣਬਣ ਕਾਰਨ ਉਸ ਮੂਲ ਰਾਜ ਨੂੰ ਛੱਡ ਕੇ ਚਤਰ ਸਿੰਘ ਅਟਾਰੀਵਾਲਾ ਅਤੇ ਉਸ ਦੇ ਪੁੱਤਰ ਸ਼ੇਰ ਸਿੰਘ ਨਾਲ ਜਾ ਰਲਿਆ।

**ਹਜ਼ਾਰਾ ਤੇ ਚਤਰ ਸਿੰਘ ਦੀ ਬਗਾਵਤ (Revolt of Chattar Singh of Hazara):-** ਚਤਰ ਸਿੰਘ ਅਟਾਰੀਵਾਲਾ ਨੂੰ ਹਜ਼ਾਰਾ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। ਉਸ ਦੀ ਸਹਾਇਤਾ ਲਈ

ਕੈਪਟਨ ਐਬਟ ਨੂੰ ਨਿਯੁਕਤ ਕੀਤਾ ਗਿਆ ਸੀ। ਐਬਟ ਦੇ ਅਭਿਮਾਨ ਭਰੇ ਵਤੀਰੇ ਕਾਰਨ ਚਤਰ ਸਿੰਘ ਨੂੰ ਅੰਗਰੇਜ਼ਾਂ ਪ੍ਰਤੀ ਸ਼ੱਕ ਪੈਦਾ ਹੋ ਗਿਆ ਸੀ। ਛੇਤੀ ਹੀ ਕੈਪਟਨ ਐਬਟ ਨੇ ਚਤਰ ਸਿੰਘ 'ਤੇ ਇਲਜ਼ਾਮ ਲਾਇਆ ਕਿ ਉਸ ਦੀਆਂ ਸੈਨਾਵਾਂ ਮੁਲਤਾਨ ਦੇ ਵਿਦਰੋਹੀਆਂ ਨਾਲ ਮਿਲ ਗਈਆਂ ਹਨ। ਇਸ 'ਤੇ ਚਤਰ ਸਿੰਘ ਨੇ ਅੰਗਰੇਜ਼ਾਂ ਦੇ ਵਿਰੁੱਧ ਬਗਾਵਤ ਕਰ ਦਿੱਤੀ।

**ਸ਼ੇਰ ਸਿੰਘ ਦੀ ਬਗਾਵਤ (Revolt of Sher Singh):-** ਜਦੋਂ ਸ਼ੇਰ ਸਿੰਘ ਨੂੰ ਪਤਾ ਲੱਗਾ ਕਿ ਉਸ ਦੇ ਪਿਤਾ ਨੂੰ ਹਜ਼ਾਰਾ ਦੇ ਨਾਜ਼ਿਮ ਦੀ ਪਦਵੀ ਤੋਂ ਹਟਾ ਦਿੱਤਾ ਗਿਆ ਹੈ ਅਤੇ ਉਸ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਵੀ ਖੜਾ ਕਰ ਦਿੱਤਾ ਹੈ, ਤਾਂ ਉਹ ਆਪਣੇ ਸੈਨਿਕਾਂ ਸਮੇਤ ਮੂਲ ਰਾਜ ਅਧੀਨ ਵਿਦਰੋਹੀਆਂ ਨਾਲ਼ ਜਾ ਮਿਲਿਆ। ਸ਼ੇਰ ਸਿੰਘ ਨੇ ਇੱਕ ਐਲਾਨ ਰਾਹੀਂ 'ਸਭ ਚੰਗੇ ਸਿੱਖਾਂ' ਨੂੰ ਅਪੀਲ ਕੀਤੀ ਕਿ 'ਅਤਿਆਚਾਰੀ ਅਤੇ ਧੋਖੇਬਾਜ਼ ਫ਼ਰੰਗੀਆਂ' ਪੰਜਾਬ ਤੋਂ ਬਾਹਰ ਕੱਢਿਆ ਜਾਵੇ। ਉਸ ਅਪੀਲ ਸਦਕਾ ਬਹੁਤ ਸਾਰੇ ਪੁਰਾਣੇ ਸੈਨਿਕ ਅੰਗਰੇਜ਼ਾਂ ਵਿਰੁੱਧ ਬਗਾਵਤ ਵਿੱਚ ਸ਼ਾਮਲ ਹੋ ਗਏ।

**ਪੰਜਾਬ ਉੱਤੇ ਅੰਗਰੇਜ਼ਾਂ ਦਾ ਹਮਲਾ (British invasion on the Punjab):-** ਮੂਲ ਰਾਜ, ਚਤਰ ਸਿੰਘ ਅਤੇ ਸ਼ੇਰ ਸਿੰਘ ਦੀਆਂ ਬਗਾਵਤਾਂ ਨੇ ਲਾਰਡ ਡਲਹੌਜ਼ੀ ਨੂੰ ਆਪਣੀ ਯੋਜਨਾ ਨੂੰ ਅਮਲੀ ਰੂਪ ਦੇਣ ਦਾ ਮੌਕਾ ਦਿੱਤਾ। ਡਲਹੌਜ਼ੀ ਦੇ ਹੁਕਮ ਉੱਤੇ ਹਿਊਗ ਗਫ਼ (Hugh Gough) ਦੀ ਅਗਵਾਈ ਵਿੱਚ ਅੰਗਰੇਜ਼ ਸੈਨਾ ਨੇ 9 ਨਵੰਬਰ, 1848 ਈ: ਨੂੰ ਸਤਲੁਜ ਦਰਿਆ ਨੂੰ ਪਾਰ ਕੀਤਾ। 13 ਨਵੰਬਰ ਨੂੰ ਇਹ ਸੈਨਾ ਲਾਹੌਰ ਪਹੁੰਚ ਗਈ। ਨਾਲ਼ ਦੀ ਨਾਲ਼ ਉਹ ਸੈਨਾ ਵਿਦਰੋਹੀਆਂ ਨਾਲ਼ ਉਲਝ ਗਈ।

## ਘਟਨਾਵਾਂ (Events)


**ਰਾਮ ਨਗਰ ਦੀ ਲੜਾਈ, 22 ਨਵੰਬਰ, 1848 ਈ: (The Battle of Ram Nagar, 22 November, 1848 A.D.):-** ਸ਼ੇਰ ਸਿੰਘ ਅਟਾਰੀਵਾਲਾ ਦੀ ਸੈਨਾ ਦਰਿਆ ਚਨਾਬ ਦੇ ਸੱਜੇ ਕੰਢੇ ਉੱਤੇ ਡੇਰਾ ਲਾਈ ਬੈਠੀ ਸੀ। 6 ਨਵੰਬਰ, 1848 ਈ: ਨੂੰ ਬ੍ਰਿਟਿਸ਼ ਸੈਨਾ ਨੇ ਲਾਰਡ ਹਿਊਗ ਗਫ਼ ਦੀ ਅਗਵਾਈ ਵਿੱਚ ਗਈ ਦਰਿਆ ਨੂੰ ਪਾਰ ਕੀਤਾ। 22 ਨਵੰਬਰ ਨੂੰ ਰਾਮ ਨਗਰ ਦੇ ਸਥਾਨ 'ਤੇ ਦੋਵਾਂ ਸੈਨਾਵਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਵਿੱਚ ਅੰਗਰੇਜ਼ਾਂ ਨੂੰ ਹਾਰ ਹੋਈ। ਉਹਨਾਂ ਦੇ ਦੋ ਪ੍ਰਸਿੱਧ ਸੈਨਾ ਨਾਇਕ ਵੀ ਮਾਰੇ ਗਏ।

**ਚੇਲੀਆਂਵਾਲ਼ਾ ਦੀ ਲੜਾਈ, 13 ਜਨਵਰੀ 1849 ਈ: (Battle of Chillianwala, 13 January 1849 A.D.):-** ਜਨਵਰੀ, 1849 ਈ: ਦੇ ਪਹਿਲੇ ਹਫ਼ਤੇ ਲਾਰਡ ਗਫ਼ ਨੂੰ ਸਮਾਚਾਰ ਮਿਲਿਆ ਕਿ ਚਤਰ ਸਿੰਘ ਨੇ ਅਟਕ ਉੱਤੇ ਕਬਜ਼ਾ ਕਰ ਲਿਆ ਹੈ। ਇਸ ਲਈ ਉਹ 12 ਜਨਵਰੀ ਨੂੰ ਆਪਣੀ ਸੈਨਾ ਸਹਿਤ ਸਿੱਖਾਂ ਦੇ ਮੋਚੇ ਤੋਂ 12–13 ਕਿਲੋਮੀਟਰ ਦੂਰ ਡਿੰਘੀ (Dinghi) ਨਾਮੀ ਸਥਾਨ 'ਤੇ ਪਹੁੰਚ ਗਿਆ। 13 ਜਨਵਰੀ ਨੂੰ ਗਫ਼ ਦੇ ਹੁਕਮ ਨਾਲ਼ ਅੰਗਰੇਜ਼ਾਂ ਨੇ ਸਿੱਖ ਸੈਨਾ ਉੱਤੇ ਧਾਵਾ ਬੋਲ ਦਿੱਤਾ। ਸ਼ਾਮ ਵੇਲੇ ਤਿੰਨ ਘੰਟਿਆਂ ਤੱਕ ਘਮਸਾਮ ਦੀ ਲੜਾਈ ਹੋਈ। ਸਿੱਖਾਂ ਨੇ ਅੰਗਰੇਜ਼ਾਂ ਨੂੰ ਬੜਾ ਹੀ ਨੁਕਸਾਨ ਪਹੁੰਚਾਇਆ। ਸਿੱਟੇ ਵਜੋਂ ਪ੍ਰਧਾਨ ਸੈਨਾਪਤੀ ਹਿਊਗ ਗਫ਼ ਦੀ ਥਾਂ ਸਰ ਚਾਰਲਸ ਨੇਪੀਅਰ (Sir Charles Napier) ਨੂੰ ਪ੍ਰਧਾਨ ਸੈਨਾਪਤੀ ਨਿਯੁਕਤ ਕੀਤਾ ਗਿਆ।

**ਅੰਗਰੇਜ਼ਾਂ ਦਾ ਮੁਲਤਾਨ ਉੱਤੇ ਕਬਜ਼ਾ 22 ਜਨਵਰੀ, 1849—** ਮੂਲ ਰਾਜ ਦੀ ਅਗਵਾਈ ਵਿੱਚ ਮੁਲਤਾਨ ਦੇ ਵਿਦਰੋਹੀਆਂ ਨੇ ਅੰਗਰੇਜ਼ ਸੈਨਾ ਦਾ ਮੁਕਾਬਲਾ ਕੀਤਾ। 30 ਦਸੰਬਰ ਨੂੰ ਅੰਗਰੇਜ਼ ਸੈਨਾ ਦੁਆਰਾ ਕਿਲ੍ਹੇ ਵਿੱਚ ਸੁੱਟਿਆ ਇੱਕ ਗੋਲਾ ਵਿਦਰੋਹੀਆਂ ਲਈ ਮਾਰੂ ਸਾਬਤ ਹੋਇਆ। ਉਸ ਗੋਲੇ ਨਾਲ਼ ਮੂਲ ਰਾਜ਼ ਦਾ ਚਾਰ ਲੱਖ ਪੌਂਡ ਬਾਰੂਦ ਫੱਟ ਕੇ ਨਸ਼ਟ ਹੋ ਗਿਆ। ਉਸ ਨਾਲ ਵਿਦਰੋਹੀਆਂ ਦੇ 500 ਤੋਂ ਵੱਧ ਸੈਨਿਕ ਵੀ ਮਾਰੇ ਗਏ। ਇਸ ਲਈ ਮਜ਼ਬੂਰ ਹੋ ਕੇ ਮੂਲ ਰਾਜ ਨੇ 22 ਜਨਵਰੀ ਨੂੰ ਜਨਰਲ ਵਿਸ਼ (General Wish) ਦੇ ਅੱਗੇ ਹਥਿਆਰ ਸੁੱਟ ਦਿੱਤੇ।

**ਗੁਜਰਾਤ ਦੀ ਲੜਾਈ, 21 ਫਰਵਰੀ, 1849 ਈ: (Battle of Gujarat, 21 February, 1849 A.D.):-** ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਲੜਾਈ ਗੁਜਰਾਤ ਵਿੱਚ ਲੜੀ ਗਈ। ਇਸ ਲੜਾਈ

## 1947 ਤੋਂ ਪਹਿਲਾਂ ਦਾ ਪੰਜਾਬ
## ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ (1848-49)



ਤੋਂ ਪਹਿਲਾਂ ਚਤਰ ਸਿੰਘ ਅਤੇ ਸ਼ੇਰ ਸਿੰਘ ਇੱਕਠੇ ਹੋਏ ਸਨ। ਮਹਾਰਾਜ ਸਿੰਘ ਨੇ ਵੀ ਅਟਾਰੀਵਾਂਲੇ ਸਰਦਾਰਾਂ ਦਾ ਸਾਥ ਦਿੱਤਾ। ਅਫਗਾਨਿਸਤਾਨ ਦੇ ਹਾਕਮ ਦੋਸਤ ਮੁਹੰਮਦ ਨੇ ਵੀ ਸਿੱਖਾਂ ਦਾ ਸਾਥ ਦਿੱਤਾ।

21 ਫਰਵਰੀ 1849 ਈ: ਨੂੰ ਸਵੇਰੇ ਸਾਢੇ ਸੱਤ ਵਜੇ ਚਨਾਬ ਦਰਿਆ ਦੇ ਕੰਢੇ ਗੁਜਰਾਤ ਵਿਖੇ ਦੋਹਾਂ ਧਿਰਾਂ ਵਿਚਕਾਰ ਲੜਾਈ ਸ਼ੁਰੂ ਹੋਈ। ਇੱਕ ਘੰਟੇ ਦੀ ਗੋਲਾਬਾਰੀ ਪਿੱਛੋਂ ਸਿੱਖਾਂ ਦਾ ਗੋਲਾ ਬਾਰੂਦ ਖਤਮ ਹੋ ਗਿਆ। ਪਰ ਫਿਰ ਵੀ ਸਿੱਖਾਂ ਨੇ ਬੜੀ ਬਹਾਦਰੀ ਨਾਲ਼ ਵੈਰੀ ਦਾ ਟਾਕਰਾ ਕੀਤਾ। ਵੈਰੀ ਦੀ ਭਾਰੀ ਸੰਖਿਆ ਕਾਰਨ ਸਿੱਖਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

## (ੲ) ਸਿੱਟਾ (Results)

**ਪੰਜਾਬ ਦਾ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕੀਤਾ ਜਾਣਾ, 29 ਮਾਰਚ 1849 ਈ: (Annexation of the Punjab 29 March, 1849 A.D.):-** ਦੂਜੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਉਪਰੰਤ 29 ਮਾਰਚ, 1849 ਈ: ਨੂੰ ਗਵਰਨਰ ਜਨਰਲ ਲਾਰਡ ਡਲਹੌਜ਼ੀ ਵੱਲੋਂ ਇੱਕ ਐਲਾਨ ਰਾਹੀਂ ਪੰਜਾਬ ਦੇ ਰਾਜ ਨੂੰ ਸਮਾਪਤ ਕਰ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਪੰਜਾਬ ਦੀ ਸਾਰੀ ਸੰਪਤੀ, ਸਮੇਤ ਕੋਹਿਨੂਰ ਹੀਰਾ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ। ਮਹਾਰਾਜਾ ਦਲੀਪ ਸਿੰਘ ਦੀ ਚਾਰ ਤੋਂ ਪੰਜ ਲੱਖ ਵਿਚਕਾਰ ਪੈਨਸ਼ਨ ਮੁਕੱਰਰ ਕਰ ਦਿੱਤੀ ਗਈ।

**ਮੂਲ ਰਾਜ ਅਤੇ ਮਹਾਰਾਜ ਦਲੀਪ ਸਿੰਘ ਨੂੰ ਕਾਲ਼ ਪਾਣੀ ਦੀ ਸਜਾ (Banishment of Mul Raj and Maharaj Singh):-** ਮੂਲ ਰਾਜ ਨੂੰ ਐਗਨਿਉ ਅਤੇ ਐਂਡਰਸਨ ਨਾਮੀ ਅੰਗਰੇਜ਼ ਅਫਸਰਾਂ ਦੇ ਕਤਲ ਵਿੱਚ ਹੱਥ ਹੋਣ ਦੇ ਜ਼ੁਰਮ ਵਿੱਚ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। 29 ਦਸੰਬਰ 1849 ਈ: ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਵੀ ਕੈਦ ਕਰ ਲਿਆ ਗਿਆ। ਉਸ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਸਿੰਘਾਪੁਰ ਭੇਜ ਦਿੱਤਾ ਗਿਆ।

**ਖਾਲਸਾ ਸੈਨਾ ਦਾ ਤੋੜ ਦਿੱਤਾ ਜਾਣਾ (Disbandment of the Khalsa Army):-** ਪਹਿਲੇ ਐਂਗਲੋ-ਸਿੱਖ ਯੁੱਧ ਦੇ ਸਿੱਟੇ ਵਜੋਂ ਸਿੱਖ ਸੈਨਾ ਦੀ ਗਿਣਤੀ ਘਟਾ ਦਿੱਤੀ ਗਈ ਸੀ। ਦੂਜੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਪਿੱਛੋਂ ਖਾਲਸਾ ਸੈਨਾ ਨੂੰ ਤੋੜ ਦਿੱਤਾ ਗਿਆ। ਸਿੱਖ ਸੈਨਿਕ ਨੂੰ ਬੇਹਥਿਆਰ ਕਰ ਦਿੱਤਾ ਗਿਆ। ਨੌਕਰੀ ਤੋਂ ਹਟੇ ਸਿੱਖ ਸੈਨਿਕਾਂ ਨੂੰ ਬ੍ਰਿਟਿਸ਼ ਸੈਨਾ ਵਿੱਚ ਭਰਤੀ ਕਰ ਲਿਆ ਗਿਆ।

**ਪ੍ਰਮੁੱਖ ਸਰਦਾਰਾ ਦੀ ਸ਼ਕਤੀ ਨੂੰ ਦਬਾਉਣਾ (Supression of the Nobility):-** ਪੰਜਾਬ ਰਾਜ ਦੀ ਸਮਾਪਤੀ ਬਾਅਦ ਲਾਰਡ ਡਲਹੌਜ਼ੀ ਦੇ ਹੁਕਮ ਨਾਲ਼ ਜਾਨ ਲਾਰੈਂਸ ਨੇ ਪੰਜਾਬ ਦੇ ਚੀਫ ਕਮਿਸ਼ਨਰ ਦੇ ਰੂਪ ਵਿੱਚ ਪ੍ਰਮੁੱਖ ਸਰਦਾਰਾਂ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਕਈ ਕਾਰਵਾਈਆਂ ਕੀਤੀਆਂ। ਫਲਸਰੂਪ ਉਹ ਸਰਦਾਰ ਜਿਹੜੇ ਪਹਿਲਾਂ ਧਨੀ ਜ਼ਿੰਮੀਦਾਰ ਸਨ ਅਤੇ ਸਰਕਾਰ ਵਿੱਚ ਉੱਚੀਆਂ ਪਦਵੀਆਂ ਉੱਤੇ ਸਨ, ਹੁਣ ਸਧਾਰਣ ਲੋਕਾਂ ਦੇ ਬਰਾਬਰ ਹੋ ਗਏ।

**ਪੰਜਾਬ ਵਿੱਚ ਅੰਗਰੇਜ਼ ਅਫਸਰਾਂ ਦੀ ਨਿਯੁਕਤੀ (Appointment of British Officers in the Punjab):-** ਦੂਜੇ ਐਂਗਲੋ-ਸਿੱਖ ਯੁੱਧ ਦੇ ਸਿੱਟੇ ਵਜੋਂ ਰਾਜ ਪ੍ਰਬੰਧ ਦੀਆਂ ਉੱਚੀਆਂ ਪਦਵੀਆਂ ਉੱਤੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀ ਥਾਂ ਅੰਗਰੇਜ਼ਾਂ ਅਤੇ ਯੂਰਪੀਅਨਾਂ ਨੂੰ ਨਿਯੁਕਤ ਕੀਤਾ ਗਿਆ। ਉਹਨਾਂ ਨੂੰ ਭਾਰੀਆ ਤਨਖਾਹਾਂ ਅਤੇ ਭੱਤੇ ਵੀ ਦਿੱਤੇ ਗਏ।

**ਉੱਤਰੀ-ਪੱਛਮੀ ਹੱਦਾਂ ਨੂੰ ਸ਼ਕਤੀਸ਼ਾਲੀ ਬਨਾਉਣ ਲਈ ਕਾਰਵਾਈ (Strenthening of the North West Frontier):-** ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕਰਨ ਬਾਅਦ ਅੰਗਰੇਜ਼ਾਂ ਨੇ ਉੱਤਰੀ-ਪੱਛਮੀ ਸਰਹੱਦ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਸੜਕਾਂ ਅਤੇ ਛਾਉਣੀਆਂ ਦਾ ਨਿਰਮਾਣ ਕੀਤਾ। ਸੈਨਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਕਿਲ੍ਹਿਆਂ ਦੀ ਮੁਰੰਮਤ ਕੀਤੀ ਗਈ। ਕਈ ਨਵੇਂ ਕਿਲ੍ਹੇ ਵੀ ਉਸਾਰੇ ਗਏ। ਉੱਤਰੀ-ਪੱਛਮੀ ਕਬੀਲਿਆਂ ਨੂੰ ਕਾਬੂ ਵਿੱਚ ਰੱਖਣ ਲਈ ਵਿਸ਼ੇਸ਼ ਸੈਨਿਕ ਦਸਤੇ ਵੀ ਕਾਇਮ ਕੀਤੇ ਗਏ।

**ਪੰਜਾਬ ਦੇ ਰਾਜ ਪ੍ਰਬੰਧ ਦੀ ਪੁਨਰ ਵਿਵਸਥਾ (Reorganisation of Administration of the Punjab):-** ਪੰਜਾਬ ਉੱਤੇ ਅੰਗਰੇਜ਼ਾਂ ਦੇ ਅਧਿਕਾਰ ਪਿੱਛੋਂ ਪ੍ਰਸ਼ਾਸਨ ਸੰਮਤੀ **(Board of Administration)**

ਦੀ ਸਥਾਪਨਾ ਕੀਤੀ ਗਈ। ਉਸ ਦਾ ਪ੍ਰਧਾਨ ਹੈਨਰੀ ਲਾਰੈਂਸ ਸੀ। ਪ੍ਰਬੰਧਕ ਢਾਂਚੇ ਦਾ ਮੁੜ ਸੰਗਠਨ ਕੀਤਾ ਗਿਆ। ਨਿਆਂ ਪ੍ਰਣਾਲੀ, ਪੁਲਿਸ ਪ੍ਰਬੰਧ ਅਤੇ ਭੂਮੀ ਕਰ ਪ੍ਰਣਾਲੀ ਵਿੱਚ ਸੁਧਾਰ ਕੀਤੇ ਗਏ। ਸੜਕਾਂ ਅਤੇ ਨਹਿਰਾਂ ਦਾ ਨਿਰਮਾਣ ਕੀਤਾ ਗਿਆ। ਡਾਕ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ।

**ਪੰਜਾਬ ਦੀਆਂ ਦੇਸੀ ਰਿਆਸਤਾਂ ਨਾਲ਼ ਅੰਗਰੇਜ਼ਾਂ ਦੇ ਮਿੱਤਰਤਾਪੂਰਨ ਸਬੰਧ (Friendly Relations of British with the Native States of the Punjab):-** ਦੂਜੇ ਐਂਗਲੋ-ਸਿੱਖ ਯੁੱਧ ਦੇ ਦੌਰਾਨ ਪਟਿਆਲਾ, ਜੀਂਦ, ਨਾਭਾ, ਕਪੂਰਥਲਾ ਅਤੇ ਫਰੀਦਕੋਟ ਦੇ ਰਾਜਿਆਂ ਅਤੇ ਬਹਾਵਲਪੁਰ ਅਤੇ ਮਲੇਰਕੋਟਲਾ ਦੇ ਨਵਾਬਾਂ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਅੰਗਰੇਜ਼ਾਂ ਨੇ ਖੁਸ਼ ਹੋ ਕੇ ਇਹਨਾਂ ਵਿੱਚੋਂ ਕਈ ਦੇਸੀ ਹਾਕਮਾਂ ਨੂੰ ਇਨਾਮ ਦਿੱਤੇ। ਉਹਨਾਂ ਨੇ ਦੇਸੀ ਰਿਆਸਤਾਂ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕਰਨ ਦਾ ਵੀ ਫੈਸਲਾ ਕੀਤਾ।

## ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ
## (Annexation of the Punjab by the British)

ਪਹਿਲੇ ਐਂਗਲੋ-ਸਿੱਖ ਯੁੱਧ ਪਿੱਛੋਂ ਲਾਰਡ ਹਾਰਡਿੰਗ ਨੇ ਜਾਣ ਬੁੱਝ ਕੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕੀਤਾ। ਮਾਰਚ 1846 ਈ: ਵਿੱਚ ਲਾਹੌਰ ਦੀਆਂ ਸੰਧੀਆਂ ਰਾਹੀਂ ਅੰਗਰੇਜ਼ਾਂ ਨੇ ਲਾਹੌਰ ਰਾਜ ਕੋਲੋਂ ਦੁਆਬਾ ਬਿਸਤ-ਜਲੰਧਰ ਦੇ ਉਪਜਾਊ ਇਲਾਕੇ ਖੋਹ ਲਏ। ਖਾਲਸਾ ਸੈਨਾ ਦੀ ਸੰਖਿਆ ਘਟਾ ਦਿੱਤੀ ਗਈ। ਲਾਹੌਰ ਵਿੱਚ ਇੱਕ ਬ੍ਰਿਟਿਸ਼ ਸੈਨਾ ਰੱਖੀ ਗਈ।

ਦਸੰਬਰ 1846ਈ: ਵਿੱਚ ਲਾਰਡ ਹਾਰਡਿੰਗ ਨੇ ਲਾਹੌਰ ਰਾਜ ਨਾਲ਼ ਭੈਰੋਵਾਲ ਦੀ ਸੰਧੀ ਕੀਤੀ। ਇਸ ਸੰਧੀ ਰਾਹੀਂ ਮਹਾਰਾਣੀ ਜਿੰਦਾਂ ਨੂੰ ਰਾਜ ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਦੇ ਨਾਬਾਲਿਗ ਹੋਣ ਕਰਕੇ ਰਾਜ ਪ੍ਰਬੰਧ ਦਾ ਕੰਮ ਚਲਾਉਣ ਲਈ ਅੱਠ ਮੈਂਬਰਾਂ ਦੀ ਕੌਂਸਲ ਆਫ ਰੀਜੈਂਸੀ ਬਣਾ ਦਿੱਤੀ ਗਈ। ਉਸ ਕੌਂਸਲ ਉੱਤੇ ਇੱਕ ਬ੍ਰਿਟਿਸ਼ ਰੈਜ਼ੀਡੈਂਟ ਲਾ ਦਿੱਤਾ। ਉਸ ਨੂੰ ਅਨੇਕਾਂ ਪ੍ਰਬੰਧਕੀ ਅਧਿਕਾਰ ਦਿੱਤੇ ਗਏ। ਉਸ ਸੰਧੀ ਵਿੱਚ ਕਿਹਾ ਗਿਆ ਕਿ ਇਹ ਸੰਧੀ ਮਹਾਰਾਜਾ ਦਲੀਪ ਸਿੰਘ ਦੇ ਬਾਲਿਗ ਹੋਣ ਤੱਕ ਕਾਇਮ ਰਹੇਗੀ।

ਜਨਵਰੀ 1848 ਈ: ਵਿੱਚ ਲਾਰਡ ਹਾਰਡਿੰਗ ਦੀ ਥਾਂ ਲਾਰਡ ਡਲਹੌਜ਼ੀ ਭਾਰਤ ਦਾ ਗਵਰਨਰ ਜਨਰਲ ਬਣਿਆ। ਉਹ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਦਾ ਵਿਸਥਾਰ ਕਰਨ ਵਿੱਚ ਯਕੀਨ ਰੱਖਦਾ ਸੀ। ਸਭ ਤੋਂ ਪਹਿਲਾਂ ਉਸ ਨੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਉਣ ਦਾ ਫੈਸਲਾ ਕੀਤਾ। ਮੁਲਤਾਨ ਦੇ ਮੂਲ ਰਾਜ ਅਤੇ ਹਜ਼ਾਰਾ ਦੇ ਚਤਰ ਸਿੰਘ ਅਤੇ ਉਸ ਦੇ ਪੁੱਤਰ ਸ਼ੇਰ ਸਿੰਘ ਦੇ ਵਿਦਰੋਹਾਂ ਤੋਂ ਉਸ ਨੂੰ ਸਿੱਖਾਂ ਨਾਲ਼ ਯੁੱਧ ਕਰਨ ਦਾ ਬਹਾਨਾ ਮਿਲ ਗਿਆ। ਦੂਜੇ ਐਂਗਲ-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਪਿੱਛੋਂ ਪਹਿਲਾਂ ਹੀ ਮਿਥੀ ਆਪਣੀ ਨੀਤੀ ਨੂੰ ਅਮਲੀ ਰੂਪ ਦੇਣ ਦਾ ਕੰਮ ਵਿਦੇਸ਼ ਸਕੱਤਰ ਹਨੈਰੀ ਇਲੀਅਟ (Henry Elliot) ਨੂੰ ਸੌਂਪਿਆ। ਇਲੀਅਟ ਨੇ ਕੌਂਸਲ ਆਫ ਰੀਜੈਂਸੀ ਦੇ ਮੈਂਬਰਾਂ ਨਾਲ਼ ਗੱਲ ਬਾਤ ਕੀਤੀ। 29 ਮਾਰਚ, 1849 ਈ: ਮਹਾਰਾਜਾ ਦਲੀਪ ਸਿੰਘ ਅਤੇ ਕੌਂਸਲ ਆਫ਼ ਰੀਜੈਂਸੀ ਦੇ ਮੈਂਬਰਾ ਨੂੰ ਇੱਕ ਸੰਧੀ-ਪੱਤਰ ਉੱਤੇ ਹਸਤਾਖ਼ਰ ਕਰਨ ਲਈ ਮਜ਼ਬੂਰ ਕਰ ਦਿੱਤਾ। ਉਸ ਸੰਧੀ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਰਾਜਗੱਦੀ ਤੋਂ ਉਤਾਰ ਦਿੱਤਾ ਗਿਆ। ਪੰਜਾਬ ਦੀ ਸਾਰੀ ਸੰਪਤੀ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਕੋਹੇ ਨੂਰ ਹੀਰਾ ਇੰਗਲੈਂਡ ਦੀ ਮਹਾਰਾਣੀ (ਵਿਕਟੋਰੀਆ) ਕੋਲ ਭੇਜ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਦੀ 4 ਤੋਂ 5 ਲੱਖ ਤੱਕ ਸਾਲਾਨਾ ਪੈਨਸ਼ਨ ਕਰ ਦਿੱਤੀ ਗਈ। ਉਸੇ ਦਿਨ ਹੈਨਰੀ ਇਲੀਅਟ ਨੇ ਲਾਹੌਰ ਦਰਬਾਰ ਵਿੱਚ ਲਾਰਡ ਡਲਹੌਜ਼ੀ ਵੱਲੋਂ ਐਲਾਨ ਪੜ੍ਹ ਕੇ ਸੁਣਾਇਆ। ਉਸ ਐਲਾਨ ਵਿੱਚ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਉਣ ਨੂੰ ਉਚਿੱਤ ਦੱਸਿਆ ਗਿਆ।

## ਅਭਿਆਸ

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ/ਇੱਕ ਵਾਕ (1-15 ਸ਼ਬਦਾਂ) ਵਿੱਚ ਲਿਖੋ—**

1. ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਸ ਦਾ ਉੱਤਰਾਧਿਕਾਰੀ ਕੌਣ ਬਣਿਆ।
2. ਮੁਦਕੀ ਦੀ ਲੜਾਈ ਵਿੱਚ ਸਿੱਖਾਂ ਦੀ ਕਿਉਂ ਹਾਰ ਹੋਈ?
3. ਸਭਰਾਉਂ ਦੀ ਲੜਾਈ ਕਦੋਂ ਹੋਈ ਅਤੇ ਇਸ ਦਾ ਕੀ ਸਿੱਟ ਨਿਕਲਿਆ?
4. ਸੁਚੇਤ ਸਿੰਘ ਦੇ ਖਜ਼ਾਨੇ ਦਾ ਕੀ ਮਸਲਾ ਸੀ?
5. ਗਊਆਂ ਸਬੰਧੀ ਝਗੜੇ ਬਾਰੇ ਜਾਣਕਾਰੀ ਦਿਉ।
6. ਕੌਂਸਲ ਆਫ ਰੀਜੈਂਸੀ ਬਾਰੇ ਤੁਸੀਂ ਕੀ ਜਾਣਦੇ ਹੋ?
7. ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਕਦੋਂ ਸ਼ਾਮਲ ਕੀਤਾ ਅਤੇ ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਕੌਣ ਸੀ?
8. ਚਤਰ ਸਿੰਘ ਨੇ ਅੰਗਰੇਜ਼ਾਂ ਖਿਲਾਫ਼ ਕੀ ਕਦਮ ਚੁੱਕੇ?

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 30-50 ਸ਼ਬਦਾਂ ਵਿੱਚ ਲਿਖੋ—**

1. ਲਾਹੌਰ ਦੀ ਦੂਜੀ ਸੰਧੀ ਦੀਆਂ ਧਾਰਾਵਾਂ ਦਿਉ।
2. ਭੈਰੋਵਾਲ ਸੰਧੀ ਦੇ ਕਾਰਨ ਦਿਉ।
3. ਭੈਰੋਵਾਲ ਸੰਧੀ ਦੀਆਂ ਕੋਈ ਚਾਰ ਧਾਰਾਵਾਂ ਦਿਉ।
4. ਭੈਰੋਵਾਲ ਸੰਧੀ ਦੀ ਮਹੱਤਤਾ ਦੱਸੋ?
5. ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਾ ਕੀਤਾ? ਕੋਈ ਦੋ ਕਾਰਨ ਲਿਖੋ?
6. ਭੈਰੋਵਾਲ ਦੀ ਸੰਧੀ ਤੋਂ ਬਾਅਦ ਅੰਗਰੇਜ਼ਾਂ ਨੇ ਰਾਣੀ ਜਿੰਦਾਂ ਨਾਲ਼ ਕਿਸ ਤਰ੍ਹਾਂ ਦਾ ਸਲੂਕ ਕੀਤਾ?
7. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 100-120 ਸ਼ਬਦਾਂ ਵਿੱਚ ਲਿਖੋ—**

1. ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਦੇ ਕਾਰਨ ਲਿਖੋ।
2. ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਘਟਨਾਵਾਂ ਲਿਖੋ।
3. ਲਾਹੌਰ ਦੀ ਪਹਿਲੀ ਸੰਧੀ ਦੀਆਂ ਧਾਰਾਵਾਂ ਲਿਖੋ।
4. ਭੈਰੋਵਾਲ ਦੀ ਸੰਧੀ ਬਾਰੇ ਜਾਣਕਾਰੀ ਦਿਉ।
5. ਦੂਜੇ ਐਂਗਲੋ-ਸਿੱਖ ਯੁੱਧ ਦੇ ਕਾਰਨ ਲਿਖੋ।
6. ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਘਟਨਾਵਾਂ ਬਿਆਨ ਕਰੋ।
7. ਦੂਜੇ ਐਂਗਲੋ-ਸਿੱਖ ਯੁੱਧ ਦੇ ਸਿੱਟ ਲਿਖੋ।
8. ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਿਵੇਂ ਕੀਤਾ?

**(ਸ) 1. ਮੁਦਕੀ, ਫਿਰੋਜਸ਼ਾਹ, ਬੱਦੋਵਾਲ, ਆਲੀਵਾਲ ਤੇ ਸਭਰਾਉਂ ਨੂੰ ਪੰਜਾਬ ਦੇ ਦਿੱਤੇ ਨਕਸ਼ੇ 'ਤੇ ਦਿਖਾਓ। (ਪਹਿਲਾ ਐਂਗਲੋ ਸਿੱਖ ਯੁੱਧ)**

**2. ਦੂਜੇ ਐਂਗਲੋ ਸਿੱਖ ਯੁੱਧ ਦੀਆਂ ਲੜਾਈਆਂ ਨੂੰ ਪੰਜਾਬ ਦੇ ਨਕਸ਼ੇ ਦੇ ਦਿੱਤੇ ਖਾਕੇ 'ਤੇ ਦਰਸਾਓ।**

*****

# ਪਾਠ-9

# ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ

# (PUNJAB'S CONTRIBUTION TOWARDS STRUGGLE FOR FREEDOM)

ਅੰਗਰੇਜ਼ 1600 ਈ: ਵਿੱਚ ਵਪਾਰੀਆਂ ਦੇ ਰੂਪ ਵਿੱਚ ਭਾਰਤ ਵਿੱਚ ਆਏ। ਹੌਲ਼ੀ-ਹੌਲ਼ੀ ਉਹਨਾਂ ਨੇ ਭਾਰਤ ਦੇ ਦੱਖਣੀ ਅਤੇ ਪੂਰਬੀ ਭਾਗਾਂ ਉੱਤੇ ਕਬਜ਼ਾ ਲਿਆ। ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ (1848-49 ਈ:) ਮਗਰੋਂ ਭਾਰਤ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕਰ ਲਿਆ। ਅੰਗਰੇਜ਼ ਸਰਕਾਰ ਵੱਲੋਂ ਖਾਲਸਾ ਸੈਨਾ ਤੋੜ ਦਿੱਤੀ ਗਈ। ਪਰ ਅੱਠਾਂ ਸਾਲਾਂ ਬਾਅਦ ਹੀ ਪੰਜਾਬੀਆਂ ਨੂੰ ਫਿਰ ਹਥਿਆਰ ਚੁੱਕਣ ਦਾ ਮੌਕਾ ਮਿਲ ਗਿਆ। 1857 ਈ: ਦੀ ਭਾਰਤੀਆਂ ਵੱਲੋਂ ਲੜੀ ਗਈ ਆਜ਼ਾਦੀ ਦੀ ਪਹਿਲੀ ਜੰਗ ਵਿੱਚ ਪੰਜਾਬੀਆਂ ਨੇ ਜੋ ਹਿੱਸਾ ਪਾਇਆ, ਉਸ ਦਾ ਵਰਣਨ ਇਸ ਪ੍ਰਕਾਰ ਹੈ—

## 1. 1857 ਈ: ਦੀ ਅਜ਼ਾਦੀ ਦੀ ਜੰਗ ਵਿੱਚ ਪੰਜਾਬੀਆਂ ਦਾ ਯੋਗਦਾਨ

## (Contribution of Punjab in the First Battle of Independence in 1857)

**(ੳ) ਸੈਨਿਕਾਂ ਦੀ ਬਗਾਵਤ (Revolt of the Soldiers):-** 10 ਮਈ 1857 ਈ: ਨੂੰ ਮੇਰਠ ਵਿਖੇ ਆਜ਼ਾਦੀ ਦੀ ਪਹਿਲੀ ਜੰਗ ਸ਼ੁਰੂ ਹੋਈ। ਜਦੋਂ 12 ਮਈ, 1857 ਈ: ਨੂੰ ਉਸ ਜੰਗ ਦੀ ਖਬਰ ਲਾਹੌਰ ਪੁੱਜੀ ਤਾਂ ਪੰਜਾਬ ਵਿੱਚ ਬਗਾਵਤ ਦੇ ਡਰ ਤੋਂ ਮੀਆਂ ਮੀਰ ਦੀ ਛਾਉਣੀ ਦੇ ਭਾਰਤੀ ਅਤੇ ਪੰਜਾਬੀ ਸਿਪਾਹੀਆਂ ਨੂੰ ਬੇਹਥਿਆਰ ਕਰ ਦਿੱਤਾ ਗਿਆ। ਫਿਰ ਲਾਹੌਰ, ਪਿਸ਼ਾਵਰ, ਨਵਾਂ ਸ਼ਹਿਰ, ਮੁਲਤਾਨ, ਅੰਬਾਲਾ, ਜਲੰਧਰ, ਰਾਵਲਪਿੰਡੀ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ ਦੇ ਪੰਜਾਬੀਆਂ ਅਤੇ ਭਾਰਤੀ ਸਿਪਾਹੀਆਂ ਨੂੰ ਬੇਹਥਿਆਰ ਕੀਤਾ ਗਿਆ।

ਫਿਰ ਵੀ ਪੰਜਾਬ ਦੇ ਪੂਰਬੀ ਭਾਗਾਂ ਵਿੱਚ ਪੰਜਾਬੀ ਅਤੇ ਭਾਰਤੀ ਸੈਨਿਕਾਂ ਨੇ ਬਗਾਵਤ ਕੀਤੀ। ਜਲੰਧਰ, ਫਿਲੌਰ, ਜਿਹਲਮ, ਸਿਆਲਕੋਟ ਅਤੇ ਥਨੇਸਰ ਵਿਖੇ ਸੈਨਿਕ ਬਗਾਵਤਾਂ ਹੋਈਆਂ। ਲਾਹੌਰ, ਫਿਰੋਜ਼ਪੁਰ, ਪਿਸ਼ਾਵਰ, ਅੰਬਾਲਾ ਅਥੇ ਮੀਆਂਵਾਲੀ ਛਾਉਣੀਆਂ ਵਿੱਚ ਵੀ ਕੁਝ ਕੁ ਪੰਜਾਬੀ ਅਤੇ ਭਾਰਤੀ ਸੈਨਿਕਾਂ ਨੇ ਬਗਾਵਤਾਂ ਕੀਤੀਆਂ। ਕਈ ਸੈਨਿਕਾਂ ਨੇ ਆਪਣੇ ਕਮਾਂਡਰਾਂ ਦੀ ਹੀ ਹੱਤਿਆ ਕਰ ਦਿੱਤੀ।

**(ਅ) ਲੋਕਾਂ ਦੀ ਬਗਾਵਤ (Revolt of the People):-** ਅੰਗਰੇਜ਼ਾਂ ਦੀ ਮੰਦੀ ਹਾਲਤ ਵੇਖ ਕੇ ਕਈ ਥਾਂਵਾਂ 'ਤੇ ਲੋਕਾਂ ਨੇ ਵੀ ਬਗਾਵਤ ਦਾ ਝੰਡਾ ਖੜਾ ਕਰ ਦਿੱਤਾ। ਲੁਧਿਆਣਾ ਅਤੇ ਫਿਰੋਜ਼ਪੁਰ ਦੇ ਲੋਕਾਂ ਨੇ ਕਈ ਥਾਂਵਾਂ 'ਤੇ ਬਗਾਵਤਾਂ ਕੀਤੀਆਂ। ਉਹਨਾਂ ਬਗਾਵਤਾਂ ਵਿੱਚ ਸਿਆਲਕੋਟ ਦੇ ਸਿਪਾਹੀਆਂ ਨੇ ਵੀ ਭਾਗ ਲਿਆ। ਸਰਸਾ ਦੇ ਵਾਸੀਆਂ ਨੇ ਵੀ ਬਗਾਵਤ ਵਿੱਚ ਹਿੱਸਾ ਲਿਆ। ਮਿੰਟਗੁਮਰੀ, ਮੁਲਤਾਨ, ਬਹਾਵਲਪੁਰ, ਫਾਜ਼ਿਲਕਾ ਆਦਿ ਦੇ ਮੁਸਲਿਮ ਕਬੀਲੇ ਵੀ ਅੰਗਰੇਜ਼ਾਂ ਦੇ ਖਿਲਾਫ ਹੋ ਗਏ।

ਦਿੱਲੀ ਅਤੇ ਰੋਹੇਲਖੰਡ ਦੇ ਨੇੜੇ ਦੇ ਲੋਕਾਂ ਨੇ ਵੀ ਬਾਗੀਆਂ ਦੇ ਪੱਖ ਵਿੱਚ ਬਗਾਵਤਾਂ ਕੀਤੀਆਂ। ਕਰਨਾਲ ਵਿਚਲੇ ਕਈ ਜਾਟ ਪਿੰਡਾਂ ਨੇ ਸਰਕਾਰ ਨੂੰ ਜ਼ਮੀਨ ਦਾ ਲਗਾਨ ਦੇਣ ਤੋ ਇਨਕਾਰ ਕਰ ਦਿੱਤਾ। ਰੋਹਤਕ ਅਤੇ ਰਿਵਾੜੀ ਵਿਖੇ ਵੀ ਪੰਜਾਬੀਆਂ ਨੇ ਬਗਾਵਤਾਂ ਕੀਤੀਆਂ।

**(ੲ) ਸਰਦਾਰ ਅਹਿਮਦ ਖਾਂ ਖਰਲ ਦੀ ਬਗਾਵਤ (Revolt of Sardar Ahmad Khan Kharal):-** ਅੰਗਰੇਜ਼ੀ ਰਾਜ ਨੂੰ ਮਾਲੀਆ ਨਾ ਦੇਣ ਤਹਿਤ ਖਰਲ ਕਬੀਲੇ ਦੇ ਸਰਦਾਰ ਅਹਿਮਦ ਖਾਂ ਖਰਲ ਨੇ ਬਗਾਵਤ ਕੀਤੀ। ਰਾਵੀ ਦਰਿਆ ਦੇ ਕੰਢੇ 'ਤੇ ਵਸਦੇ ਬਹੁਤ ਸਾਰੇ ਕਬੀਲਿਆਂ ਨੇ ਵੀ ਉਸ ਦਾ ਸਾਥ ਦਿੱਤਾ। ਉਸ ਨੇ ਕਈ ਥਾਂਵਾ 'ਤੇ ਅੰਗਰੇਜ਼ਾਂ ਨਾਲ਼ ਟੱਕਰ ਲਈ। ਉਹਨਾਂ ਨੇ ਇੱਕ ਅੰਗਰੇਜ਼ ਅਫਸਰ ਅਤੇ ਕਈ ਅੰਗਰੇਜ਼ ਫੌਜੀਆਂ ਦਾ ਕਤਲ ਕੀਤਾ। ਸਿੱਟੇ ਵਜੋਂ ਅੰਗਰੇਜ਼ਾਂ ਨੂੰ ਸਰਦਾਰ ਅਹਿਮਦ ਖਾਂ ਖਰਲ ਦੇ ਸਿਰ ਦਾ ਮੁੱਲ ਤੈਅ ਕਰਨਾ ਪਿਆ। ਅੰਤ ਨੂੰ ਪੰਜਾਬ ਦੀ ਸਭ ਤੋਂ ਪਹਿਲੀ ਸਮੂਹਿਕ ਹਥਿਆਰ ਬੰਦ ਲਹਿਰ ਦਾ ਇਹ ਨੇਤਾ ਆਪਣੇ ਵੀਹ ਘੋੜ ਸਵਾਰਾਂ ਸਮੇਤ ਅੰਗਰੇਜ਼ਾਂ ਦਾ ਵਿਰੋਧ ਕਰਦਾ ਹੋਇਆ ਪਾਕਪਟਨ ਦੇ ਨੇੜੇ ਸ਼ਹੀਦ ਹੋ ਗਿਆ।

ਪੰਜਾਬ ਵਿੱਚ 1857 ਈ: ਬਗਾਵਤ ਇਸ ਕਰਕੇ ਕਾਮਯਾਬ ਨਾ ਹੋ ਸਕੀ। ਕਿਉਂਕਿ ਪੰਜਾਬੀ ਬਾਗੀਆਂ ਕੋਲ ਕੋਈ ਵੀ ਉੱਚ ਕੋਟੀ ਦਾ ਨੇਤਾ ਨਹੀਂ ਸੀ। ਪੰਜਾਬ ਦੇ ਮਹਾਰਾਜਿਆਂ ਨੇ ਅੰਗਰੇਜ਼ਾਂ ਦਾ ਵਿਰੋਧ ਕਰਨ ਦੀ ਥਾਂ ਸਗੋਂ ਉਹਨਾਂ ਦਾ ਸਾਥ ਦਿੱਤਾ। ਇਸ ਲਈ ਪੰਜਾਬੀਆਂ ਦੀ ਅਜ਼ਾਦੀ ਲਈ ਪਹਿਲਾ ਸੰਘਰਸ਼ ਕਾਮਯਾਬ ਨਾ ਹੋ ਸਕਿਆ।

## 2. ਨਾਮਧਾਰੀ ਜਾਂ ਕੂਕਾ ਅੰਦੋਲਨ
## (Namdhari or Kuka Movement)

ਨਾਮਧਾਰੀ ਜਾਂ ਕੂਕਾ ਲਹਿਰ ਇੱਕ ਅਜਿਹੀ ਲਹਿਰ ਸੀ ਜਿਹੜੀ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਦੀ ਅਗਵਾਹੀ ਹੇਠ ਮਹਾਨ ਕਾਰਜ ਕਰ ਰਹੀ ਸੀ। 12 ਅਪ੍ਰੈਲ, 1857 ਈ. ਵਿੱਚ (ਵਿਸਾਖੀ ਵਾਲੇ ਦਿਨ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਇੱਕ ਨਵੀਂ ਜੱਥੇਬੰਦੀ ਦੀ ਨੀਂਹ ਰੱਖੀ, ਜਿਸ ਨੂੰ ਨਾਮਧਾਰੀ ਜਾਂ ਕੂਕਾ ਲਹਿਰ ਆਖਿਆ ਜਾਂਦਾ ਹੈ। ਇਹਨਾਂ ਦਾ ਉਦੇਸ਼ ਧਾਰਮਿਕ ਤੇ ਸਮਾਜਿਕ ਖੇਤਰ ਵਿੱਚ ਸੁਧਾਰ ਕਰਨੇ ਦੇ ਨਾਲ-ਨਾਲ ਦੇਸ ਦੀ ਆਜ਼ਾਦੀ ਪ੍ਰਾਪਤ ਕਰਨਾ ਸੀ। ਇਸੇ ਲਈ ਉਹਨਾਂ ਨੇ ਅੰਗਰੇਜ਼ਾਂ ਪ੍ਰਤੀ ਅਸਹਿਯੋਗ ਦੀ ਨੀਤੀ ਅਪਣਾਈ। ਉਹਨਾਂ ਨੇ ਸਰਕਾਰੀ ਡਾਕ ਸਹੂਲਤਾਂ, ਵਿਦੇਸ਼ੀ ਕੱਪੜੇ, ਅੰਗਰੇਜ਼ਾਂ ਦੇ ਖਿਲਾਫ਼ ਆਪਣੀ ਗੌਰਮਿੰਟ ਬਣਾ ਦਿੱਤੀ ਅਤੇ ਸਰਕਾਰੀ ਅਦਾਲਤਾਂ, ਸਕੂਲਾਂ, ਕਾਲਜਾਂ ਦਾ ਬਾਈਕਾਟ ਕੀਤਾ। ਉਹਨਾਂ ਨੇ ਡਾਕ ਦਾ ਆਪਣਾ ਪ੍ਰਬੰਧ ਕਰ ਲਿਆ ਸੀ।

ਗੁਰੂ ਜੀ ਨੇ ਕੁੜੀਆਂ ਨੂੰ ਜੰਮਦਿਆਂ ਮਾਰਨ, ਵੇਚਣ, ਵੱਟਾ ਕਰਨ, ਬਾਲ-ਵਿਆਹ ਕਰਨ ਅਤੇ ਸਤੀ ਪ੍ਰਥਾ ਵਿਰੁੱਧ ਪ੍ਰਚਰ ਕੀਤਾ। ਵਿਧਵਾ ਵਿਆਹ ਦੀ ਖੁੱਲ੍ਹ ਦਿੱਤੀ ਅਤੇ ਸਮਾਜ ਵਿੱਚ ਇਸਤਰੀ ਦੇ ਬਰਾਬਰ ਹੱਕਾਂ ਦੀ ਪ੍ਰੋੜ੍ਹਤਾ ਕੀਤੀ। ਬਿਨਾਂ ਦਹੇਜ ਦੇ ਅੰਤਰਜਾਤੀ ਸਵਾ ਰੁਪੈ ਵਿੱਚ ਵਿਆਹ ਕਰਨ ਦੀ ਨਵੀਂ ਨਰੋਈ ਰੀਤ ਤੋਰੀ ਜਿਸ ਨੂੰ ਅਨੰਦ ਕਾਰਜ ਕਿਹਾ ਜਾਂਦਾ ਹੈ। ਪਹਿਲੀ ਵਾਰ 3 ਜੂਨ 1863 ਈ: ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਛੇ ਅੰਤਰਜਾਤੀ ਵਿਆਹ ਕਰਕੇ ਸਮਾਜ ਵਿੱਚ ਕ੍ਰਾਂਤੀ ਲਿਆ ਦਿੱਤੀ। ਸਤਿਗੁਰੂ ਜੀ ਨੇ ਪਿੰਡ ਸਿਆੜ, ਜ਼ਿਲ੍ਹਾ ਲੁਧਿਆਣਾ ਵਿਖੇ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਤੇ ਬਰਾਬਰਤਾ ਦਿੱਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿੱਥੇ ਵੀ ਜਾਂਦੇ, ਉਹਨਾਂ ਨਾਲ਼ ਘੋੜ ਸਵਾਰਾਂ ਦੀ ਟੋਲੀ ਜ਼ਰੂਰ ਜਾਂਦੀ। ਇਸ ਤੇ ਅੰਗਰੇਜ਼ ਸਰਕਾਰ ਨੂੰ ਹੌਲੀ-ਹੌਲੀ ਸਮਝ ਆਉਣ ਲੱਗੀ ਕਿ ਨਾਮਧਾਰੀ ਕਿਸੇ ਬਗਾਵਤ ਦੀ ਤਿਆਰੀ ਕਰ ਰਹੇ ਹਨ। ਉਹਨਾਂ ਦੇ ਡਾਕ ਪ੍ਰਬੰਦ ਤੋਂ ਵੀ ਅੰਗਰੇਜ਼ਾਂ ਨੂੰ ਇਹੋ ਸ਼ੱਕ ਸੀ।

ਪਰਚਾਰ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਹਰ ਇੱਕ ਸੂਬੇ ਵਿੱਚ ਮੁੱਖੀ ਹੁੰਦਾ ਸੀ। ਉਸ ਨੂੰ ਸੂਬਾ ਕਿਹਾ ਜਾਂਦਾ ਸੀ। ਨਾਮਧਾਰੀਆਂ ਦੀ ਇਹ ਕਾਰਵਾਈ ਵੀ ਅੰਗਰੇਜ਼ਾ ਨੂੰ ਡਰਾ ਰਹੀ ਸੀ। 1869 ਈ: ਵਿੱਚ ਨਾਮਧਾਰੀਆਂ/ਕੂਕਿਆਂ

ਨੇ ਆਪਣੇ ਸੰਬੰਧ ਕਸ਼ਮੀਰ, ਨੇਪਾਲ, ਰੂਸ, ਅਫਗਾਨਿਸਤਾਨ ਦੇ ਹਾਕਮਾਂ ਨਾਲ ਜੋੜੇ। ਉਹਨਾਂ ਨੇ ਕੂਕਿਆਂ ਨੂੰ ਫ਼ੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਉਹਨਾਂ ਦੀਆਂ ਦੋ ਕੰਪਨੀਆਂ ਵੀ ਬਣਾ ਲਈਆਂ ਗਈਆਂ ਜਿਸ ਨੂੰ ਕੂਕਾ ਪਲਟਨ ਕਿਹਾ ਜਾਂਦਾ ਹੈ।

ਅੰਗਰੇਜ਼ਾਂ ਨੂੰ ਯਕੀਨ ਹੋ ਗਿਆ ਸੀ ਕਿ ਨਾਮਧਾਰੀ ਸਿੱਖ ਉਹਨਾਂ ਦੇ ਖਿਲਾਫ਼ ਇੱਕ ਦਿਨ ਅੰਦੋਲਨ ਕਰਨਗੇ। ਇਹ ਨਾ-ਮਿਲਵਰਤਨ ਕੂਕਾ ਲਹਿਰ ਦਬਾਉਣ ਲਈ ਅੰਗਰੇਜ਼ੀ ਸਰਕਾਰ ਨੇ ਇੱਕ ਹੋਰ ਕੋਝੀ ਚਾਲ ਚੱਲੀ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਇਕ-ਦੂਜੇ ਦੇ ਖਿਲਾਫ਼ ਕਰਨ ਅਤੇ ਭਾਰਤੀ ਲੋਕਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਹਿੰਦੂ ਮੁਸਲਮਾਨਾਂ ਵਿੱਚ ਪਾੜੋ ਤੇ ਰਾਜ ਕਰੋ ਦੀ ਨੀਤੀ ਹੇਠ ਅੰਗਰੇਜ਼ਾਂ ਨੇ ਥਾਂ-ਥਾਂ ਬੁੱਚੜਖਾਨੇ ਖੋਲ੍ਹ ਦਿੱਤੇ। ਨਾਮਧਾਰੀ ਸਿੱਖਾਂ ਨੇ ਗਊ ਰੱਖਿਆ ਦਾ ਕੰਮ ਸ਼ੁਰੂ ਕਰ ਦਿੱਤਾ। ਉਹ ਗਊ ਰੱਖਿਆ ਵੀ ਕਰਦੇ ਅਤੇ ਬੁੱਚੜਾਂ ਨੂੰ ਵੀ ਮਾਰ ਦਿੰਦੇ। 1871 ਈ. ਵਿੱਚ ਉਹਨਾਂ ਨੇ ਅੰਮ੍ਰਿਤਸਰ ਤੇ ਰਾਏਕੋਟ ਦੇ ਬੁਚੜਖਾਨਿਆਂ 'ਤੇ ਹਮਲਾ ਕਰਕੇ ਕਈ ਬੁੱਚੜਾ ਨੂੰ ਮਾਰ ਦਿੱਤਾ। ਕੂਕਿਆਂ ਨੂੰ ਸ਼ਰੇਆਮ ਫਾਂਸੀ ਦੀ ਸਜ਼ਾ ਵੀ ਦਿੱਤੀ ਜਾਂਦੀ ਪਰ ਕੂਕੇ ਆਪਣੇ ਮਨੋਰਥ ਤੋਂ ਪਿੱਛੋਂ ਨਾ ਹੁੰਦੇ। ਜਨਵਰੀ, 1872 ਈ. ਨੂੰ 150 ਕੂਕਿਆਂ ਦਾ ਜੱਥਾ ਬੁੱਚੜਾਂ ਨੂੰ ਸਜ਼ਾ ਦੇਣ ਲਈ ਮਲੇਰਕੋਟਲੇ ਪੁੱਜਾ। 15 ਜਨਵਰੀ, 1872 ਈ. ਨੂੰ ਕੂਕਿਆਂ ਅਤੇ ਮਲੇਰਕੋਟਲਾ ਦੀ ਸੈਨਾ ਵਿਚਕਾਰ ਘਮਸਾਨ ਦੀ ਲੜਾਈ ਹੋਈ। ਦੋਹਾਂ ਪਾਸਿਆਂ ਦੇ ਅਨੇਕਾਂ ਆਦਮੀ ਮਾਰੇ ਗਏ। ਅੰਗਰੇਜ਼ ਸਰਕਾਰ ਨੇ ਕੂਕਿਆਂ ਵਿਰੁੱਧ ਕਾਰਵਾਈ ਕਰਨ ਲਈ ਆਪਣੀ ਸੈਨਾ ਮਲੇਰਕੋਟਲਾ ਭੇਜੀ। 65 ਕੂਕਿਆਂ ਨੇ ਗ੍ਰਿਫਤਾਰੀ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਉਹਨਾਂ ਵਿੱਚੋਂ 49 ਕੂਕਿਆਂ ਨੂੰ 17 ਜਨਵਰੀ, 1872 ਈ. ਨੂੰ ਤੋਪਾਂ ਨਾਲ਼ ਉੱਡਾ ਦਿੱਤਾ। ਫ਼ਰਜ਼ੀ ਸਰਕਾਰੀ ਮੁਕੱਦਮਿਆਂ ਤੋਂ ਬਾਅਦ 16 ਕੂਕਿਆਂ ਨੂੰ ਵੀ 18 ਜਨਵਰੀ 1872 ਈ: ਨੂੰ ਤੋਪਾਂ ਨਾਲ ਉੱਡਾ ਦਿੱਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ। ਬਹੁਤ ਨਾਮਧਾਰੀ ਕੂਕਿਆਂ ਨੂੰ ਕਾਲੇ ਪਾਣੀ ਭੇਜ ਦਿੱਤਾ। ਕਈਆਂ ਨੂੰ ਸਮੁੰਦਰ ਦੇ ਪਾਣੀ ਵਿੱਚ ਡੁਬੋ ਕੇ ਮਾਰ ਦਿੱਤਾ ਅਤੇ ਬਹੁਤ ਸਾਰਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ। ਹਰ ਤਰ੍ਹਾਂ ਦੇ ਤਸੀਹੇ ਅੰਗਰੇਜ਼ ਸਰਕਾਰ ਨੇ ਦਿੱਤੇ ਪਰ ਲਹਿਰ ਤਦ ਤੱਕ ਚਲਦੀ ਰਹੀ ਜਦ ਤੱਕ 15 ਅਗਸਤ, 1947 ਨੂੰ ਦੇਸ਼ ਅਜ਼ਾਦ ਨਹੀਂ ਹੋ ਗਿਆ।

## 3. ਆਰੀਆ ਸਮਾਜ

## (Arya Smaj)

ਜਿਨ੍ਹਾਂ ਸਮਾਜਿਰ ਅਤੇ ਧਾਰਮਿਕ ਲਹਿਰਾਂ ਨੇ ਸਮੁੱਚੇ ਭਾਰਤੀਆਂ ਨੂੰ ਰਾਜਨੀਤਿਕ ਤੌਰ ਤੇ ਪ੍ਰਭਾਵਤ ਕੀਤਾ, ਉਹਨਾਂ ਵਿੱਚੋਂ ਇੱਕ ਲਹਿਰ ਆਰੀਆ ਸਮਾਜ ਲਹਿਰ ਵੀ ਹੈ। ਇਸ ਲਹਿਰ ਨੇ ਪੰਜਾਬੀਆਂ ਨੂੰ ਵੀ ਬਹੁਤ ਪ੍ਰਭਾਵਤ ਕੀਤਾ।

ਸਵਾਮੀ ਦਯਾ ਨੰਦ ਸਰਸਵਤੀ (1824-1883) ਆਰੀਆ ਸਮਾਜ ਦੇ ਬਾਨੀ ਸਨ। ਉਹਨਾਂ ਨੇ 1875 ਈ: ਵਿੱਚ ਆਰੀਆ ਸਮਾਜ ਕਾਇਮ ਕੀਤਾ। ਉਹਨਾਂ ਨੇ 1877 ਈ: ਵਿੱਚ ਇਸ ਦੀ ਇੱਕ ਮਹੱਤਵਪੂਰਨ ਸ਼ਾਖਾ ਲਾਹੌਰ ਵਿਖੇ ਖੋਲ੍ਹੀ।

ਮਾਰਚ 1877ਈ: ਵਿੱਚ ਸਵਾਮੀ ਦਯਾ ਨੰਦ ਸਰਸਵਤੀ ਜੀ ਨੇ ਪਹਿਲੀ ਵਾਰ ਪੰਜਾਬ ਦਾ ਦੌਰਾ ਕੀਤਾ। ਉਹ ਪੰਜਾਬ ਵਿੱਚ ਲਗਪਗ ਦੋ ਮਹੀਨੇ ਠਹਿਰੇ। ਉਹਨਾਂ ਨੇ ਆਪਣੇ ਪਹਿਲੇ ਭਾਸ਼ਣ ਲਾਹੌਰ ਵਿਖੇ ਅਨਾਰਕਲੀ ਬਾਜਾਰ ਦੇ ਬ੍ਰਹਮ ਸਮਾਜ ਮੰਦਰ ਵਿੱਚ ਦਿੱਤੇ।

ਆਰੀਆ ਸਮਾਜ ਨੇ ਜਿੱਥੇ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਆਪਮਾ ਭਰਪੂਰ ਯੋਗਦਾਨ ਪਾਇਆ ਉੱਥੇ ਉਸ ਨੇ ਅਜ਼ਾਦੀ ਦੀ ਲਹਿਰ ਵਿੱਚ ਨੀ ਵੱਡਮੁਲਾ ਹਿੱਸਾ ਪਾਇਆ। ਉਸ ਸੰਸਥਾ ਨੇ ਅੰਗਰੇਜ਼ਾਂ ਨਾਲ਼ ਨਾ-ਮਿਲਵਰਤਨ ਲਹਿਰ ਨੂੰ ਬਲ ਦਿੱਤਾ। ਉਹਨਾਂ ਨੇ ਸਕੂਲ ਅਤੇ ਕਾਲਜ ਖੋਲ੍ਹ ਕੇ ਸਵਦੇਸ਼ੀ ਲਹਿਰ ਨੂੰ ਵੀ ਜਨਮ ਦਿੱਤਾ।

ਸਵਾਮੀ ਦਯਾ ਨੰਦ ਸਰਸਵਤੀ ਨੇ ਕੇਵਲ ਵਿਦਿਆ ਰਾਹੀਂ ਹੀ ਬ੍ਰਿਟਿਸ਼ ਲੋਕਾਂ ਦਾ ਵਿਰੋਧ ਨਹੀਂ ਕੀਤਾ, ਸਗੋਂ ਉਹਨਾਂ ਨੇ ਪੰਜਾਬ ਵਿੱਚ ਪੰਜਾਬੀਆਂ ਦੇ ਕੌਮੀ ਜਜ਼ਬੇ ਨੂੰ ਵੀ ਜਗਾਇਆ।

ਸਵਾਮੀ ਦਯਾ ਨੰਦ ਸਰਸਵਤੀ ਨੇ ਭਾਰਤੀਆਂ ਨੂੰ ਆਪਣੇ ਦੇਸ ਅਤੇ ਸੱਭਿਅਤਾ ਉੱਤੇ ਮਾਣ ਕਰਨ ਦੀ ਸਿੱਖਿਆ ਦਿੱਤੀ। ਇਸ ਪੱਖੋਂ ਵੀ ਉਹਨਾਂ ਦਾ ਅਸਰ ਪੰਜਾਬੀਆਂ ਉੱਤੇ ਪਿਆ। ਲਾਲਾ ਲਾਜਪਤ ਰਾਏ, ਸ. ਅਜੀਤ ਸਿੰਘ ਅਤੇ ਸ਼ਰਧਾ ਨੰਦ ਵਰਗੇ ਦੇਸ਼ ਭਗਤ ਆਰੀਆ ਸਮਾਜ ਦੀ ਹੀ ਦੇਣ ਸਨ। ਭਾਈ ਪਰਮਾ ਨੰਦ ਅਤੇ ਲਾਲਾ ਹਰਦਿਆਲ ਵੀ ਪ੍ਰਸਿੱਧ ਆਰੀਆ ਸਮਾਜੀ ਸਨ।

ਆਰੀਆ ਸਮਾਜੀਆਂ ਦੀ ਰਾਜਨੀਤਿਕ ਗਤੀਵਿਧੀਆਂ ਨੂੰ ਦੇਖਦਿਆਂ ਅੰਗਰੇਜ਼ ਸਰਕਾਰ ਪੰਜਾਬ ਵਿੱਚ ਆਰੀਆ ਸਮਾਜੀਆਂ ਉੱਤੇ ਕਰੜੀ ਨਜ਼ਰ ਰੱਖਣ ਲੱਗੀ। ਜਿਹੜੇ ਆਰੀਆ ਸਮਾਜੀ ਸਰਕਾਰੀ ਨੌਕਰੀ ਵਿੱਚ ਸਨ ਉਹਨਾਂ ਉੱਤੇ ਸ਼ੱਕ ਕੀਤਾ ਜਾਣ ਲੱਗਾ। ਇਥੋਂ ਤਕ ਕਿ ਉਹਨਾਂ ਨੂੰ ਬਣਦੀਆਂ ਤਰੱਕੀਆਂ ਵੀ ਨਾ ਦਿੱਤੀਆਂ ਜਾਂਦੀਆਂ।

1892 ਈ: ਵਿੱਚ ਆਰੀਆ ਸਮਾਜ ਕਾਲਜ ਪਾਰਟੀ ਅਤੇ ਗੁਰੂ ਕੁਲ ਪਾਰਟੀ ਵਿੱਚ ਵੰਡਿਆ ਗਿਆ। ਕਾਲਜ ਪਾਰਟੀ ਲਾਲਾ ਲਾਜਪਤ ਰਾਏ ਅਤੇ ਮਹਾਤਮਾ ਹੰਸ ਰਾਜ ਅਨੁਸਾਰ ਵੇਦਾਂ ਦੇ ਨਾਲ਼-ਨਾਲ ਅੰਗਰੇਜ਼ੀ ਸਾਹਿਤ ਅਤੇ ਪੱਛਮੀ ਵਿਗਿਆਨ ਦੀ ਸਿੱਖਿਆ ਦੇਣ ਦੇ ਹੱਕ ਵਿੱਚ ਸੀ। ਇਸ ਤੇ ਅੰਗਰੇਜ਼ ਸਰਕਾਰ ਅਤੇ ਆਰੀਆ ਸਮਾਜੀਆਂ ਵਿਚਕਾਰਲਾ ਪਾੜ੍ਹਾ ਛੇਤੀ ਹੀ ਮਿਟ ਗਿਆ। ਪਰ ਫਿਰ ਵੀ ਆਰੀਆ ਸਮਾਜੀ ਦੇਸ ਦੇ ਅਜ਼ਾਦੀ ਘੁਲਾਟੀਆਂ ਦੇ ਸਹਾਇਕ ਰਹੇ। ਆਰੀਆ ਸਮਾਜੀਆਂ ਦੇ ਅਖਬਾਰ ਵੀ ਪੰਜਾਬ ਦੀ ਆਜ਼ਾਦੀ ਦੀ ਲਹਿਰ ਵਿੱਚ ਪੂਰੀ ਤਰ੍ਹਾਂ ਸਰਗਰਮ ਰਹੇ।

## 4. ਕਿਸਾਨੀ ਲਹਿਰਾਂ ਦਾ ਉੱਥਾਨ

## (Rise for Peasant Movements)

ਅੰਗਰੇਜ਼ ਸਰਕਾਰ ਦੀ ਆਰਥਿਕ ਨੀਤੀ ਪ੍ਰਸ਼ੰਸਾ ਯੋਗ ਨਹੀਂ ਸੀ। ਸਰਕਾਰ ਨੇ ਭੂਮੀ ਕਰ ਅਤੇ ਸਿੰਚਾਈ ਕਰ ਵਧਾ ਦਿੱਤੀ ਸੀ। ਇਸ ਨਾਲ਼ ਕਿਸਾਨਾਂ ਵਿੱਚ ਅਸੰਤੁਸ਼ਟਤਾ ਦੀ ਲਹਿਰ ਦੌੜ ਗਈ ਸੀ।

ਅੰਗਰੇਜ਼ ਸਰਕਾਰ ਦੀ ਮਾਲ ਨੀਤੀ ਵੀ ਬੜੀ ਕਠੋਰ ਸੀ। ਸੋਕੇ ਜਾਂ ਕਾਲ ਦੇ ਸਮੇਂ ਵਿੱਚ ਵੀ ਜ਼ਮੀਨ ਮਾਮਲਾ ਲੈਣ ਵਿੱਚ ਕੋਈ ਛੋਟ ਨਹੀਂ ਸੀ ਦਿੱਤੀ ਜਾਂਦੀ। ਕਿਸਾਨਾਂ ਨੂੰ ਆਪਣੀ ਜ਼ਮੀਨ ਗਹਿਣੇ ਰੱਖ ਕੇ, ਵੇਚ ਕੇ ਜਾਂ ਮਾਲ ਡੰਗਰ ਵੇਚ ਕੇ ਮਾਮਲਾ ਉਤਾਰਨਾ ਪੈਂਦਾ ਸੀ। 1875-78 ਵਿਚਕਾਰ ਪੰਜਾਬ ਦੇ ਕਿਸਾਨਾਂ ਦੀ ਕੁਲ ਗਹਿਣੇ ਪਈ ਜ਼ਮੀਨ 1,65,000 ਏਕੜ ਸੀ। 1884-85 ਵਿੱਚ ਗਹਿਣੇ ਪਈ ਜ਼ਮੀਨ ਦਾ ਰਕਬਾ 3,85,000 ਏਕੜ ਹੋ ਗਿਆ ਸੀ। ਸਿੱਟੇ ਵਜੋਂ ਪੰਜਾਬ ਵਿੱਚ ਕਿਸਾਨੀ ਲਹਿਰਾਂ ਨੇ ਜਨਮ ਲਿਆ। ਉਹਨਾਂ ਲਹਿਰਾਂ ਦੀ ਅਗਵਾਈ ਸ. ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸ਼ਾਦਿ ਅਤੇ ਸੱਯਦ ਹੈਦਰ ਅਲੀ ਵਰਗੇ ਨੇਤਾਵਾਂ ਨੇ ਕੀਤੀ। 1905-07 ਦੌਰਾਨ ਨਹਿਰੀ ਪਾਣੀ ਦੇ ਵਧਾਏ ਮਾਲੀਏ ਦੇ ਖਿਲਾਫ਼ ਨਹਿਰੀ ਕਾਲੋਨੀਆਂ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਗਟ ਕੀਤੇ ਗਏ। ਬਾਂਕੇ ਦਿਆਲ ਦਾ ਲਿਖਿਆ ਗੀਤ-ਪਗੜੀ ਸੰਭਾਲ ਜੱਟਾ ਘਰ-ਘਰ ਵਿੱਚ ਗੂੰਜਣ ਲੱਗਾ।

## 5. ਗਦਰ ਅੰਦੋਲਨ

## (The Ghadar Movement)

ਆਰਥਿਕ ਸੰਕਟ ਵਿੱਚ ਫਸੇ ਪੰਜਾਬੀਆਂ ਨੂੰ 1905 ਈ: ਵਿੱਚ ਰੋਟੀ ਦੀ ਭਾਲ ਵਿੱਚ ਫਿਜੀ, ਘਾਨਾ, ਮਲਾਇਆ, ਕਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਜਾਣਾ ਪਿਆ। ਭਾਰਤ ਤੋਂ ਬਾਹਰ ਗਈ ਇਹਨਾਂ ਪੰਜਾਬੀਆਂ ਨੇ ਬਾਹਰ ਰਹਿ ਕੇ ਵੀ ਦੇਸ ਦੀ ਅਜ਼ਾਦੀ ਲਈ ਯਤਨ ਕੀਤੇ। ਉਹਨਾਂ ਯਤਨਾਂ ਵਿੱਚੋਂ ਇੱਕ ਮਹੱਤਵਪੂਰਨ ਯਤਨ ਗਦਰ ਅੰਦੋਲਨ ਸੀ। ਇਸ ਅੰਦੋਲਨ ਦਾ ਕੇਂਦਰ ਅਮਰੀਕਾ ਮਹਾਂਦੀਪ ਸੀ।

ਬਾਹਰਸੇ ਦੇਸਾਂ ਵਿੱਚ ਭਾਰਤੀਆਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਇਸ ਘ੍ਰਿਣਾ ਦਾ ਕਾਰਨ ਇਹ ਸੀ ਕਿ ਭਾਰਤੀ ਗੁਲਾਮ ਦੇਸ ਦੇ ਵਾਸੀ ਸਨ, ਇਸ ਲਈ ਉਹਨਾਂ ਦੇ ਮਨ ਵਿੱਚ ਲੋਕਤੰਤਰ ਅਤੇ ਸੁੰਤਤਰਤਾ ਦੀ ਭਾਵਨਾ ਪੈਦਾ ਹੋ ਗਈ। ਇਸ ਤੋਂ ਬਿਨ੍ਹਾਂ ਅਖਬਾਰਾਂ ਅਤੇ ਕਿਤਾਬਾਂ ਨੂੰ ਪੜ੍ਹ ਕੇ ਵੀ ਅਮਰੀਕਾ ਵਿੱਚ ਵਸੇ ਭਾਰਤੀਆਂ ਨੇ ਆਪਣੇ ਦੇਸ ਨੂੰ ਆਜ਼ਾਦ ਕਰਵਾਉਣ ਦਾ ਯਤਨ ਕੀਤਾ।

ਗਦਰ ਪਾਰਟੀ ਦਾ ਜਨਮ 1913 ਈ: ਵਿੱਚ ਸਨਫਰਾਸਿਸਕੋ (ਅਮਰੀਕਾ) ਵਿੱਚ ਹੋਇਆ। ਇਸ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ। ਲਾਲਾ ਹਰਦਿਆਲ ਨੂੰ ਮੁੱਖ ਸਕੱਤਰ, ਕਾਂਸ਼ੀ ਰਾਮ ਨੂੰ ਸਕੱਤਰ ਅਤੇ ਖਜ਼ਾਨਚੀ, ਕੇਸਰ ਸਿੰਘ ਨੂੰ ਮੀਤ ਪ੍ਰਧਾਨ ਅਤੇ ਕਰੀਮ ਬਖਸ਼ ਤੇ ਮੁਨਸ਼ੀ ਰਾਮ ਨੂੰ ਪ੍ਰਬੰਧਕ ਸਕੱਤਰ ਬਣਾਇਆ ਗਿਆ।

ਇਸ ਸੰਸਥਾ ਨੇ ਸਨਫਰਾਂਸਿਸਕੋ ਤੋਂ ਉਰਦੂ ਵਿੱਚ ਇੱਕ ਸਪਤਾਹਿਕ ਪੱਤਰ 'ਗਦਰ' ਕੱਢਣਾ ਸ਼ੁਰੂ ਕੀਤਾ। ਸੰਪਾਦਨਾ ਦਾ ਕੰਮ ਕਰਤਾਰ ਸਿੰਘ ਸਰਾਭਾ ਨੂੰ ਸੌਂਪਿਆ ਗਿਆ। ਉਸ ਦੀ ਮਿਹਨਤ ਸਦਕਾ ਉਹ ਅਖ਼ਬਾਰ ਹਿੰਦੀ, ਪੰਜਾਬੀ, ਗੁਜਰਾਤੀ, ਬੰਗਾਲੀ, ਪਸ਼ਤੋ ਅਤੇ ਨੇਪਾਲੀ ਭਾਸ਼ਾ ਵਿੱਚ ਵੀ ਛਪਣ ਲੱਗਾ। ਇਸ ਅਖ਼ਬਾਰ ਦੇ ਕਾਰਨ ਇਸ ਸੰਸਥਾ ਦਾ ਨਾਂ 'ਗਦਰ ਪਾਰਟੀ' ਰੱਖਿਆ ਗਿਆ।

ਇਸ ਸੰਸਥਾ ਦਾ ਮੁੱਖ ਉਦੇਸ਼ ਹਥਿਆਰਬੰਦ ਬਗਾਵਤ ਰਾਹੀਂ ਭਾਰਤ ਨੂੰ ਅਜ਼ਾਦ ਕਰਵਾਉਣਾ ਸੀ। ਇਸ ਲਈ ਇਸ ਪਾਰਟੀ ਨੇ ਨਿਮਲਿਖਤ ਸੁਝਾਉ ਰੱਖੇ—

(i) ਸੈਨਾ ਵਿੱਚ ਬਗਾਵਤ ਦਾ ਪਰਚਾਰ।
(ii) ਅੰਗਰੇਜ਼ਾਂ ਦੇ ਪਿੱਠੂਆਂ ਦੀ ਹੱਤਿਆ।
(iii) ਜੇਲ੍ਹਾਂ ਤੋੜਨੀਆ।
(iv) ਸਰਕਾਰੀ ਖਜ਼ਾਨੇ ਅਤੇ ਥਾਣੇ ਲੁੱਟਣੇ।
(v) ਕ੍ਰਾਂਤੀਕਾਰੀ ਸਾਹਿਤ ਛਾਪਣਾ ਅਤੇ ਵੰਡਣਾ।
(vi) ਅੰਗਰੇਜ਼ਾਂ ਦੇ ਦੁਸ਼ਮਣਾਂ ਦੀ ਸਹਾਇਤਾ ਕਰਨੀ।
(vii) ਹਥਿਆਰ ਇੱਕਠੇ ਕਰਨਾ।
(viii) ਬੰਬ ਬਨਾਉਣੇ।
(ix) ਰੇਲਵੇ, ਡਾਕ ਨੂੰ ਕੱਟਣਾ ਅਤੇ ਭੰਨਤੋੜ ਕਰਨੀ।
(x) ਕ੍ਰਾਂਤੀਕਾਰੀਆਂ ਦਾ ਝੰਡਾ ਲਹਿਰਾਉਣਾ।
(xi) ਕ੍ਰਾਂਤੀਕਾਰੀ ਨੌਜਵਾਨਾਂ ਦੀ ਸੂਚੀ ਤਿਆਰ ਕਰਨਾ।

ਕਾਮਾਗਾਟਾ ਮਾਰੂ ਦੀ ਘਟਨਾ ਮਗਰੋਂ ਕਾਫ਼ੀ ਗਿਣਤੀ ਵਿੱਚ ਭਾਰਤੀ ਲੋਕ ਆਪਣੇ ਦੇਸ ਪਰਤੇ। ਉਹ ਭਾਰਤ ਵਿੱਚ ਗਦਰ ਰਾਹੀਂ ਅੰਗਰੇਜ਼ਾਂ ਨੂੰ ਦੇਸ ਵਿੱਚੋਂ ਕੱਢਣਾ ਚਾਹੁੰਦੇ ਸਨ। ਅੰਗਰੇਜ਼ ਸਰਕਾਰ ਬੜੀ ਹੀ ਚੌਕਸੀ ਤੋਂ ਕੰਮ ਲੈ ਰਹੀ ਸੀ। ਬਾਹਰੋਂ ਆਉਣ ਵਾਲੇ ਹਰ ਬੰਦੇ ਦੀ ਛਾਣ-ਬੀਣ ਹੁੰਦੀ ਸੀ। ਸ਼ੱਕ ਹੋਣ ਤੇ ਉਸ ਬੰਦੇ ਨੂੰ ਨਜ਼ਰਬੰਦ ਕੀਤਾ ਜਾਂਦਾ ਸੀ। ਜਿਹੜਾ ਬੰਦਾ ਬਚ ਜਾਂਦਾ ਸੀ, ਉਹ ਗਦਰੀਆ ਨਾਲ ਰਲ ਜਾਂਦਾ ਸੀ।

ਗਦਰ ਪਾਰਟੀ ਅਤੇ ਬਾਹਰੋਂ ਪਰਤੇ ਕ੍ਰਾਂਤੀਕਾਰੀਆਂ ਦੀ ਅਗਵਾਈ ਰਾਸ ਬਿਹਾਰੀ ਬੋਸ ਨੇ ਕੀਤੀ। ਅਮਰੀਕਾ ਤੋਂ ਪਰਤੇ ਕਰਤਾਰ ਸਿੰਘ ਸਰਾਭਾ ਨੇ ਵੀ ਭਾਈ ਪਰਮਾਨੰਦ ਝਾਂਸੀ ਨਾਲ਼ ਸਬੰਧ ਕਾਇਮ ਕੀਤੇ ਅਤੇ ਬਨਾਰਸ ਵਿਖੇ ਸ੍ਰੀ ਰਾਸ ਬਿਹਾਰੀ ਬੋਸ ਦੇ ਲੁਕਵੇਂ ਅੱਡੇ ਦਾ ਪਤਾ ਕਰ ਕੇ ਉਸ ਨਾਲ ਵੀ ਸੰਪਰਕ ਕਾਇਮ ਕੀਤਾ। ਰਾਸ ਬਿਹਾਰੀ ਬੋਸ ਨੇ ਲਾਹੌਰ, ਫਿਰੋਜ਼ਪੁਰ, ਮੇਰਠ, ਅੰਬਾਲਾ, ਆਗਰਾ, ਕਾਨਪੁਰਾ,

ਅਲਾਹਾਬਾਦ, ਬਨਾਰਸ, ਲਖਲਊ, ਮੁਲਤਾਨ, ਜਿਹਲਮ, ਕੋਹਾਟ, ਰਾਵਲਪਿੰਡੀ, ਪਿਸ਼ਾਵਰ, ਮਰਦਾਨ ਆਦਿ ਛਾਉਣੀਆਂ ਵਿੱਚ ਪਰਚਾਰਕ ਭੇਜੇ। ਉਹਨਾਂ ਪਰਚਾਰਕਾਂ ਨੇ ਫੌਜੀਆਂ ਨੂੰ ਬਗਾਵਤ ਲਈ ਤਿਆਰ ਕੀਤਾ। ਨਾਲ਼ ਦੀ ਨਾਲ਼ ਕਰਤਾਰ ਸਿੰਘ ਸਰਾਭਾ ਅਤੇ ਭਾਈ ਨਿਧਾਨ ਸਿੰਘ ਚੁੱਘ ਨੇ ਇਸਲਾਮੀਆ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀਆਂ ਵਿੱਚ ਵੀ ਬੜਾ ਕੰਮ ਕੀਤਾ। ਸਰਾਭਾ ਨੇ ਲਾਲਾ ਰਾਮ ਸਰਨ ਦਾਸ ਕਪੂਰਥਲਾ ਨਾਲ਼ ਮਿਲ ਕੇ 'ਗਦਰ' ਕੱਢਣ ਲਈ ਪ੍ਰੈਸ ਚਾਲੂ ਕਰਨੀ ਚਾਹੀ ਪਰ ਅਸਫਲ ਰਿਹਾ। ਫਿਰ ਵੀ ਉਹ ਲੁਧਿਆਣਾ ਅਤੇ ਲਾਹੌਰ ਤੋਂ ਸਾਈਕਲੋਸਟਾਈਲ ਕਰਵਾ ਕੇ 'ਗਦਰ ਗੂੰਜ' ਕੱਢਦਾ ਰਿਹਾ। ਝਾਬੇਵਾਲ (ਲੁਧਿਆਣਾ) ਅਤੇ ਲੋਹਟਬੱਧੀ (ਨਾਭਾ) ਵਿਖੇ ਬੰਬ ਬਨਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਸਮੇਂ ਆਜ਼ਾਦ ਭਾਰਤ ਲਈ ਇੱਕ ਝੰਡਾ ਤਿਆਰ ਕੀਤਾ ਗਿਆ, ਜਿਸ ਨੂੰ ਸਭਨਾਂ ਥਾਂਵਾਂ ਤੇ ਕਰਤਾਰ ਸਿੰਘ ਸਰਾਭਾ ਨੇ ਹੀ ਵੰਡਿਆ।

21 ਫਰਵਰੀ, 1915 ਈ: ਦਾ ਦਿਨ ਬਗਾਵਤ ਲਈ ਨਿਸਚਿਤ ਕੀਤਾ ਗਿਆ। ਕਰਤਾਰ ਸਿੰਘ ਸਰਾਭਾ ਨੇ ਫਿਰੋਜ਼ਪੁਰ ਉੱਤੇ ਹਮਲਾ ਕਰਨਾ ਸੀ। ਉਹ 19 ਫਰਵਰੀ ਨੂੰ ਆਪਣੇ ਸਾਥੀਆਂ ਨਾਲ਼ ਕੀਰਤਨੀ ਜਥੇ ਦੇ ਰੂਪ ਵਿੱਚ ਫਿਰੋਜ਼ਪੁਰ ਪੁੱਜ ਵੀ ਗਿਆ ਸੀ, ਪਰ ਅੰਮ੍ਰਿਤਸਰ ਦੇ ਇੱਕ ਸਿਪਾਹੀ ਕਿਰਪਾਲ ਸਿੰਘ ਨੇ ਧੋਖਾ ਦੇ ਦਿੱਤਾ। ਸਿੱਟੇ ਵਜੋਂ ਗਦਰੀਆਂ ਦੀ ਪੋਲ ਸਮੇਂ ਤੋਂ ਪਹਿਲਾਂ ਹੀ ਖੁੱਲ੍ਹ ਗਈ। ਅੰਗਰੇਜ਼ ਸਰਕਾਰ ਨੇ ਇਕਦਮ ਸਾਰੀ ਕਾਰਵਾਈ ਕਰ ਲਈ। ਸਬੰਧਤ ਸੈਨਿਕਾਂ ਦੇ ਹਥਿਆਰ ਖੋਹ ਲਏ ਗਏ ਅਤੇ ਉਹਨਾਂ ਨੂੰ ਕੈਦੀ ਬਣਾ ਲਿਆ ਗਿਆ। ਅਨੇਕਾਂ ਕ੍ਰਾਂਤੀਕਾਰੀ ਅਤੇ ਗਦਰੀ ਨੇਤਾ ਫੜੇ ਗਏ। ਕਰਤਾਰ ਸਿੰਘ ਸਰਾਭਾ ਨੇ ਰਾਸ ਬਿਹਾਰੀ ਬੋਸ ਨੂੰ ਪੰਜਾਬੀ ਪੌਸ਼ਾਕ ਪਹਿਨਾ ਕੇ ਬਨਰਸ ਲਈ ਗੱਡੀ ਚੜ੍ਹਾ ਦਿੱਤਾ। ਲਾਹੌਰ ਸਾਜਸ਼ ਕੇਸ ਚੱਲਿਆ। 46 ਕ੍ਰਾਂਤੀਕਾਰੀਆਂ ਨੂੰ ਫਾਂਸੀ ਹੋਈ, ਜਿਨ੍ਹਾਂ ਵਿੱਚੋਂ ਇੱਕ ਕਰਤਾਰ ਸਿੰਘ ਸਰਾਭਾ (17 ਨਵੰਬਰ, 1915ਈ:) ਵੀ ਸੀ। 194 ਕ੍ਰਾਂਤੀਕਾਰੀਆਂ ਨੂੰ ਉਮਰ ਕੈਦ ਦਿੱਤੀ ਗਈ। ਜਿਹੜੇ ਸੈਨਿਕ ਬਾਗੀ ਹੋ ਗਏ ਸਨ, ਉਹਨਾਂ ਨੂੰ ਗੋਲੀ ਨਾਲ਼ ਉਡਾ ਦਿੱਤਾ ਗਿਆ। ਅੰਤ ਨੂੰ ਇਹ ਲਹਿਰ ਨਾਕਮਯਾਬ ਰਹੀ।

## 6. ਕਾਮਾਗਾਟਾ ਮਾਰੂ ਘਟਨਾ
## (Kamagata Maru Incident)

ਅੰਗਰੇਜ਼ ਸਰਕਾਰ ਦੇ ਆਰਥਿਕ ਕਾਨੂੰਨਾਂ ਨੇ ਪੰਜਾਬੀ ਲੋਕਾਂ ਨੂੰ ਕਮਜ਼ੋਰ ਕਰ ਦਿੱਤਾ ਸੀ। ਸਿੱਟੇ ਵਜੋਂ 1905 ਈ: ਵਿੱਚ ਉਹ ਲੋਕ ਰੋਟੀ ਰੋਜ਼ੀ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਜਾਣ ਲੱਗ ਪਏ ਸਨ। 1910 ਈ: ਤੱਕ ਲਗਭਗ 10,000 ਹਿੰਦੁਸਤਾਨੀ, ਜਿੰਨ੍ਹਾਂ ਵਿੱਚ 90 ਫੀਸਦੀ ਪੰਜਾਬੀ ਸਨ, ਅਮਰੀਕਾ ਪੁੱਜ ਚੁੱਕੇ ਸਨ। ਪੰਜਾਬੀ ਲੋਕ ਕਨੇਡਾ ਵੀ ਪੁੱਜ ਰਹੇ ਸਨ ਪਰ ਕਨੇਡਾ ਸਰਕਾਰ 1910 ਈ: ਵਿੱਚ ਇੱਕ ਕਾਨੂੰਨ ਪਾਸ ਕੀਤਾ ਕਿ ਅੱਗੇ ਤੋਂ ਓਹੀ ਭਾਰਤੀ ਲੋਕ ਕਨੇਡਾ ਪੁੱਜ ਸਕਣਗੇ, ਜਿਹੜੇ ਆਪਣੇ ਦੇਸ ਦੀ ਕਿਸੇ ਬੰਦਰਗਾਹ ਤੋਂ ਬੈਠ ਕੇ ਸਿੱਧੇ ਕਨੇਡਾ ਆਉਣਗੇ।

24 ਜਨਵਰੀ, 1913 ਈ: ਨੂੰ ਕਨੇਡਾ ਦੀ ਹਾਈਕੋਰਟ ਨੇ ਭਾਰਤੀਆਂ ਉੱਤੇ ਲੱਗੀਆਂ ਪਾਬੰਦੀਆਂ ਵਾਲਾ ਕਾਨੂੰਨ ਰੱਦ ਕਰ ਦਿੱਤਾ। ਇਹ ਖਬਰ ਪੜ੍ਹ ਕੇ ਪੰਜਾਬ ਦੇ ਬਹੁਤ ਸਾਰੇ ਲੋਕ ਕਨੇਡਾ ਜਾਣ ਲਈ ਕੋਲਕਾਤਾ (ਕਲਕੱਤਾ), ਸਿੰਘਾਪੁਰ ਅਤੇ ਹਾਂਗਕਾਂਗ ਦੀਆਂ ਬੰਦਰਗਾਹਾਂ ਉੱਤੇ ਪਹੁੰਚ ਗਏ। ਪਰ ਕੋਈ ਵੀ ਜਹਾਜ਼ ਕੰਪਨੀ ਕਨੇਡਾ ਦੇ ਵਤੀਰੇ ਤੋਂ ਡਰਦੀ ਹੋਈ ਪੰਜਾਬੀ ਮੁਸਾਫਿਰਾਂ ਨੂੰ ਕਨੇਡਾ ਉਤਾਰਨ ਦੀ ਜ਼ੁੰਮੇਵਾਰੀ ਨਹੀਂ ਸੀ ਲੈ ਰਹੀ।

ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਬਾਬਾ ਗੁਰਦਿੱਤ ਸਿੰਘ ਸਿੰਘਾਪੁਰ ਅਤੇ ਮਲਾਇਆ ਵਿੱਚ ਠੇਕੇਦਾਰੀ ਕਰਦਾ ਸੀ। ਉਸ ਨੇ 1913 ਈ: ਵਿੱਚ 'ਗੁਰੂ ਨਾਨਕ ਨੇਵੀਗੇਸ਼ਨ ਕੰਪਨੀ' ਕਾਇਮ ਕੀਤੀ। 24 ਮਾਰਚ, 1914 ਈ: ਨੂੰ ਉਸ ਕੰਪਨੀ ਨੇ ਜਾਪਾਨ ਤੋਂ ਕਾਮਾਗਾਟਾ ਮਾਰੂ ਜਹਾਜ਼ ਕਿਰਾਏ ਤੇ ਲੈ ਲਿਆ, ਜਿਸ

ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ ਗਿਆ। ਉਸ ਨੂੰ 500 ਮੁਸਾਫਿਰ ਹਾਂਗਕਾਂਗ ਤੋਂ ਹੀ ਮਿਲ ਗਏ। ਹਾਂਗਕਾਂਗ ਦੀ ਅੰਗਰੇਜ਼ ਸਰਕਾਰ ਇਸ ਗੱਲ ਨੂੰ ਬਰਦਾਸ਼ਤ ਨਾ ਕਰ ਸਕੀ। ਉਸ ਨੇ ਬਾਬਾ ਗੁਰਦਿੱਤ ਸਿੰਘ ਨੂੰ ਕੈਦੀ ਬਣਾ ਲਿਆ। ਭਾਵੇਂ ਉਸ ਨੂੰ ਅਗਲੇ ਦਿਨ ਹੀ ਛੱਡ ਦਿੱਤਾ ਗਿਆ ਪਰ ਵਿਘਨ ਪੈਣ ਕਰ ਕੇ ਯਾਤਰੀਆਂ ਦੀ ਗਿਣਤੀ 135 ਹੀ ਰਹਿ ਗਈ।

ਰਾਹ ਵਿੱਚ ਸ਼ੰਗਾਈ ਅਤੇ ਕੋਬੇ ਦੀਆਂ ਬੰਦਰਗਾਹਾਂ ਤੋਂ ਹੋਰ ਮੁਸਾਫਿਰ ਲੈਂਦਾ ਹੋਇਆ ਗੁਰੂ ਨਾਨਕ ਜਹਾਜ਼ 23 ਮਈ, 1914 ਈ: ਨੂੰ ਵੈਨਕੂਵਰ ਦੀ ਬੰਦਰਗਾਹ ਉੱਤੇ ਜਾ ਪਹੁੰਚਾ, ਪਰ ਮੁਸਾਫਿਰਾਂ ਨੂੰ ਬੰਦਰਗਾਹ ਉੱਤੇ ਨਾ ਉਤਰਨ ਦਿੱਤਾ ਗਿਆ। ਭਾਵੇ ਬਾਬਾ ਗੁਰਦਿੱਤ ਸਿੰਘ ਪ੍ਰੀਵੀ ਕੌਂਸਲ ਵਿੱਚ ਅਪੀਲ ਕਰਨੀ ਚਾਹੁੰਦਾ ਸੀ, ਪਰ ਅੰਤ ਨੂੰ ਭਾਰਤੀਆਂ ਨੇ ਵਾਪਸ ਜਾਣਾ ਹੀ ਮੰਨ ਲਿਆ।

23 ਜੁਲਾਈ 1914 ਈ: ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਤੋਂ ਭਾਰਤ ਵੱਲ ਵਾਪਸ ਚੱਲ ਪਿਆ। ਜਦੋਂ ਜਹਾਜ਼ ਹੁਗਲੀ ਦਰਿਆ ਵਿੱਚ ਪੁੱਜਾ ਤਾਂ ਲਾਹੌਰ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਅਤੇ ਉਸ ਦੇ 20 ਪੰਜਾਬੀ ਪੁਲਸੀਏ ਅਗਨਬੋਟ ਰਾਹੀਂ ਉੱਥੇ ਪੁੱਜ ਗਏ। ਯਾਤਰੀਆਂ ਦੀ ਤਲਾਸ਼ੀ ਲੈਣ ਮਗਰੋਂ ਜਹਾਜ਼ ਨੂੰ 27 ਕਿਲੋਮੀਟਰ ਦੂਰ ਬਜਬਜ ਘਾਟ 'ਤੇ ਖੜਾ ਕਰ ਦਿੱਤਾ। ਯਾਤਰੀਆਂ ਨੂੰ ਹੁਕਮ ਦਿੱਤਾ ਗਿਆ ਕਿ ਉਹਨਾਂ ਨੂੰ ਉੱਥੋਂ ਰੇਲ ਰਾਹੀਂ ਪੰਜਾਬੀ ਭੇਜਿਆ ਜਾਵੇਗਾ ਪਰ ਉਹ ਯਾਤਰੀ ਕੋਲਕਾਤਾ (ਕਲਕੱਤਾ) ਵਿਖੇ ਹੀ ਕੋਈ ਕਾਰੋਬਾਰ ਕਰਨਾ ਚਾਹੁੰਦੇ ਸਨ। ਪਰ ਉਹਨਾਂ ਦੀ ਕਿਸੇ ਨਾ ਸੁਣੀ ਅਤੇ ਉਹਨਾਂ ਨੂੰ ਜਹਾਜ਼ ਵਿੱਚੋਂ ਉੱਤਾਰ ਦਿੱਤਾ ਗਿਆ।

ਸ਼ਾਮ ਸਮੇਂ ਰੇਲਵੇ ਸਟੇਸ਼ਨ ਉੱਤੇ ਬੈਠੇ ਪੰਜਾਬੀਆਂ ਉੱਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਸਿੱਟੇ ਵਜੋਂ 40 ਬੰਦੇ ਸ਼ਹੀਦ ਹੋਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।

ਬਾਬਾ ਗੁਰਦਿੱਤ ਸਿੰਘ ਬਚ ਕੇ ਪੰਜਾਬ ਪਹੁੰਚ ਗਏ। ਅੰਤ ਨੂੰ ਉਸ ਨੇ 1920 ਈ: ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ 'ਤੇ ਨਨਕਾਣਾ ਸਾਹਿਬ ਵਿਖੇ ਆਪਣੇ ਆਪ ਨੂੰ ਅੰਗਰੇਜ਼ ਪੁਲਸ ਦੇ ਅੱਗੇ ਪੇਸ਼ ਕਰ ਦਿੱਤਾ। ਉਸ ਨੂੰ 5 ਸਾਲਾਂ ਦੀ ਜੇਲ੍ਹ ਹੋਈ, ਰਿਹਾ ਹੋ ਕੇ ਉਹ ਕਲਕੱਤਾ ਵਿੱਚ ਰਹਿਣ ਲੱਗਾ। 24 ਜੁਲਾਈ 1954 ਈ: ਨੂੰ ਉਨ੍ਹਾਂ ਦੀ ਮੌਤ ਹੋ ਗਈ।

## 7. ਜਲ੍ਹਿਆਂਵਾਲਾ ਬਾਗ ਕਾਂਡ, 13 ਅਪ੍ਰੈਲ, 1919 ਈ:
## (Jallianwale Bagh Incident, 13 April 1919 A.D.)

ਕੇਂਦਰੀ ਲੈਜਿਸਲੇਟਿਵ ਕੌਂਸਲ ਵਿੱਚ ਦੋ ਬਿਲ ਪਾਸ ਕੀਤੇ ਗਏ, ਜਿਨ੍ਹਾਂ ਨੂੰ ਰੌਲਟ ਬਿਲ (**Rowlatt Bills**) ਕਹਿੰਦੇ ਹਨ। ਇਹਨਾਂ ਬਿਲਾਂ ਰਾਹੀਂ ਪੁਲਸ ਅਤੇ ਮੈਜਿਸਟ੍ਰੇਟਾਂ ਨੂੰ ਸਾਜਿਸ਼ ਆਦਿ ਨੂੰ ਦਬਾਉਣ ਲਈ ਵਧੇਰੇ ਸ਼ਕਤੀਆਂ ਦਿੱਤੀਆਂ ਗਈਆਂ ਸਨ। ਇਹ ਦੇ ਵਿਰੁੱਧ 13 ਮਾਰਚ, 1919 ਈ: ਨੂੰ, ਮਹਾਤਮਾ ਗਾਂਧੀ ਨੇ ਰੌਲਟ ਬਿਲਾਂ ਨੂੰ ਅਸਫਲ ਬਨਾਉਣ ਲਈ, ਹੜਤਾਲ ਕਰ ਦਿੱਤੀ। ਸਿੱਟੇ ਵਜੋਂ ਅਹਿਮਦ ਨਗਰ, ਦਿੱਲੀ ਅਤੇ ਪੰਜਾਬ ਦੇ ਕੁਝ ਸ਼ਹਿਰਾਂ ਵਿੱਚ ਫਸਾਦ ਹੋ ਗਏ। ਇਸ ਵਿਗੜਦੀ ਹਾਲਤ 'ਤੇ ਕਾਬੂ ਪਾਉਣ ਲਈ ਪੰਜਾਬ ਸਰਕਾਰ ਦੇ ਹੁਕਮ ਨਾਲ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸੂਬੇ ਦੇ ਦੋ ਪ੍ਰਸਿੱਧ ਨੇਤਾਵਾਂ, ਡਾ: ਸਤਿਆਪਾਲ ਅਤੇ ਡਾ: ਕਿਚਲੂ ਨੂੰ ਗ੍ਰਿਫਤਾਰ ਕਰ ਲਿਆ। ਜਦੋਂ ਸ਼ਹਿਰਵਾਸੀਆਂ ਨੂੰ ਇਨ੍ਹਾਂ ਗ੍ਰਿਫਤਾਰੀਆਂ ਦਾ ਪਤਾ ਲੱਗਾ ਤਾਂ ਉਹਨਾਂ ਨੇ ਸ਼ਹਿਰ ਵਿੱਚ ਹੜਤਾਲ ਕਰ ਦਿੱਤੀ। ਉਹਨਾਂ ਦਾ ਇੱਕ ਹਜੂਮ ਬੜੀ ਸ਼ਾਂਤੀਪੂਰਵਕ ਢੰਗ ਨਾਲ ਡਿਪਟੀ ਕਮਿਸ਼ਨਰ ਦੀ ਕੋਠੀ ਵੱਲ ਚੱਲ ਪਿਆ। ਉਹਨਾਂ ਲੋਕਾਂ ਨੂੰ ਹਾਲ ਦਰਵਾਜੇ ਤੋਂ ਬਾਹਰ ਰੋਕ ਲਿਆ। ਸੈਨਿਕਾਂ ਨੇ ਉਹਨਾਂ ਉੱਤੇ ਗੋਲੀ ਵੀ ਚਲਾ ਦਿੱਤੀ। ਸਿੱਟੇ ਵਜੋਂ ਕੁਝ ਲੋਕ ਤਾਂ ਉੱਥੇ ਹੀ ਢੇਰੀ ਹੋ ਗਏ। ਬਹੁਤ ਸਾਰੇ ਲੋਕ ਜਖਮੀ ਹੋ ਗਏ। ਪਰ ਦੇਸ਼-ਭਗਤਾਂ ਨੇ ਜਖਮੀ ਹੋਏ ਵਿਅਕਤੀਆਂ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਉਹਨਾਂ ਦਾ ਜਲੂਸ ਕੱਢਿਆ। ਸ਼ਹਿਰ ਵਾਸੀਆਂ ਨੇ ਗੁੱਸੇ

ਵਿੱਚ ਆ ਕੇ ਪੰਜ ਅੰਗਰੇਜ਼ਾਂ ਨੂੰ ਮਾਰ ਦਿੱਤਾ, ਉਹਨਾਂ ਨੇ ਤਿੰਨ ਸਥਾਨਕ ਬੈਂਕਾਂ ਨੂੰ ਲੁੱਟ ਕੇ ਉਹਨਾਂ ਨੂੰ ਅੱਗ ਲਾ ਦਿੱਤੀ। ਇੱਕ ਅੰਗਰੇਜ਼ ਇਸਤਰੀ, ਕੁਮਾਰੀ ਸ਼ੇਰਵੁੱਡ ਵੀ ਉਹਨਾਂ ਦੇ ਕ੍ਰੋਧ ਦਾ ਸ਼ਿਕਾਰ ਹੋਈ। ਇਸ ਤੇ ਸਰਕਾਰ ਨੇ ਸ਼ਹਿਰ ਦਾ ਪ੍ਰਬੰਧ ਜਨਰਲ ਡਾਇਰ ਨੂੰ ਸੌਂਪ ਦਿੱਤਾ।

ਅਸ਼ਾਂਤੀ ਅਤੇ ਕ੍ਰੋਧ ਦੇ ਇਸ ਵਾਤਾਵਰਨ ਵਿੱਚ ਅੰਮ੍ਰਿਤਸਰ ਅਤੇ ਪਿੰਡਾਂ ਦੇ ਲਗਪਗ 25,000 ਲੋਕ 13 ਅਪ੍ਰੈਲ, 1919 ਈ: ਨੂੰ ਵਿਸਾਖੀ ਵਾਲੇ ਦਿਨ, ਜਲ੍ਹਿਆਂਵਾਲਾ ਬਾਗ਼ ਵਿੱਚ ਜਲਸਾ ਕਰਨ ਲਈ ਇੱਕਠੇ ਹੋਏ। ਜਨਰਡ ਡਾਇਰ ਨੇ ਉਸੇ ਦਿਨ ਸਾਢੇ ਨੌਂ ਵਜੇ ਅਜਿਹੇ ਜਲਸਿਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਸੀ, ਪਰ ਲੋਕਾਂ ਨੂੰ ਉਸ ਐਲਾਨ ਦਾ ਪਤਾ ਨਹੀਂ ਸੀ। ਇਸ ਲਈ ਜਲ੍ਹਿਆਂਵਾਲਾ ਬਾਗ਼ ਵਿੱਚ ਜਲਸਾ ਹੋ ਰਿਹਾ ਸੀ। ਜਨਰਲ ਡਾਇਰ ਨੂੰ ਅੰਗਰੇਜ਼ਾਂ ਦੇ ਕਤਲ ਦਾ ਬਦਲਾ ਲੈਣ ਦਾ ਮੌਕਾ ਮਿਲ ਗਿਆ। ਉਹ ਆਪਣੇ 150 ਸੈਨਿਕਾਂ ਸਮੇਤ ਜਲ੍ਹਿਆਂਵਾਲਾ ਬਾਗ਼ ਦੇ ਦਰਵਾਜ਼ੇ ਅੱਗੇ ਪੁੱਜ ਗਿਆ। ਬਾਗ਼ ਵਿੱਚ ਜਾਣ-ਆਉਣ ਲਈ ਕੇਵਲ ਇੱਕੋ ਤੰਗ ਜਿਹਾ ਰਸਤਾ ਸੀ। ਜਨਰਲ ਡਾਇਰ ਨੇ ਉਸੇ ਰਸਤੇ ਅੱਗੇ ਖਲੋ ਕੇ ਲੋਕਾਂ ਨੂੰ ਤਿੰਨ ਮਿੰਟਾਂ ਦੇ ਅੰਦਰ-ਅੰਦਰ ਤਿਤਰ ਬਿਤਰ ਹੋਣ ਦਾ ਹੁਕਮ ਦਿੱਤਾ, ਜੋ ਕਿ ਅਸੰਭਵ ਸੀ। ਜਨਰਲ ਡਾਇਰ ਨੇ ਤਿੰਨ ਮਿੰਟਾਂ ਮਗਰੋਂ ਗੋਲੀ ਦਾ ਹੁਕਮ ਦੇ ਦਿੱਤਾ। ਲਗਪਗ 1,000 ਲੋਕ ਸਾਰੇ ਗਏ ਅਤੇ 3,000 ਤੋਂ ਵੱਧ ਲੱਕ ਜ਼ਖਮੀ ਹੋਏ।

ਜਲ੍ਹਿਆਂਵਾਲਾ ਬਾਹ ਦੀ ਦੁਰਘਟਨਾ ਤੋਂ ਬਾਅਦ ਦੇਸ ਦੀ ਆਜ਼ਾਦੀ ਦੀ ਲਹਿਰ ਨੂੰ ਇੱਕ ਨਵਾਂ ਮੋੜ ਮਿਲਿਆ। ਇਸ ਘਟਨਾ ਦਾ ਬਦਲਾ ਸਰਦਾਰ ਊਧਮ ਸਿੰਘ ਨੇ 21 ਸਾਲ ਬਾਅਦ ਇੰਗਲੈਂਡ ਵਿੱਚ ਸਰ ਮਾਈਕਲ ਓਡਵਾਇਰ (ਜੋ ਘਟਨਾ ਸਮੇਂ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਸੀ) ਨੂੰ ਗੋਲੀ ਨਾਲ ਮਾਰ ਕੇ ਲਿਆ।

## 8. ਖ਼ਿਲਾਫ਼ਤ ਲਹਿਰ
## (Khilafat Movement)

ਜਲ੍ਹਿਆਂਵਾਲੇ ਬਾਗ਼ ਦੇ ਖੂਨ ਦਾ ਰੰਗ ਮਿਟਿਆ ਵੀ ਨਹੀਂ ਸੀ ਕਿ ਮੁਸਲਮਾਨ ਭਰਾਵਾਂ ਵਿੱਚ ਆਜਾਦੀ ਦੀ ਤਾਂਘ ਹੋਰ ਵੀ ਪ੍ਰਬਲ ਹੋ ਗਈ। ਉਹਨਾਂ ਨੇ ਖਿਲਾਫਤ ਦਾ ਝੰਡਾ ਬੁਲੰਦ ਕਰਦਿਆਂ 1920 ਈ: ਵਿੱਚ ਪੰਜਾਬ ਵਿਖੇ ਅੰਗਰੇਜ਼ਾਂ ਨੂੰ ਮਿਲਵਰਤਣ ਦਾ ਦੇਣ ਦਾ ਪ੍ਰਣ ਲਿਆ। ਪੰਜਾਬ ਵਿੱਚ ਇਸ ਲਹਿਰ ਦੀ ਅਗਵਾਈ ਕਰਦਿਆਂ ਡਾ: ਕਿਚਲੂ, ਨਿਆਜ ਹੁਸੈਨ ਅਤੇ ਮੌਲਵੀ ਦਾਊਦ ਨੇ ਅੰਗਰੇਜ਼ੀ ਹਕੂਮਤ ਦੇ ਵਿਰੋਧ ਦਾ ਨਾਅਰਾ ਮਾਰਿਆ। ਉਹਨਾਂ ਨੇ ਅੰਗਰੇਜ਼ ਸਰਕਾਰ ਤੇ ਤੁਰਕੀ ਤੇ ਸੁਲਤਾਨ ਪ੍ਰਤੀ ਰਵੱਈਏ ਦਾ ਵੀ ਵਿਰੋਧ ਕੀਤਾ।

## 9. ਅਕਾਲੀ ਲਹਿਰ (ਗੁਰਦੁਆਰਾ ਸੁਧਾਰ ਲਹਿਰ)
## (Akali Movement)

ਪੰਜਾਬ ਵਿੱਚ ਅਕਲੀ ਲਹਿਰ ਦੇ ਹੋਂਦ ਵਿੱਚ ਆਉਣ ਦਾ ਮੁੱਖ ਕਾਰਨ ਇਹ ਸੀ ਕਿ ਪਹਿਲੇ ਸਮਿਆਂ ਵਿੱਚ ਗੁਰਦੁਆਰਿਆਂ ਦੇ ਗ੍ਰੰਥੀ ਭਾਈ ਮਨੀ ਸਿੰਘ ਵਰਗੇ ਸੁੱਚੇ-ਸੁੱਚੇ ਅਤੇ ਮਹਾਨ ਬਲੀਦਾਨੀ ਹੋਇਆ ਕਰਦੇ ਸਨ। ਪਰ 1920 ਈ: ਤੱਕ ਪੰਜਾਬ ਦੇ ਗੁਰਦੁਆਰੇ ਅੰਗਰੇਜ਼ ਪੱਖੀ ਚਰਿਤਰਹੀਣ ਮਹੰਤਾ ਦੇ ਅਧਿਕਾਰ ਹੇਠ ਆ ਚੁੱਕੇ ਸਨ। ਮਹੰਤਾਂ ਦੀਆਂ ਅਨੈਤਿਕ ਕਾਰਵਾਈਆਂ ਤੋਂ ਸਿੱਖ ਤੰਗ ਆ ਕੇ ਗੁਰਦੁਆਰਿਆਂ ਵਿੱਚ ਸੁਧਾਰ ਕਰਨਾ ਚਾਹੁੰਦੇ ਸਨ। ਉਹਨਾਂ ਨੇ ਇਸ ਮਸਲੇ ਨੂੰ ਹੱਲ ਕਰਨ ਲਈ ਅੰਗਰੇਜ਼ ਸਰਕਾਰ ਤੋਂ ਸਹਾਇਤਾ ਲੈਣੀ ਚਾਹੀ ਪਰ ਉਹ ਅਸਫਲ ਰਹੇ। ਨਵੰਬਰ, 1920 ਈ: ਨੂੰ ਸਿੱਖਾਂ ਨੇ ਇਹ ਮਤਾ ਪਾਸ ਕੀਤਾ ਕਿ ਸਮੂਹ ਗੁਰਦਵਾਰਿਆਂ ਦੀ ਦੇਖ ਭਾਵ ਲਈ ਸਿੱਖਾਂ ਦੇ ਨੁਮਾਇੰਦਿਆਂ ਦੀ ਇੱਕ ਕਮੇਟੀ ਬਣਾਈ ਜਾਵੇ। ਸਿੱਖਾਂ ਦੇ ਯਤਨਾ ਨਾਲ਼ 16 ਨਵੰਬਰ, 1920 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਹੋਂਦ ਵਿੱਚ ਆਈ ਅਤੇ 14 ਦਸੰਬਰ, 1920 ਈ: ਨੂੰ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ।

ਅਕਾਲੀ ਜੱਥਿਆਂ ਨੇ ਬਦਚਲਣ ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਖਾਲੀ ਕਰਵਾਉਣ ਦਾ ਕੰਮ ਆਰੰਭ ਕੀਤਾ। ਉਹਨਾਂ ਨੇ ਹਸਨ ਅਬਦਾਲ ਵਿਚਲਾ ਗੁਰਦੁਆਰਾ ਪੰਜਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ ਦਾ ਗੁਰਦੁਆਰਾ ਸੱਚਾ ਸੌਦਾ ਅਤੇ ਅੰਮ੍ਰਿਤਸਰ ਜ਼ਿਲ੍ਹੇ ਦਾ ਚੋਲ੍ਹਾ/ਚੋਹਲਾ ਸਾਹਿਬ ਗੁਰਦੁਆਰੇ ਮਹੰਤਾਂ ਤੋਂ ਖਾਲੀ ਕਰਵਾਏ। ਤਰਨਤਾਰਨ ਵਿਖੇ ਅਕਾਲੀਆਂ ਦੀ ਮਹੰਤਾਂ ਨਾਲ਼ ਮੁੱਠ ਭੇੜ ਹੋਈ। ਇਸੇ ਤਰ੍ਹਾਂ ਸਿਆਲਕੋਟ ਵਿਖੇ ਬਾਬਾ ਕੀ ਬੇਰ ਅਤੇ ਲਾਇਲਪੁਰ (ਫੈਸਲਾਬਾਦ) ਜ਼ਿਲ੍ਹਾ ਦੇ ਗੁਰਦੁਆਰਾ ਗੋਜਰਾਂ ਵਿਖੇ ਵਾਪਰਿਆ। ਅਕਾਲੀ ਦਲ ਫਿਰ ਵੀ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਵਿੱਚ ਜੁਟਿਆ ਰਿਹਾ। 20 ਫਰਵਰੀ, 1921 ਈ: ਨੂੰ ਨਨਕਾਣਾ ਸਾਹਿਬ ਦੇ ਗੁਰਦੁਆਰਾ ਸਾਹਿਬ ਵਿਖੇ ਵੱਡੀ ਦੁਰਘਟਨਾ ਵਾਪਰੀ। ਜਦ ਕਿ ਅਕਾਲੀ ਜੱਥਾ ਅਮਨ ਅਮਾਨ ਨਾਲ਼ ਗੁਰਦੁਆਰਾ ਵਿਖੇ ਪੁੱਜਾ ਤਾਂ ਵੀ ਉੱਥੋਂ ਦੇ ਮਹੰਤ ਨਰੈਣ ਦਾਸ ਨੇ 130 ਅਕਾਲੀਆਂ ਦਾ ਕਤਲ ਕਰਵਾ ਦਿੱਤਾ। ਅੰਗਰੇਜ਼ ਸਰਕਾਰ ਨੇ ਅਕਾਲੀਆਂ ਪ੍ਰਤੀ ਕੋਈ ਵੀ ਹਮਦਰਦੀ ਨਾ ਜਤਾਈ, ਜਦ ਕਿ ਸੂਬਾ ਭਰ ਦੇ ਮੁਸਲਮਾਨਾਂ ਅਤੇ ਹਿੰਦੂਆਂ ਨੇ ਅਕਾਲੀਆਂ ਨਾਲ਼ ਵੱਡੀ ਹਮਦਰਦੀ ਦਿਖਾਈ।

**(ੳ) ਚਾਬੀਆਂ ਦਾ ਮਾਮਲਾ (The key's Affair):-** ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਸਿੱਖਾਂ ਦਾ ਕਬਜ਼ਾ ਸੀ, ਪਰ ਅੰਗਰੇਜ਼ ਸਰਕਾਰ ਨਹੀਂ ਸੀ ਚਾਹੁੰਦੀ ਕਿ ਗੁਰਦੁਆਰੇ ਦੀ ਗੋਲਕ ਦੀਆਂ ਚਾਬੀਆਂ ਸਿੱਖਾਂ ਦੇ ਕਬਜ਼ੇ ਵਿੱਚ ਰਹਿਣ। ਅੰਤ ਨੂੰ ਅੰਗਰੇਜ਼ਾਂ ਨੇ ਚਾਬੀਆਂ ਆਪਣੇ ਕਬਜ਼ੇ ਵਿੱਚ ਕਰ ਲਈਆਂ। ਸਿੱਖਾਂ ਨੇ ਇਸ ਗੱਲ ਦਾ ਵਿਰੋਧ ਕੀਤਾ। ਬਹੁਤ ਸਾਰੇ ਸਿੱਖ ਨੇਤਾਵਾਂ ਨੂੰ ਬੰਦੀ ਬਣਾ ਲਿਆ ਗਿਆ ਅਤੇ ਉਹਨਾਂ ਨੂੰ ਸਖ਼ਤ ਸਜ਼ਾਵਾਂ ਵੀ ਦਿੱਤੀਆਂ ਗਈਆਂ। ਇਸ ਨਾਲ਼ ਸਿੱਖਾਂ ਦਾ ਵਿਰੋਧ ਹੋਰ ਵੀ ਵਧ ਗਿਆ। ਇਸ ਵਿਰੋਧ ਨੂੰ ਕਾਂਗਰਸ ਅਤੇ ਖ਼ਿਲਾਫਤ ਕਮੇਟੀ ਨੇ ਵੀ ਸਹਾਇਤਾ ਦਿੱਤੀ। ਅੰਤ ਨੂੰ ਅੰਗਰੇਜ਼ ਸਰਕਾਰ ਨੂੰ ਸਿੱਖਾਂ ਅੱਗੇ ਝੁਕਣਾ ਪਿਆ। ਗੁਰਦੁਆਰੇ ਦੀ ਗੋਲਕ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀਆਂ ਗਈਆਂ। ਕੈਦੀ ਸਿੱਖਾਂ ਨੂੰ ਰਿਹਾ ਕੀਤਾ ਗਿਆ।

**(ਅ) ਗੁਰੂ ਦਾ ਬਾਗ਼ (Guru ka Bagh):-** ਜਿਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ ਤਾਂ ਉਸ ਵੇਲੇ ਗੁਰਦੁਆਰਾ ਗੁਰੂ ਦਾ ਬਾਗ਼ (ਜ਼ਿਲ੍ਹਾ ਅੰਮ੍ਰਿਤਸਰ) ਮਹੰਤ ਸੁੰਦਰ ਦਾਸ ਦੇ ਕਬਜੇ ਵਿੱਚ ਸੀ, ਜੋ ਕਿ ਇੱਕ ਚਰਿੱਤਰਹੀਣ ਵਿਅਕਤੀ ਸੀ, ਅਕਾਲੀਆਂ ਨੇ ਮਹੰਤ ਨੂੰ ਆਪਾ ਸੁਧਾਰਨ ਲਈ ਕਿਹਾ ਪਰ ਉਸ ਨੇ ਕੋਈ ਧਿਆਨ ਨਾ ਦਿੱਤਾ।

23 ਅਗਸਤ, 1921 ਈ: ਨੂੰ ਸ਼੍ਰੋਮਣੀ ਅਕਾਲੀ ਦਲ ਨੇ ਦਾਨ ਸਿੰਘ ਦੀ ਅਗਵਾਈ ਵਿੱਚ ਇੱਕ ਜਥਾ ਭੇਜਿਆ। ਉਸ ਨੇ ਗੁਰਦੁਆਰੇ ਉੱਤੇ ਕਬਜ਼ਾ ਤਾਂ ਕਰ ਲਿਆ ਪਰ ਮਹੰਤ ਨੇ ਗੁਰਦੁਆਰੇ ਦੀ ਜਾਇਦਾਦ ਉੱਤੇ ਆਪਣਾ ਹੱਕ ਜਤਾਉਂਦਿਆਂ। ਪੁਲਿਸ ਬੁਲਾ ਲਈ। ਸਿੱਟੇ ਵਜੋਂ ਉਸ ਜਥੇ ਨੂੰ ਬੰਦੀ ਬਣਾ ਲਿਆ ਗਿਆ। ਛੇਤੀ ਕੀ ਅਕਾਲੀ ਦਲ ਵੱਲੋਂ ਇੱਕ ਹੋਰ ਜਥਾ ਭੇਜਿਆ ਗਿਆ। ਉਸ ਜਥੇ ਦੇ ਸਿੱਖਾਂ ਉੱਤੇ ਵੀ ਪੁਲਿਸ ਨੇ ਅਤਿਆਚਾਰ ਕੀਤੇ। ਪਰ ਅਕਾਲੀ ਦਲ ਨੇ ਜਥੇ ਭੇਜਣੇ ਬੰਦ ਨਾ ਕੀਤੇ। ਉਹਨਾਂ ਜਥਿਆਂ ਦੇ ਸਿੱਖਾਂ ਨਾਲ਼ ਵੀ ਉਸੇ ਤਰ੍ਹਾਂ ਬਦਸਲੂਕੀ ਹੁੰਦੀ ਰਹੀ।

**(ੲ) ਬੱਬਰ ਅਕਾਲੀ ਲਹਿਰ (Babbar Akali Movement):-** ਬੱਬਰ ਅਕਾਲੀ ਲਹਿਰ ਦਾ ਜਨਮ ਗੁਰਦਵਾਰੇ ਵਿੱਚ ਬੈਠੇ ਮਹੰਤਾਂ ਅਤੇ ਪੁਲਿਸ ਦਾ ਮੁਕਾਬਲਾ ਕਰਨ ਲਈ ਹੋਇਆ। ਬੱਬਰ ਅਕਾਲੀਆਂ ਨੇ ਸਰਕਾਰ ਅਤੇ ਉਸ ਦੇ ਪਿੱਠੂਆਂ ਨਾਲ਼ ਟੱਕਰ ਲੈਣ ਲਈ ਪਹਿਲਾਂ 'ਚੱਕਰਵਰਤੀ' ਜਥਾ ਬਣਾਇਆ। ਜਦੋਂ ਇਹਨਾਂ ਨੇ 'ਬੱਬਰ ਅਕਾਲੀ' ਨਾਂ ਦਾ ਅਖਬਾਰ ਕੱਢਿਆ ਤਾਂ ਉਹਨਾਂ ਦਾ ਨਾਂ 'ਬੱਬਰ ਅਕਾਲੀ ਜਥਾ' ਬਣ ਗਿਆ। ਇਸ ਜਥੇ ਦੀ ਸਥਾਪਨਾ ਅਗਸਤ 1922 ਈ: ਨੂੰ ਹੋਈ।

ਬੱਬਰ ਅਕਾਲੀਆਂ ਦਾ ਮੁੱਖ ਉਦੇਸ਼ ਮੁਖਬਰਾਂ ਅਤੇ ਸਰਕਾਰੀ ਪਿੱਠੂਆਂ ਦਾ ਅੰਤ ਕਰਨਾ ਸੀ। ਬੱਬਰਾਂ ਦੀ ਭਾਸ਼ਾ ਵਿੱਚ ਇਸ ਨੂੰ 'ਸੁਧਾਰ ਕਰਨਾ' ਕਹਿੰਦੇ ਸਨ। ਬੱਬਰਾਂ ਨੂੰ ਇਹ ਭਰੋਸਾ ਸੀ ਕਿ ਜੇਕਰ ਸਰਕਾਰ

ਦੇ ਮੁਖਬਰਾਂ ਦਾ ਅੰਤ ਕਰ ਦਿੱਤਾ ਜਾਵੇ ਤਾਂ ਅੰਗਰੇਜ਼ੀ ਸਰਕਾਰ ਫੇਲ੍ਹ ਹੋ ਜਾਵੇਗੀ ਅਤੇ ਭਾਰਤ ਛੱਡ ਕੇ ਵਾਪਸ ਚਲੀ ਜਾਵੇਗੀ।

ਬੱਬਰ ਅਕਾਲੀ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਹਥਿਆਰ ਪ੍ਰਾਪਤ ਕਰਨਾ ਚਾਹੁੰਦੇ ਸਨ। ਉਹਨਾਂ ਦੇ ਆਪਣੇ ਸਿੰਘ ਵੀ ਹਥਿਆਰ ਬਨਾਉਣ ਦੇ ਯਤਨ ਕਰਦੇ ਸਨ। ਹਥਿਆਰਾਂ ਲਈ ਪੈਸੇ ਦੀ ਲੋੜ ਸੀ। ਧਨ ਇੱਕਠਾ ਕਰਨ ਲਈ ਉਹਨਾਂ ਨੇ ਡਾਕੇ ਮਾਰੇ। ਉਹਨਾਂ ਨੇ ਲੋਕਾਂ ਕੋਲੋਂ ਹਥਿਆਰ ਵੀ ਖੋਹੇ। ਉਹਨਾਂ ਨੇ ਪੰਜਾਬੀ ਫ਼ੌਜੀਆਂ ਨੂੰ ਵੀ ਅਪੀਲਾਂ ਕੀਤੀਆਂ ਕਿ ਉਹ ਆਪਣੇ ਹਥਿਆਰ ਲੈ ਕੇ ਫੌਜ਼ ਵਿੱਚੋਂ ਆਜ਼ਾਦੀ ਦੇ ਕਾਰਜ ਵਿੱਚ ਹਿੱਸਾ ਲੈਣ।

ਬੱਬਰਾਂ ਨੇ ਸਾਈਕਲੋਸਟਾਈਲ ਮਸ਼ੀਨ ਨਾਲ਼ ਆਪਣਾ ਅਖਬਾਰ 'ਬੱਬਰ ਅਕਾਲੀ ਦੁਆਬਾ' ਕੱਢਿਆ। ਉਸ ਅਖਬਾਰ ਦਾ ਚੰਦਾ ਇਹ ਸੀ ਕਿ ਉਸ ਅਖਬਾਰ ਨੂੰ ਪੜ੍ਹਨ ਵਾਲ਼ਾ, ਉਸ ਅਖਬਾਰ ਨੂੰ ਅੱਗੇ ਪੰਜਾਂ ਬੰਦਿਆਂ ਨੂੰ ਪੜ੍ਹਾਵੇ। ਉਹਨਾਂ ਨੇ ਅਖਬਾਰ ਵਿੱਚ 179 ਬੰਦਿਆਂ ਦੀ ਸੂਚੀ ਛਾਪੀ ਜਿਨ੍ਹਾਂ ਦਾ ਉਹਨਾਂ ਨੇ ਸੁਧਾਰ ਕਰਨਾ ਸੀ। ਜਿਨ੍ਹਾਂ ਦਾ ਅੰਤਿਮ ਸਮਾਂ ਆ ਗਿਆ ਹੁੰਦਾ ਉਹਨਾਂ ਨੂੰ ਉਹ ਅਖਬਾਰ ਰਾਹੀਂ ਹੀ ਸੂਚਿਤ ਕਰ ਦਿੰਦੇ। ਦੋ ਤਿੰਨ ਬੱਬਰ ਉਨ੍ਹਾਂ ਦੇ ਪਿੰਡ ਜਾਂਦੇ ਅਤੇ ਪਿੱਠੂਆਂ ਨੂੰ ਕਤਲ ਕਰ ਆਉਂਦੇ। ਉਹ ਸ਼ਰੇਆਮ ਪਿੰਡ ਵਿੱਚ ਖਲ੍ਹੋ ਕੇ ਕਤਲ ਦੀ ਜ਼ੁੰਮੇਵਾਰੀ ਵੀ ਲੈਂਦੇ। ਇਸ ਤਰ੍ਹਾਂ ਉਹਨਾਂ ਨੇ ਅਨੇਕਾਂ ਨੂੰ ਸੋਧਿਆ। ਉਹਨਾਂ ਨੇ ਪੁਲਸ ਨਾਲ਼ ਵੀ ਕਈ ਮੁਕਾਬਲੇ ਕੀਤੇ।

ਸਰਕਾਰ ਨੇ ਬੱਬਰਾਂ ਨੂੰ ਖ਼ਤਮ ਕਰਨ ਦਾ ਨਿਸਚਾ ਕੀਤਾ। ਉਹਨਾਂ ਦਾ ਪਿੱਛਾ ਕੀਤਾ ਗਿਆ। ਉਹਨਾਂ ਵਿੱਚੋਂ ਕੁਝ ਫੜੇ ਗਏ ਅਤੇ ਮਾਰੇ ਗਏ। ਸੌ ਤੋਂ ਵੱਧ ਬੱਬਰਾਂ ਉੱਤੇ ਮੁਕੱਦਮਾ ਚੱਲਿਆ। 27 ਫਰਵਰੀ, 1926 ਈ: ਨੂੰ ਜਥੇਦਾਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਧਰਮ ਸਿੰਘ ਹਯਾਤਪੁਰਾ, ਕਰਮ ਸਿੰਘ ਮਾਣਕੋ, ਨੰਦ ਸਿੰਘ ਘੁੜਿਆਲ ਅਤੇ ਦਲੀਪ ਸਿੰਘ ਧਾਮੀਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ।

ਭਾਵੇਂ ਬੱਬਰ ਲਹਿਰ ਫ਼ੇਲ ਹੋ ਗਈ ਪਰ ਇਸ ਲਹਿਰ ਨੇ ਪੰਜਾਬੀਆਂ ਨੂੰ ਦੇਸ ਦੀ ਆਜ਼ਾਦੀ ਲਈ ਜਾਨਾਂ ਵਾਰਨਾ ਸਿਖਾਇਆ।

## (ਸ) ਜੈਤੋ ਦਾ ਮੋਰਚਾ
## (Morcha of Jaitu)

ਰਿਪੁਦਮਨ ਸਿੰਘ, ਮਹਾਰਾਜਾ ਨਾਭਾ ਨੇ ਗਵਰਨਰ ਜਨਰਲ ਦੀ ਕੌਂਸਲ ਦਾ ਮੈਂਬਰ ਬਣਦਿਆਂ ਹੀ ਆਨੰਦ ਮੈਰਿਜ ਬਿਲ ਪਾਸ ਕਰਵਾਇਆ। ਉਸ ਨੇ ਗੁਰਦੁਆਰਾ ਰਕਾਬ ਗੰਜ ਦੇ ਮੋਰਚੇ ਸਮੇਂ ਸਿੱਖ ਕੌਮ ਦਾ ਸਾਥ ਦਿੱਤਾ। ਇਸ ਨਾਲ਼ ਦੇਸ ਅਤੇ ਕੌਮ ਵਿੱਚ ਉਸ ਦਾ ਸਤਿਕਾਰ ਵਧ ਗਿਆ। ਮਹਾਰਾਜਾ ਦੇ ਮਾਣ ਅਤੇ ਸਤਿਕਾਰ ਵਿਚਲਾ ਵਾਧਾ ਅੰਗਰੇਜ਼ ਸਰਕਾਰ ਨੂੰ ਚੰਗਾ ਨਾ ਲੱਗਿਆ। ਅੰਗਰੇਜ਼ ਸਰਕਾਰ ਹੁਣ ਕਿਸੇ ਨਾ ਕਿਸੇ ਬਹਾਨੇ ਉਸ ਨੂੰ ਜ਼ਲੀਲ ਕਰਨਾ ਚਾਹੁੰਦੀ ਸੀ। ਵਿਸ਼ਵ ਦੇ ਪਹਿਲੇ ਯੁੱਧ ਸਮੇਂ ਅੰਗਰੇਜ਼ਾਂ ਨੂੰ ਉਹ ਮੌਕਾ ਮਿਲ ਗਿਆ, ਕਿਉਂਕਿ ਉਸ ਯੁੱਧ ਵਿੱਚ ਮਹਾਰਾਜਾ ਨਾਭਾ ਨੇ ਆਪਣੀਆਂ ਫ਼ੌਜ਼ਾਂ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ। ਓਧਰ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਅਤੇ ਮਹਾਰਾਜਾ ਰਿਪੁਦਮਨ ਸਿੰਘ ਵਿਚਕਾਰ ਝਗੜਾ ਚੱਲ ਪਿਆ। ਅੰਗਰੇਜ਼ਾਂ ਨੇ ਮਹਾਰਾਜਾ ਪਟਿਆਲਾ ਰਾਹੀਂ ਮਹਾਰਾਜਾ ਨਾਭਾ ਦੇ ਖਿਲਾਫ਼ ਕਈ ਮੁਕੱਦਮੇ ਬਣਾ ਦਿੱਤੇ। ਫਲਸਰੂਪ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ।

ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹੁਣ ਤੇ ਸਿੱਖਾਂ ਵਿੱਚ ਬੜਾ ਗੁੱਸਾ ਪੈਦਾ ਹੋਇਆ। ਸ਼੍ਰੋਮਣੀ ਕਮੇਟੀ ਨੇ ਇਹ ਮਾਮਲਾ ਆਪਣੇ ਹੱਥਾਂ ਵਿੱਚ ਲੈ ਲਿਆ। ਸਿੱਖਾਂ ਨੇ ਰੋਸ ਦਿਵਸ ਮਨਾਉਣ ਦਾ ਫੈਸਲਾ ਕੀਤਾ। ਇਹਨਾਂ ਪ੍ਰੋਗਰਾਮਾਂ ਦੀ ਤਿਆਰੀ ਲਈ ਥਾਂ-ਥਾਂ 'ਤੇ ਦੀਵਾਨ ਕੀਤੇ ਗਏ। ਜੈਤੋ ਵਿਖੇ ਵੀ ਦੀਵਾਨ ਹੋਇਆ। ਪੁਲਿਸ ਨੇ ਬਹੁਤ ਸਾਰੇ ਬੰਦ ਫੜ ਲਏ। 13 ਸਤੰਬਰ, 1923 ਈ: ਨੂੰ ਜੈਤੋ ਦੇ ਗੁਰਦਵਾਰਾ ਗੰਗਸਰ ਉੱਤੇ

ਕਬਜ਼ਾ ਕਰ ਲਿਆ। ਉਸ ਵੇਲੇ ਉਸ ਗੁਰਦਵਾਰੇ ਵਿੱਚ ਅਖੰਡ ਪਾਠ ਹੋ ਰਿਹਾ ਸੀ। ਸਿੱਟੇ ਵਜੋ ਉਹ ਪਾਠ ਖੰਡਤ ਹੋ ਗਿਆ। ਸਿੱਖਾਂ ਨੇ ਅੰਗਰੇਜ਼ਾਂ ਨਾਲ਼ ਟੱਕਰ ਲਈ ਉਥੇ ਆਪਣਾ ਮੋਰਚਾ ਲਾ ਦਿੱਤਾ।

15 ਸਤੰਬਰ, 1923 ਈ: ਨੂੰ ਸਿੰਘਾਂ ਨੇ 25 ਸਿੰਘਾਂ ਦਾ ਆਪਣਾ ਪਹਿਲਾ ਜਥਾ ਜੈਤੋ ਭੇਜਿਆ। ਛੇ ਮਹੀਨੇ 25,25 ਸਿੰਘਾਂ ਦੇ ਜਥੇ ਜੈਤੋ ਜਾਂਦੇ ਰਹੇ। ਸਰਕਾਰ ਉਹਨਾਂ ਜਥਿਆਂ ਉੱਤੇ ਅਤਿਆਚਾਰ ਕਰਦੀ ਰਹੀ। ਮੋਰਚਾ ਲੰਬਾ ਹੁੰਦਾ ਵੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜ-ਪੰਜ ਸੌ ਦੇ ਜਥੇ ਭੇਜਣ ਦਾ ਪ੍ਰੋਗਰਾਮ ਬਣਾਇਆ। 500 ਦਾ ਪਹਿਲਾ ਜਥਾ ਜਥੇਦਾਰ ਊਧਮ ਸਿੰਘ ਨਾਗੋਕੇ ਦੀ ਅਗਵਾਈ ਵਿੱਚ ਅਕਾਲ ਤਖ਼ਤ ਤੋਂ ਚੱਲਿਆ। ਜਥੇ ਨਾਲ਼ ਹਜ਼ਾਰਾਂ ਲੋਕ ਮਾਝਾ ਅਤੇ ਮਾਲਵਾ ਹੁੰਦੇ ਹੋਏ ਨਾਭਾ ਰਿਆਸਤ ਦੀ ਹੱਦ ਵਿੱਚ ਦਾਖ਼ਲ ਹੋਏ ਤਾਂ ਸੰਗਤਾਂ ਨੂੰ ਵਾਪਸ ਜਾਣ ਦੀ ਅਪੀਲ ਕੀਤੀ ਗਈ। ਕੋਈ ਵੀ ਸਿੰਘ ਪਿੱਛੇ ਨਾ ਮੁੜਿਆ। ਜਦੋਂ ਇਹ ਜਥਾ ਗੁਰਦੁਆਰਾ ਗੰਗਸਰ ਤੋਂ ਇੱਕ ਫਰਲਾਂਗ ਦੀ ਦੂਰੀ ਤੇ ਸੀ ਤਾਂ ਅੰਗਰੇਜ਼ ਸਰਕਾਰ ਦੀਆਂ ਮਸ਼ੀਨਗਨਾਂ ਨੇ ਗੋਲੀਆਂ ਦਾ ਮੀਂਹ ਬਰਸਾਉਣਾ ਸ਼ੁਰੂ ਕਰ ਦਿੱਤਾ। ਗੋਲੀਆਂ ਤੋਂ ਡਰ ਕੇ ਵੀ ਸਿੰਘ ਪਿੱਛੇ ਨਾ ਮੁੜੇ। ਅਨੇਕਾਂ ਸਿੰਘ ਸ਼ਹੀਦਾਂ ਹੋ ਗਏ।

ਜੈਤੋ ਦਾ ਮੋਰਾ ਦੋ ਸਾਲ ਚੱਲਦਾ ਰਿਹਾ। ਪੰਜ-ਪੰਜ ਸੌ ਦੇ ਜਥੇ ਆਉਂਦੇ ਰਹੇ। ਉਹ ਦੇਸ ਅਤੇ ਕੌਮ ਲਈ ਕੁਰਬਾਨੀਆਂ ਕਰਦੇ ਰਹੇ। ਪੰਜਾਬ ਤੋਂ ਬਾਹਰੋਂ ਕਲਕੱਤਾ, ਕਨੇਡਾ, ਸ਼ੰਘਾਈ ਅਤੇ ਹਾਂਗਕਾਂਸ ਤੋਂ ਵੀ ਜੈਤੋਂ ਵਿਖੇ ਜਥੇ ਪੁੱਜੇ। ਅੰਤ ਨੂੰ ਗੁਰਦਵਾਰੇ ਤੋਂ ਪੁਲਿਸ ਦਾ ਪਹਿਰਾ ਹਟਾ ਲਿਆ ਗਿਆ ਅਤੇ 1925 ਈ: ਨੂੰ ਸਰਕਾਰ ਨੂੰ ਗੁਰਦਵਾਰਾ ਐਕਟ ਪਾਸ ਕਰਨਾ ਪਿਆ ਤੇ ਅਕਾਲੀਆਂ ਨੇ ਜੈਤੋ ਦਾ ਮੋਰਚਾ ਖਤਮ ਕਰ ਦਿੱਤਾ।

## 10. ਸਾਈਮਨ ਕਮਿਸ਼ਨ
## (Simon Commission)

1928 ਈ: ਦੇ ਆਰੰਭ ਵਿੱਚ ਅੰਗਰੇਜ਼ ਸਰਕਾਰ ਦੁਆਰਾ ਨਿਯੁਕਤ ਕੀਤਾ ਸੱਚ ਮੈਂਬਰਾਂ ਦਾ ਇੱਕ ਕਮਿਸ਼ਨ ਭਾਰਤ ਵਿੱਚ ਆਇਆ। ਇਸ ਦਾ ਪ੍ਰਧਾਨ ਇੰਗਲੈਂਡ ਦਾ ਪ੍ਰਸਿੱਧ ਵਕੀਲ, ਸਰ ਜਾਨ ਸਾਈਮਨ (Sir John Simon) ਸੀ। ਇਸ ਕਮਿਸ਼ਨ ਦੇ ਸਾਰੇ ਹੀ ਮੈਂਬਰ ਅੰਗਰੇਜ਼ ਸਨ। ਕਿਉਂਕਿ ਇਸ ਕਮਿਸ਼ਨ ਵਿੱਚ ਇੱਕ ਵੀ ਭਾਰਤੀ ਸ਼ਾਮਲ ਨਹੀਂ ਸੀ ਕੀਤਾ ਗਿਆ। ਇਸ ਲਈ ਭਾਰਤੀਆਂ ਨੇ ਇਸ ਕਮਿਸ਼ਨ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ।

30 ਅਕਤੂਬਰ, 1928ਈ: ਨੂੰ ਸਾਈਮਾਨ ਕਮਿਸ਼ਨ ਲਾਹੌਰ ਪੁੱਜਾ। ਉਸ ਦਾ ਵਿਰੋਧ ਕਰਨ ਲਈ, ਪੰਜਾਬੀਆਂ ਨੇ, ਜਿਨ੍ਹਾਂ ਦਾ ਨੇਤਾ ਲਾਲਾ ਲਾਜਪਤ ਰਾਏ ਸੀ, ਜ਼ਬਰਦਸਤ ਮੁਜ਼ਾਹਰਾ ਕੀਤਾ। ਪੰਜਾਬੀ ਦੇਸ-ਭਗਤਾਂ ਵੱਲੋਂ ਨਾਅਰੇ ਲਾਏ ਗਏ-ਸਾਈਮਨ ਕਮਿਸ਼ਨ ਵਾਪਸ ਮੁੜ ਜਾਉ। ਵੰਦੇ ਮਾਤਰਮ। ਇਸ ਸਮੇਂ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਅੰਗਰੇਜ਼ ਪੁਲਿਸ ਮਿਸਟਰ ਸਾਂਡਰਸ ਨੇ ਲਾਲਾ ਲਾਜਪਤ ਰਾਏ ਦੀ ਛਾਤੀ ਉੱਤੇ ਲਾਠੀ ਦੇ ਵਾਰ ਕੀਤੇ। ਹੋਰ ਦੇਸ਼ ਭਗਤਾਂ ਉੱਤੇ ਲਾਠੀਆਂ ਮਾਰੀਆਂ ਗਈਆਂ। ਇਸ ਲਾਠੀ ਚਾਰਜ ਵਿੱਚ ਕਈ ਬੁੱਢੇ, ਜਵਾਨ, ਬੱਚੇ ਅਤੇ ਔਰਤਾਂ ਵੀ ਜ਼ਖਮੀ ਹੋਈਆਂ। ਲਾਠੀਆਂ ਦੀ ਉਸ ਬਰਸਾਤ ਵਿੱਚ ਲਾਲਾ ਲਾਜਪਤ ਰਾਏ ਜੀ ਨੇ ਭਵਿੱਖ-ਬਾਣੀ ਕੀਤਾ- "ਮੇਰੇ ਸ਼ਰੀਰ ਤੇ ਪਈ ਲਾਠੀ ਦੀ ਇੱਕ-ਇੱਕ ਸੱਟ ਬਰਤਾਵਲੀ ਸਰਕਾਰ ਦੇ ਕਫ਼ਨ_ਵੱਚ ਇੱਕ-ਇੱਕ ਕਿੱਲ ਹੋਵੇਗੀ।' ਅੰਗਰੇਜ਼ੀ ਲਾਠੀਆਂ ਦੀਆਂ ਭਿਆਨਕ ਸੱਟਾਂ ਕਾਰਣ ਲਾਲਾ ਲਾਜਪਤ ਰਾਏ ਜੀ 17 ਨਵੰਬਰ 1928 ਈ: ਸ਼ਹੀਦ ਹੋ ਗਏ।

## 11. ਨੌਜਵਾਨ ਭਾਰਤ ਸਭਾ

ਸਰਦਾਰ ਭਗਤ ਸਿੰਘ, ਭਗਵਤੀ ਚਰਣ ਵੋਹਰਾ, ਸੁਖਦੇਵ, ਪ੍ਰਿੰਸੀਪਲ ਛਬੀਲ ਦਾਸ ਅਤੇ ਯਸ਼ਪਾਲ ਆਦਿ ਨੇ 1925-26 ਈ: ਵਿੱਚ ਲਾਹੌਰ ਵਿਖੇ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਕੀਤੀ।

ਭਗਤ ਸਿੰਘ ਆਪ ਉਸ ਦਾ ਜਨਰਲ ਸਕੱਤਰ ਨਿਯੁਕੱਤ ਹੋਇਆ। ਇਸ ਸੰਸਥਾ ਨੂੰ ਗਰਮ ਧੜ੍ਹੇ ਦੇ ਕਾਂਗਰਸੀ ਨੇਤਾਵਾਂ ਦੀ ਹਮਾਇਤ ਹਾਸਿਲ ਸੀ। ਇਸ ਸੰਸਥਾ ਜਲਦੀ ਹੀ ਕ੍ਰਾਂਤੀਕਾਰੀਆਂ ਦਾ ਕੇਂਦਰ ਬਣ ਗਈ।

ਇਸ ਸੰਸਥਾ ਦਾ ਉਦੇਸ਼ ਨੌਜਵਾਨਾਂ ਵਿੱਚ ਜਾਗ੍ਰਿਤੀ ਲਿਆਉਣਾ ਸੀ। ਇਸ ਲਈ ਸਮੇਂ-ਸਮੇਂ ਤੇ ਇਹ ਸੰਸਥਾ ਲਾਹੌਰ ਵਿੱਚ ਮੀਟਿੰਗਾਂ ਕਰਕੇ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ ਉੱਤੇ ਬਹਿਸ ਕਰਦੀ ਸੀ। ਇਸ ਸਭਾ ਵਿੱਚ ਦੂਸਰੇ ਦੇਸਾਂ ਵਿੱਚ ਆਏ ਇਨਕਲਾਬਾਂ ਉੱਤੇ ਵੀ ਵਿਚਾਰ ਕੀਤਾ ਜਾਂਦਾ ਸੀ। ਭਗਤ ਸਿੰਘ ਨੇ 8 ਅਪ੍ਰੈਲ 1929 ਈ. ਨੂੰ ਅਸੈਂਬਲੀ ਬੰਬ ਕੇਸ ਵਿੱਚ ਹਿੱਸਾ ਲਿਆ ਅਤੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ। 23 ਮਾਰਚ 1931 ਈ: ਨੂੰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ।

## 12. ਪੂਰਨ ਸਵਰਾਜ ਪ੍ਰਸਤਾਵ
## (Complete Independence Resolution)

ਕਾਂਗਰਸ ਨੇ ਆਪਣੇ ਕਲੱਕਤਾ ਦੇ ਇਜਲਾਸ ਵਿੱਚ ਡੁਮੀਨੀਅਨ ਸਟੇਟਸ (Dominion states) ਦੀ ਥਾਂ ਪੂਰਨ ਸਵਰਾਜ ਨੂੰ ਆਪਣਾ ਰਾਜਨੀਤਿਕ ਉਦੇਸ਼ ਘੋਸ਼ਿਤ ਕਰਨਾ ਦਾ ਫੈਸਲਾ ਕੀਤਾ। ਇਸ ਫੈਸਲੇ ਦੇ ਅਨੁਸਾਰ 31 ਦਸੰਬਰ, 1929 ਈ: ਨੂੰ ਲਾਹੌਰ ਵਿਖੇ ਕਾਂਗਰਸ ਦਾ ਇਜਲਾਸ ਬੁਲਾਇਆ ਗਿਆ। ਉਸ ਇਜਲਾਸ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਸਨ। ਉਸ ਦਿਨ ਅੱਧੀ ਰਾਤ ਸਮੇਂ ਰਾਵੀ ਦੇ ਕੰਢੇ ਤੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ। ਨਹਿਰੂ ਨੇ 'ਇਨਕਲਾਬ, ਜਿੰਦਾਬਾਦ' ਦੇ ਨਾਅਰਿਆਂ ਵਿੱਚ ਕੌਮੀ ਝੰਡਾ ਲਹਿਰਾਇਆ। ਬਾਅਦ ਵਿੱਚ ਇੱਕਠੇ ਹੋਏ ਦੇਸ-ਭਗਤਾਂ ਨੇ 'ਆਜ਼ਾਦੀ ਦੀ ਪ੍ਰਤਿੱਗਿਆ' ਨੂੰ ਪੜ੍ਹਿਆ। ਕੁਝ ਦਿਨ ਮਗਰੋਂ ਕਾਂਗਰਸ ਵਰਕਿੰਗ ਕਮੇਟੀ ਨੇ ਇਹ ਹੁਕਮ ਵੀ ਜਾਰੀ ਕੀਤਾ ਕਿ 26 ਜਨਵਰੀ, 1930 ਵਾਲੇ ਦਿਨ ਸਾਰੇ ਭਾਰਤ ਵਿੱਚ ਸੁਤੰਤਰਤਾ ਦਿਵਸ ਮਨਾਇਆ ਜਾਵੇ।

## 13. ਪਰਜਾ ਮੰਡਲ ਲਹਿਰ
## (Praja Mandal Movement)

ਪੰਜਾਬ ਵਿੱਚ ਪਟਿਆਲਾ ਦੀ ਰਿਆਸਤ ਪੜ੍ਹਾਈ ਅਤੇ ਉਦਯੋਗ ਵਿੱਚ ਪਛੜੀ ਹੋਈ ਸੀ। ਉਹਨਾਂ ਲੋਕਾਂ ਵਿੱਚ ਰਾਜਨੀਤਿਕ ਜਾਗ੍ਰਿਤੀ ਵੀ ਨਹੀਂ ਸੀ। 1929-1938 ਈ: ਤੱਕ ਵਿਚਕਾਰਲੇ ਮੇਲ ਦੇ ਕਿਸਾਨ ਹੀ ਰਾਜਨੀਤਿਕ ਤੌਰ ਤੇ ਜਾਗ੍ਰਿਤ ਸਨ।

ਸੇਵਾ ਸਿੰਘ ਠੀਕਰੀਵਾਲਾ ਨੇ ਪਟਿਆਲਾ ਰਿਆਸਤੀ ਦਲ ਕਾਇਮ ਕੀਤਾ ਸੀ। 9 ਜੁਲਾਈ 1923 ਈ: ਨੂੰ ਉਸ ਨੂੰ ਬੰਦੀ ਬਣਾਇਆ ਗਿਆ। ਜੈਤੋ ਦੇ ਮੋਰਚੇ ਵੇਲੇ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਨੇ ਠੀਕਰੀਵਾਲਾ ਨੂੰ ਆਪਣੇ ਨਾਲ਼ ਮਿਲਾਉਣਾ ਚਾਹਿਆ ਪਰ ਉਹ ਕਿਸੇ ਕੀਮਤ ਤੇ ਵੀ ਨਾ ਮੰਨਿਆ। ਮਹਾਰਾਜਾ ਪਟਿਆਲਾ ਨੇ ਉਸ ਨੂੰ ਬੰਦੀ ਬਣਾ ਕੇ ਲਾਹੌਰ ਜੇਲ੍ਹ ਵਿੱਚ ਭੇਜ ਦਿੱਤਾ। ਪਰ ਉਸ ਦੀ ਗੈਰ ਹਾਜ਼ਰੀ ਵਿੱਚ ਉਸ ਨੂੰ ਰਿਆਸਤੀ ਅਕਾਲੀ ਦਲ ਦੇ ਜਥੇਦਾਰ ਅਤੇ ਮਾਲਵਾ ਪ੍ਰਤੀਨਿੱਧ ਖਾਲਸਾ ਦੀਵਾਨ ਦਾ ਪ੍ਰਧਾਨ ਚੁਣ ਲਿਆ ਗਿਆ।

1925 ਈ: ਵਿੱਚ ਗੁਰਦਵਾਰਾ ਐਕਟ ਅਨੁਸਾਰ ਸਿੱਖਾਂ ਨੂੰ ਰਿਹਾ ਕੀਤਾ ਗਿਆ। ਪਰ ਸੇਵਾ ਸਿੰਘ ਠੀਕਰੀਵਾਲਾ ਨਾ ਰਿਹਾਅ ਹੋਣ ਵਾਲੇ ਵਿਅਕਤੀਆਂ ਵਿੱਚੋਂ ਇੱਕ ਸੀ। ਜਦੋਂ ਉਹ ਲਾਹੌਰ ਤੋਂ ਰਿਹਾਅ ਹੋਇਆ ਤਾਂ ਚੋਰੀ ਦਾ ਮੁਕੱਦਮਾ ਬਮਾ ਕੇ ਉਸ ਨੂੰ ਫਿਰ ਸਤੰਬਰ, 1926 ਈ: ਵਿੱਚ ਤਿੰਨ ਸਾਲਾਂ ਲਈ ਪਟਿਆਲਾ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।

ਸੇਵਾ ਸਿੰਘ ਠੀਕਰੀਵਾਲਾ ਨੂੰ, ਕਿਸੇ ਨਾ ਕਿਸੇ ਬਹਾਨੇ ਪਟਿਆਲਾ ਸਰਕਾਰ ਅੰਗਰੇਜ਼ ਸਰਕਾਰ ਦੀ ਸ਼ਹਿ ਹੇਠ ਗ੍ਰਿਫ਼ਤਾਰ ਕਰਦੀ ਰਹੀ। 24 ਅਗਸਤ, 1928 ਈ: ਨੂੰ ਪਟਿਆਲਾ ਜ਼ੇਲ ਵਿੱਚੋਂ ਅਜ਼ਾਦ ਹੋਣ ਤੇ ਠੀਕਰੀਵਾਲਾ ਨੂੰ ਪੰਜਾਬ ਪਰਜਾ ਮੰਡਲ ਅਤੇ ਰਿਆਸਤੀ ਪਰਜਾ ਮੰਡਲ ਦਾ ਪ੍ਰਧਾਨ ਚੁਣ ਲਿਆ ਗਿਆ। ਉਸ ਨੇ ਕਿਸਾਨਾਂ ਅਤੇ ਆਮ ਲੋਕਾਂ ਦੇ ਮਸਲਿਆਂ ਲਈ ਕਾਨਫ਼ਰੰਸਾਂ ਸ਼ੁਰੂ ਕਰ ਦਿੱਤੀਆਂ। ਉਸ ਨੇ ਰਿਆਸਤ ਪਟਿਆਲਾ ਵਿੱਚ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ ਉਠਾਈ। ਉਸ ਦਾ ਸਾਥ ਬਾਬਾ ਹੀਰਾ ਸਿੰਘ ਭੱਠਲ, ਹਰਨਾਮ ਸਿੰਘ ਚਮਕ, ਸੰਪੂਰਣ ਸਿੰਘ ਧੌਲਾ, ਤੇਜਾ ਸਿੰਘ ਸੁਤੰਤਰ, ਹਰਦਿੱਤ ਸਿੰਘ ਭੱਠਲ, ਬਾਬਾ ਸੰਦਰ ਸਿੰਘ ਆਦਿ ਨੇ ਦਿੱਤਾ। ਇਹਨਾਂ ਮਰਜੀਵੜਿਆਂ ਨੇ ਰਿਆਸਤੀ ਹਕੂਮਤ ਅਤੇ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕੀਤਾ।

## 14. ਆਜ਼ਾਦ ਹਿੰਦ ਫੌਜ

## (Indian National Army)

ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 1920 ਈ: ਵਿੱਚ ਆਈ.ਸੀ.ਐਸ.ਦੀ ਪਰੀਖਿਆ ਪਾਸ ਕੀਤੀ। ਉਹ ਉਚ ਸਰਕਾਰੀ ਪਦਵੀ ਉੱਤੇ ਨਿਯੁਕਤ ਵੀ ਹੋ ਗਿਆ। ਪਰੰਤੂ ਦੇਸ-ਭਗਤੀ ਦੇ ਜਜ਼ਬੇ ਨੇ ਉਸ ਨੂੰ ਸਰਕਾਰੀ ਨੌਕਰੀ ਛੱਡਣ ਲਈ ਮਜ਼ਬੂਰ ਕਰ ਦਿੱਤਾ ਅਤੇ ਉਹ ਕਾਂਗਰਸ ਦਾ ਮੈਂਬਰ ਬਣ ਗਿਆ। ਉਸ ਨੇ ਦੇਸ ਦੀ ਆਜ਼ਾਦੀ ਲਈ ਦੇਸ ਦੇ ਨੇਤਾਵਾਂ ਦਾ ਸਾਥ ਦਿੱਤਾ।

ਦੂਜੇ ਵਿਸ਼ਵ ਯੁੱਧ ਵੇਲੇ ਸਰਕਾਰ ਵਿਰੋਧੀ ਗਤੀਵਿਰੋਧੀਆਂ ਦੇ ਕਾਰਨ ਉਸ ਨੂੰ ਉਸ ਦੇ ਘਰ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਪਰ ਉਹ ਉੱਥੋਂ ਨਿਕਲ ਦੇ ਬਰਮਾ ਪੁੱਜ ਗਿਆ। 1943 ਈ: ਨੂੰ ਸੁਭਾਸ਼ ਚੰਦਰ ਬੋਸ ਨੇ ਸਿੰਘਾਪੁਰ ਵਿਖੇ ਭਾਰਤੀਆਂ ਨੂੰ ਇੱਕਠਾ ਕਰ ਕੇ 'ਆਜ਼ਾਦ ਹਿੰਦ ਫੌਜ' ਦੀ ਸਥਾਪਨਾ ਕੀਤੀ। ਜਿਸ ਵਿੱਚ ਜਨਰਲ ਸ਼ਾਹ ਨਿਵਾਜ਼, ਜਨਰਸਲ ਗੁਰਦਿਆਲ ਸਿੰਘ ਢਿੱਲੋਂ, ਪ੍ਰੇਮ ਸਹਿਗਲ ਅਤੇ ਜਨਰਲ ਮੋਹਣ ਸਿੰਘ ਵਰਗੇ ਪੰਜਾਬੀ ਦੇਸ਼-ਭਗਤ ਸਨ। ਇਸ ਫ਼ੌਜ ਦਾ ਮੁੱਖ ਉਦੇਸ਼ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣਾ ਸੀ। ਇਸੇ ਲਈ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਭਾਰਤੀ ਨੌਜਵਾਨਾਂ ਕੋਲੋਂ ਬਲੀਦਾਨ ਦੀ ਮੰਗ ਕਰਦੇ ਹੋਏ ਕਿਹਾ- 'ਤੁਸੀਂ ਮੈਨੂੰ ਖੂਨ ਦਿਓ, ਮੈ ਤੁਹਾਨੂੰ ਆਜ਼ਾਦੀ ਦਿਆਂਗਾਂ।'

ਜਾਪਾਨ ਨੇ ਅਜ਼ਾਦ ਹਿੰਦ ਫੌਜ ਨੂੰ ਸਮਰਥਨ ਦੇਣ ਦਾ ਭਰੋਸਾ ਦਿੱਤਾ। 21 ਅਕਤੂਬਰ, 1943 ਈ: ਨੂੰ ਨੇਤਾ ਜੀ ਨੇ ਸਿੰਘਾਪੁਰ ਵਿਖੇ ਸੁਤੰਤਰ ਸਾਮਰਾਜ ਦੀ ਸਥਾਪਨਾ ਕੀਤੀ।

1 ਮਾਰਚ, 1944 ਈ: ਨੂੰ ਅਜ਼ਾਦ ਹਿੰਦ ਫ਼ੌਜ ਦੇ ਸੈਨਿਕ ਮਨਮਾਰ (ਬਰਮਾ) ਤੋਂ ਹੁੰਦੇ ਹੋਏ ਆਸਾਮ ਪੁੱਜੇ। ਉਹਨਾਂ ਨੇ ਇੰਫਾਲ ਨੂੰ ਘੇਰਾ ਪਾ ਲਿਆ। ਪਰ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੀ ਹਾਲਤ ਕਮਜ਼ੋਰ ਹੋ ਗਈ। ਅੰਗਰੇਜ਼ੀ ਸੈਨਾ ਨੇ ਮਈ, 1945ਈ: ਨੂੰ ਰੰਗੂਨ ਉੱਤੇ ਕਬਜ਼ਾ ਕਰ ਲਿਆ। ਬੇਬਸ ਹੋ ਕੇ ਆਜ਼ਾਦ ਹਿੰਦ ਫੌਜ਼ ਦੇ ਸੈਨਿਕਾਂ ਨੂੰ ਵੀ ਆਤਮ-ਸਮਰਪਣ ਕਰਨਾ ਪਿਆ। ਜਨਰਲ ਸ਼ਾਹ ਨਿਵਾਜ਼, ਜਨਰਲ ਗੁਰਦਿਆਲ ਸਿੰਘ ਢਿੱਲੋਂ ਪ੍ਰੇਮ ਸਹਿਗਲ ਉੱਤੇ ਦੇਸ-ਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ।

ਨਵੰਬਰ, 1945 ਈ: ਵਿੱਚ ਦਿੱਲੀ ਦੇ ਲਾਲ ਕਿਲ੍ਹਾ ਵਿਖੇ ਉਪਰੋਕਤ ਤਿੰਨਾਂ ਅਧਿਕਾਰੀਆਂ ਦੇ ਮੁਕੱਦਮੇ ਦੀ ਸੁਣਵਾਈ ਹੋਈ। ਜਵਾਹਰ ਲਾਲ ਨਹਿਰੂ, ਤੇਜ ਬਹਾਦਰ ਸਪੂਰ, ਭੂਲਾ ਭਾਈ ਦੇਸਾਈ ਆਦਿ ਉੱਘੇ ਵਕੀਲਾਂ ਨੇ ਉਹਨਾਂ ਦੇ ਮੁਕੱਦਮੇ ਦੀ ਪੈਰਵੀ ਕੀਤੀ। ਉਹਨਾਂ ਤਿੰਨਾਂ ਅਧਿਕਾਰੀਆਂ ਨੂੰ ਉਮਰ ਕੈਦ ਹੋਈ ਜਿਹੜੀ ਬਾਅਦ ਵਿੱਚ ਰੱਦ ਹੋ ਗਈ। ਫਿਰ ਵੀ ਦੇਸ ਵਿੱਚ ਰੋਸ ਮੁਜ਼ਾਹਰੇ ਹੋਏ। ਸੈਨਿਕਾਂ ਵਿੱਚ ਵੀ ਵਿਦਰੋਹ ਦੀ ਲਹਿਰ ਫੈਲ ਗਈ। ਇਸ ਨਾਲ਼ ਬ੍ਰਿਟਿਸ਼ ਸਰਕਾਰ ਨੂੰ ਇਹ ਮਹਿਸੂਸ ਹੋਇਆ ਕਿ ਹੁਣ ਭਾਰਤੀਆਂ ਨੂੰ ਬਹੁਤਾ ਸਮਾਂ ਆਪਮੇ ਅਧੀਨ ਨਹੀਂ ਰੱਖਿਆ ਜਾ ਸਕਦਾ।

1947 ਈ: ਵਿੱਚ ਜਦੋਂ ਭਾਰਤ ਦੀ ਵੰਡ ਹੋਈ ਤਾਂ ਉਸ ਸਮੇਂ ਵੀ ਸਭ ਤੋਂ ਵੱਧ ਕਸ਼ਟ ਪੰਜਾਬੀਆਂ ਨੇ ਹੀ ਝੱਲੇ। ਪੰਜਾਬ ਪੱਛਮੀ ਅਤੇ ਪੂਰਬੀ ਪੰਜਾਬ ਦੋ ਬਾਗਾਂ ਵਿੱਚ ਵੰਡਿਆ ਗਿਆ। ਹਜ਼ਾਰਾਂ ਮਰਦ, ਔਰਤਾਂ ਅਤੇ ਬੱਚੇ ਆਜ਼ਾਦੀ ਦਾ ਆਨੰਦ ਨਾ ਮਾਣ ਸਕੇ। ਉਹਨਾਂ ਨੇ ਆਪਣੀ ਇੱਜ਼ਤ ਅਤੇ ਜਾਇਦਾਦ ਆਜ਼ਾਦੀ ਦੇ ਲੇਖੇ ਲਾ ਦਿੱਤੀ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ/ਇੱਕ ਵਾਕ (1-15 ਸ਼ਬਦਾਂ) ਵਿੱਚ ਲਿਖੋ—**

1. 1857 ਈ: ਦੀ ਆਜ਼ਾਦੀ ਦੀ ਜੰਗ ਸਮੇਂ ਪੰਜਾਬ ਦੀਆਂ ਕਿਹੜੀਆਂ-ਕਿਹੜੀਆਂ ਛਾਉਣੀਆਂ ਵਿੱਚ ਬਗਾਵਤ ਹੋਈ?
2. ਸਰਦਾਰ ਅਹਿਮਦ ਖਾਂ ਖਰਲ ਨੇ ਆਜ਼ਾਦੀ ਦੀ ਜੰਗ ਵਿੱਚ ਕੀ ਹਿੱਸਾ ਪਾਇਆ?
3. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਨਾਲ ਨਾ-ਮਿਲਵਰਤਣ ਕਿਵੇਂ ਦਿਖਾਈ?
4. ਕਿੰਨ੍ਹਾਂ ਕਾਰਨਾਂ ਕਰ ਕੇ ਗਦਰ ਲਹਿਰ ਹੋਂਦ ਵਿੱਚ ਆਈ?
5. ਅਕਾਲੀ ਲਹਿਰ ਦੇ ਹੋਂਦ ਵਿੱਚ ਆਉਣ ਦੇ ਦੋ ਕਾਰਨ ਦੱਸੋ।
6. ਚਾਬੀਆਂ ਵਾਲਾ ਮੋਰਚਾ ਕਿਉਂ ਲੱਗਾ?
7. ਗੁਰੂ ਦਾ ਬਾਗ਼ ਮੋਰਚਾ ਦੇ ਕਾਰਨ ਦੱਸੋ?
8. ਬੱਬਰਾਂ ਦਾ ਕੀ ਮੰਤਵ ਸੀ?
9. ਸਾਈਮਨ ਕਮਿਸ਼ਨ ਕਦੋਂ ਆਇਆ ਤੇ ਇਸ ਦਾ ਬਾਈਕਾਟ ਕਿਉਂ ਕੀਤਾ ਗਿਆ?
10. ਸੇਵਾ ਸਿੰਘ ਠੀਕਰੀਵਾਲਾ ਪਰਜਾ ਮੰਡਲ ਵਿੱਚ ਕਿਵੇਂ ਆਇਆ?

**(ਅ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 30-50 ਸ਼ਬਦਾਂ ਵਿੱਚ ਲਿਖੋ—**

1. 1857 ਈ: ਦੀ ਆਜ਼ਾਦੀ ਦੀ ਜੰਗ ਸਮੇਂ ਪੰਜਾਬੀ ਸੈਨਿਕਾਂ ਵੱਲੋਂ ਕੀਤੀ ਗਈ ਬਗਾਵਤ ਦਾ ਹਾਲ ਲਿਖੋ।
2. 1857 ਈ: ਦੀ ਆਜ਼ਾਦੀ ਦੀ ਜੰਗ ਲਈ ਹੋਈਆਂ ਬਗਾਵਤਾਂ ਕਿਉਂ ਫੇਲ੍ਹ ਹੋਈਆਂ?
3. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਕਿਹੜੀਆਂ ਗਤੀਵਿਧੀਆਂ ਤੋਂ ਅੰਗਰੇਜ਼ਾਂ ਨੂੰ ਡਰ ਲੱਗਦਾ ਸੀ?
4. ਨਾਮਧਾਰੀਆਂ ਅਤੇ ਅੰਗਰੇਜ਼ਾਂ ਵਿਚਕਾਰ ਮਲੇਕਟੋਲਾ ਵਿਖੇ ਹੋਈ ਦੁਰਘਟਨਾ ਦਾ ਹਾਲ ਲਿਖੋ।
5. ਆਰੀਆ ਸਮਾਜ ਦੇ ਪੰਜਾਬ ਵਿਚਲੇ ਕਾਰਜਾਂ ਦਾ ਵਰਣਨ ਕਰੋ।
6. ਗਦਰ ਪਾਰਟੀ ਨੇ ਪੰਜਾਬ ਵਿੱਚ ਆਜ਼ਾਦੀ ਲਈ ਕੀ-ਕੀ ਯਤਨ ਕੀਤੇ?
7. ਬਾਬਾ ਗੁਰਦਿੱਤ ਸਿੰਘ ਨੇ ਕਨੇਡਾ ਜਾਣ ਵਾਲੇ ਲੋਕਾਂ ਲਈ ਕੀ-ਕੀ ਕੰਮ ਕੀਤੇ?
8. ਜਲ੍ਹਿਆਂਵਾਲਾ ਬਾਗ਼ ਦੀ ਦੁਰਘਟਨਾ ਦੇ ਕੀ ਕਾਰਨ ਸਨ?
9. ਸ. ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ਼ ਦੁਰਘਟਨਾ ਦਾ ਬਦਲਾ ਕਿਵੇਂ ਲਿਆ?
10. ਖਿਲਾਫ਼ਤ ਲਹਿਰ ਉੱਤੇ ਨੋਟ ਲਿਖੋ।
11. ਗੁਰੂ ਦਾ ਬਾਗ਼ ਦਾ ਹਾਲ ਲਿਖੋ।

12. ਬੱਬਰਾਂ ਦੀਆਂ ਗਤੀਵਿਧੀਆਂ ਬਾਰੇ ਸੰਖੇਪ ਵਿੱਚ ਬਿਆਨ ਕਰੋ।
13. ਨੌਜਵਾਨ ਭਾਰਤ ਸਭਾ ਉੱਤੇ ਨੋਟ ਲਿਖੋ।
14. ਸਾਈਮਨ ਕਮਿਸ਼ਨ ਉੱਤੇ ਨੋਟ ਲਿਖੋ।
15. ਪਰਜਾ ਮੰਡਲ ਦੇ ਕੰਮਾਂ ਦਾ ਵਰਣਨ ਕਰੋ।

**(ੲ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 100-120 ਸ਼ਬਦਾਂ ਵਿੱਚ ਲਿਖੋ—**

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਦੀ ਆਜ਼ਾਦੀ ਲਈ ਕੀ-ਕੀ ਯਤਨ ਕੀਤੇ?
2. ਆਰੀਆ ਸਮਾਜ ਨੇ ਪੰਜਾਬ ਵਿਖੇ ਆਜ਼ਾਦੀ ਦੀ ਜੰਗ ਵਿੱਚ ਕੀ ਹਿੱਸਾ ਪਾਇਆ?
3. ਗਦਰ ਪਾਰਟੀ ਨੇ ਆਜ਼ਾਦੀ ਦੀ ਜੀ ਜੰਗ ਲਈ ਕੀ-ਕੀ ਯਤਨ ਕੀਤੇ?
4. ਕਾਮਗਾਟਾ ਮਾਰੂ ਜਹਾਜ਼ ਦੀ ਦੁਰਘਟਨਾ ਦਾ ਵਰਣਨ ਕਰੋ।
5. ਜਲ੍ਹਿਆਂਵਾਲਾ ਬਾਗ਼ ਦੁਰਘਟਨਾ ਦਾ ਵਰਣਨ ਕਰੋ।
6. ਅਕਾਲੀ ਲਹਿਰ ਨੇ ਆਜ਼ਾਦੀ ਦੀ ਜੰਗ ਵਿੱਚ ਕੀ ਯੋਗਦਾਨ ਪਾਇਆ?
7. ਜੈਤਾ ਦਾ ਮੋਰਚਾ ਦਾ ਹਾਲ ਲਿਖੋ।
8. ਆਜ਼ਾਦ ਹਿੰਦ ਫੌਜ਼ ਉੱਤੇ ਵਿਸਥਾਰਪੂਰਵਕ ਨੋਟ ਲਿਖੋ।

*****

# ਨਾਗਰਿਕ ਸ਼ਾਸਤਰ

# ਭਾਰਤ ਦਾ ਸੰਵਿਧਾਨ

## ਪ੍ਰਸਤਾਵਨਾ

'ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਪ੍ਰਭੁਸੱਤਾ ਸੰਪੰਨ ਸਮਾਜਵਾਦੀ,
ਧਰਮ ਨਿਰਪੱਖ, ਪਰਜਾਤੰਤਰੀ, ਗਣਰਾਜ ਬਣਾਉਣ ਲਈ

ਅਤੇ

ਇਸਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਤੇ
ਰਾਜਨੀਤਿਕ ਨਿਆਂ, ਵਿਚਾਰ ਪ੍ਰਗਟਾਉਣ, ਵਿਸ਼ਵਾਸ਼, ਧਰਮ
ਤੇ ਉਪਾਸਨਾ ਦੀ ਸੁੰਤਤਰਤਾ, ਪ੍ਰਤਿਸ਼ਠਤਾ ਦੇ ਅਵਸਰ ਦੀ
ਸਮਾਨਤਾ ਪ੍ਰਾਪਤ ਕਰਾਉਣ ਲਈ

ਅਤੇ

ਉਹਨਾਂ ਸਭਨਾਂ ਵਿੱਚ ਵਿਅਕਤੀ ਦੀ ਗੋਰਵਤਾ ਤੇ
ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਸੁਰਖਿਅਤ
ਕਰਨ ਵਾਲਾ ਭਰਾਤਰੀ ਭਾਵ ਵਧਾਉਣ ਲਈ
ਦ੍ਰਿੜ ਸੰਕਲਪ ਹੋ ਕੇ
ਆਪਣੀ ਇਸ ਸੰਵਿਧਾਨ ਸਭਾ ਵਿੱਚ 26 ਨਵੰਬਰ 1949
ਨੂੰ ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰ ਅਧਿਨਿਯਤ
ਅਤੇ ਆਤਮ ਸਮਰਪਣ ਕਰਦੇ ਹਾਂ।

# ਨਾਗਰਿਕ ਸ਼ਾਸਤਰ

## ਪਾਠ-10

## ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ

## (FEATURES OF THE INDIAN CONSTITUTION)

ਸੰਵਿਧਾਨ ਇੱਕ ਮੌਲਿਕ ਕਨੂੰਨੀ ਦਸਤਾਵੇਜ ਹੁੰਦਾ ਹੈ ਜਿਸਦੇ ਅਨੁਸਾਰ ਦੇਸ਼ ਦੀ ਸਰਕਾਰ ਦਾ ਸੰਚਾਲਨ ਕੀਤਾ ਜਾਂਦਾ ਹੈ। ਦੇਸ਼ ਦਾ ਇਹ ਮੂਲ ਕਨੂੰਨ ਸਰਕਾਰ ਦੇ ਅੰਗਾਂ ਦੇ ਸੰਗਠਨ, ਕਾਰਜਾਂ ਤੇ ਆਪਸੀ ਸੰਬੰਧਾਂ ਦੀ ਵਿਆਖਿਆ ਅਤੇ ਨਾਗਰਿਕ ਦੇ ਮੌਲਿਕ ਅਧਿਕਾਰਾਂ ਦੀ ਹੱਦ-ਬੰਦੀ ਕਰਦਾ ਹੈ। ਸੰਵਿਧਾਨ ਦੇਸ਼ ਦੇ ਦੂਜੇ ਸਾਰੇ ਕਨੂੰਨਾਂ ਤੋਂ ਸ਼੍ਰੇਸ਼ਟ ਹੁੰਦਾ ਹੈ ਤੇ ਕੋਈ ਵੀ ਅਜਿਹਾ ਕਨੂੰਨ ਨਹੀਂ ਬਣਾਇਆ ਜਾ ਸਕਦਾ ਜੋ ਸੰਵਿਧਾਨ ਦੀ ਉਲੰਘਣਾ ਕਰਦਾ ਹੋਵੇ ਜਾਂ ਸੰਵਿਧਾਨ ਅਨੁਸਾਰ ਨਾ ਹੋਵੇ।

ਹਰੇਕ ਦੇਸ਼ ਦੀ ਸਰਕਾਰ, ਸਮਾਜ ਵਿੱਚ ਕਨੂੰਨੀ ਵਿਵਸਥਾ ਅਤੇ ਸ਼ਾਂਤੀ ਸਥਾਪਿਤ ਕਰਦੀ ਹੈ। ਇਸ ਕਾਰਜ ਨੂੰ ਸਰਕਾਰ ਕਨੂੰਨਾਂ ਦਾ ਨਿਰਮਾਣ ਅਤੇ ਵਿਵਥਾ ਦੀ ਸਥਾਪਨਾ ਕਰਕੇ ਕਰਦੀ ਹੈ। ਪ੍ਰੰਤੂ ਸਰਕਾਰ ਮਨ-ਮਰਜੀ ਦੇ ਕਨੂੰਨ ਬਣਾ ਕੇ ਆਪਣੀ ਮਨਮਾਨੀ ਅਨੁਸਾਰ ਸ਼ਾਸਨ ਨਹੀਂ ਕਰ ਸਕਦੀ। ਦੇਸ਼ ਦੀ ਸਰਕਾਰ ਸੰਵਿਧਾਨ (ਮੌਲਿਕ ਕਨੂੰਨ) ਅਨੁਸਾਰ ਹੀ ਸ਼ਾਸਨ ਕਰਦੀ ਹੈ। ਇਸ ਪ੍ਰਕਾਰ ਸੰਵਿਧਾਨ ਦੇਸ਼ ਦੇ ਪ੍ਰਸ਼ਾਸਨ ਅਤੇ ਰਾਜ-ਪ੍ਰਬੰਧ ਨੂੰ ਨਿਰਧਾਰਿਤ ਕਰਨ ਵਾਲੇ ਨਿਯਮਾਂ ਦਾ ਮੂਲ ਸਰੋਤ ਹੁੰਦਾ ਹੈ। ਇਹ ਸ਼ਕਤੀ ਦੀ ਦੁਰਵਰਤੋਂ ਕਰਨ ਤੇ ਰੋਕ ਲਗਾਉਂਦਾ ਹੈ। ਜਿਥੇ ਇਹ ਸੰਵਿਧਾਨ, ਸਰਕਾਰ ਦੇ ਅੰਗਾਂ ਦੇ ਆਪਸੀ ਅਤੇ ਨਾਗਰਿਕ ਨਾਲ਼ ਸੰਬੰਧਾਂ ਨੂੰ ਨਿਰਧਾਰਿਤ ਕਰਦਾ ਹੈ, ਉਥੇ ਇਹ ਸਰਕਾਰ ਦੁਆਰਾ ਸ਼ਕਤੀਆਂ ਦੀ ਦੁਰਵਰਤੋਂ ਕਰਨ 'ਤੇ ਰੋਕਾਂ ਵੀ ਲਗਾਉਂਦਾ ਹੈ।

**ਪ੍ਰਸਾਤਵਨਾ (Preamble)**

ਭਾਰਤ ਦਾ ਸੰਵਿਧਾਨ 9 ਦਸੰਬਰ, 1946 ਨੂੰ ਬਣਨਾ ਆਰੰਭ ਹੋਇਆ ਅਤੇ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਦੁਆਰਾ ਅੰਤਿਮ ਰੂਪ ਵਿੱਚ ਪਾਸ ਕਰ ਦਿੱਤਾ ਗਿਆ। 26 ਜਨਵਰੀ, 1950 ਤੋਂ ਇਹ ਸੰਵਿਧਾਨ ਸਾਰੇ ਦੇਸ਼ ਵਿੱਚ ਲਾਗੂ ਕੀਤਾ ਗਿਆ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤੀ ਸ਼ਾਸਨ ਪ੍ਰਣਾਲੀ ਦੇ ਮੂਲ ਸਿਧਾਂਤਾ ਵੱਲ ਸੰਕੇਤ ਅਤੇ ਉਸਦੇ ਬੁਨਿਆਦੀ ਉਦੇਸ਼ਾਂ ਨੂੰ ਉਲੀਕਿਆ ਗਿਆ ਹੈ। ਪ੍ਰਸਤਾਵਨਾ ਇਸ ਪ੍ਰਕਾਰ ਹੈ—

'ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਪ੍ਰਭੁਸੱਤਾ ਸੰਪੰਨ ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਦੀ ਸਥਾਪਨਾ ਕਰਨ, ਉਸਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ, ਚਿੰਤਕ ਤੇ ਵਿਚਾਰ ਪ੍ਰਗਟ ਕਰਨ, ਵਿਸ਼ਵਾਸ, ਧਰਮ ਅਤੇ ਉਪਾਸਨਾਂ ਦੀ ਸੁਤੰਤਰਤਾ ਦੇਣ, ਅਵਸਰ ਅਤੇ ਰੁਤਬੇ ਦੀ ਸਮਾਨਤਾ ਪ੍ਰਾਪਤ ਕਰਨ ਅਤੇ ਸਾਰੇ ਨਾਗਰਿਕਾਂ ਵਿੱਚ ਭਾਈਚਾਰੇ ਦੀ ਭਾਵਨਾ ਦਾ ਵਿਸਕਾਰ ਕਰਨ, ਵਿਅਕਤੀ ਦੀ ਪ੍ਰਤਿਸ਼ੱਠਤਾ, ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਦ੍ਰਿੜ ਸੰਕਲਪ ਹੋ ਕੇ, ਆਪਣੀ ਸੰਵਿਧਾਨ ਸਭਾ ਵਿੱਚ 26 ਨਵੰਬਰ, 1949 ਦੇ ਦਿਨ ਇਸ ਸੰਵਿਧਾਨ ਨੂੰ ਅੰਗੀਕਾਰ, ਅਧਿਨਿਯਮਿਤ ਅਤੇ ਆਤਮ-ਸੱਮਰਪਣ ਕਰਦੇ ਹਾਂ।'

ਉਪਰੋਕਤ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੂਤਾਸ਼ਾਲੀ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਗਿਆ ਹੈ।

ਭਾਰਤ ਪ੍ਰਭੁੱਸਤਾਧਾਰੀ ਰਾਜ ਤੋਂ ਭਾਵ ਹੈ ਕਿ ਇਹ ਸੰਪੂਰਨ ਸੁਤੰਤਰ ਰਾਜ ਹੈ। ਅੰਦਰੂਨੀ ਮਾਮਲਿਆਂ ਵਿੱਚ ਸਰਵਸ਼੍ਰੇਸ਼ਟ ਅਤੇ ਵਿਦੇਸ਼ੀ ਸੰਬੰਧਾਂ ਲਈ ਦੂਜੇ ਰਾਜਾ ਦੇ ਨਿਯੰਤਰਨ ਤੋਂ ਸੁਤੰਤਰ ਹੈ। ਆਪਣੇ ਦੇਸ਼ ਅਤੇ ਵਿਦੇਸ਼ ਨੀਤੀ-ਨਿਰਮਾਣ ਵਿੱਚ ਸਬ ਸਮਰਥ ਹੈ।

ਸਮਾਜਵਾਦੀ ਰਾਜ ਦਾ ਭਾਵ ਹੈ ਕਿ ਭਾਰਤ ਵਿੱਚ ਨਾਗਰਿਕਾਂ ਨੂੰ ਆਪਣਾ ਵਿਕਾਸ ਕਰਨ ਲਈ ਸਮਾਨ ਅਵਸਰ ਮਿਲਣਗੇ, ਗਰੀਬ ਤੇ ਅਮੀਰ ਵਿੱਚ ਵਧੇਰੇ ਅੰਤਰ ਨਹੀਂ ਹੋਵੇਗਾ, ਕਿਸੇ ਦਾ ਸ਼ੋਸ਼ਣ ਨਹੀਂ ਕੀਤਾ ਜਾਵੇਗਾ। ਹਰੇਕ ਨਾਗਰਿਕ ਨੂੰ ਬਿਨਾ ਕਿਸੇ ਵਿਤਕਰੇ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਮਿਲੇਗਾ।

ਧਰਮ ਨਿਰਪੱਖ ਰਾਜ ਤੋਂ ਭਾਵ ਹੈ ਕਿ ਭਾਰਤ ਰਾਜ ਕਿਸੇ ਵਿਸ਼ੇਸ਼ ਧਰਮ ਦੀ ਸਰਪ੍ਰਸਤੀ ਨਹੀਂ ਕਰੇਗਾ। ਸਾਰੇ ਧਰਮਾਂ ਦਾ ਬਰਾਬਰ ਸਨਮਾਨ ਕੀਤਾ ਜਾਵੇਗਾ ਅਤੇ ਕਿਸੇ ਧਰਮ ਦਾ ਵਿਰੋਧ ਨਹੀਂ ਕੀਤਾ ਜਾਵੇਗਾ। ਧਾਰਮਿਕ ਸਹਿਨਸ਼ੀਲਤਾ ਹੋਵੇਗੀ। ਰਾਜ ਧਰਮ ਦੇ ਆਧਾਰ 'ਤੇ ਨਾਗਰਿਕਾਂ ਵਿੱਚ ਵਿਤਕਰਾ ਨਹੀਂ ਕਰੇਗਾ ਅਤੇ ਹਰੇਕ ਨਾਗਰਿਕ ਨੂੰ ਸਮਾਨ ਅਵਸਰ ਦਿੱਤਾ ਜਾਵੇਗਾ। ਹਰੇਕ ਨਾਗਰਿਕ ਨੂੰ ਆਪਣੀ ਇੱਛਾ ਅਨੁਸਾਰ ਧਰਮ ਅਪਨਾਉਣ ਅਤੇ ਉਸਦੀ ਉਪਾਸਨਾ ਕਰਨ ਦੀ ਆਜਾਦੀ ਹੋਵੇਗੀ।

ਲੋਕ-ਤੱਤਰੀ ਰਾਜ ਤੋਂ ਭਾਵ ਹੈ ਕਿ ਭਾਰਤ ਵਿੱਚ ਸ਼ਾਸਨ ਦੀ ਸਰਵਉੱਚ ਸ਼ਕਤੀ ਕਿਸੇ ਵਰਗ, ਸ਼੍ਰੇਣੀ ਜਾਂ ਦਲ ਦੀ ਥਾਂ ਸਮੁੱਚੀ ਜਨਤਾ ਕੋਲ ਹੈ। ਭਾਰਤ ਦੇ ਲੋਕ ਨਿਯਤਕਾਲੀ ਚੋਣਾਂ ਦੁਆਰਾ ਚੁਣੇ ਹੋਏ ਪ੍ਰਤੀਨਿਧਾਂ ਦੁਆਰਾ ਆਪਣੇ ਸ਼ਾਸਨ ਨੂੰ ਚਲਾਉਂਦੇ ਹਨ ਜੋ ਉਨ੍ਹਾਂ ਪ੍ਰਤੀ ਉੱਤਰਦਾਈ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਸਰਕਾਰ ਆਪਣੇ ਕਰਜਾਂ ਤੇ ਨੀਤੀਆਂ ਲਈ ਲੋਕਾਂ ਸਾਹਮਣੇ ਜਿੰਮੇਵਾਰ ਹੈ। ਨਾਗਰਿਕਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਸਮਾਨ ਅਧਿਕਾਰ ਤੇ ਲੋਕ-ਤੰਤਰੀ ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ।

ਭਾਰਤ ਦੇ ਗਣਰਾਜ ਹਣ ਤੋਂ ਭਵ ਹੈ ਕਿ ਰਾਜ ਦਾ ਮੁੱਖੀ ਰਾਸ਼ਟਰਪਤੀ ਹੋਵੇਗਾ ਜੋ ਬਾਦਸ਼ਾਹ ਦੀ ਤਰ੍ਹਾਂ ਜੱਦੀ ਨਹੀਂ ਸਗੋਂ ਜਨਤਾ ਦੇ ਪ੍ਰਤੀਨਿਧੀਆਂ ਦੁਆਰਾ ਨਿਸ਼ਚਤ ਸਮੇਂ ਲਈ ਚੁਣਿਆ ਜਾਵੇਗਾ। ਗਣਰਾਜ ਵਿੱਚ ਸ਼ਾਸਨ ਕਰਨ ਦੀ ਸਰਵਸ੍ਰੇਸ਼ਠ ਸ਼ਕਤੀ ਲੋਕਾਂ ਦੇ ਮਹਾਨ ਸਮੂਹ ਪਾਸ ਹੁੰਦੀ ਹੈ। ਸਰਕਾਰ ਲੋਕਾਂ ਦੀ ਪ੍ਰਸੰਨਤਾ ਜਾਂ ਆਪਣੇ ਚੰਗੇ ਵਰਤਾਉ ਕਾਰਨ ਹੀ ਹੋਂਦ ਵਿੱਚ ਰਹਿੰਦੀ ਹੈ।

ਪ੍ਰਸਤਾਵਨਾ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਭਾਰਤੀ ਲੋਕਤੰਤਰ, ਨਾਗਰਿਕਾਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਸਮਾਨਤਾਂ, ਸੁਤੰਤਰਤਾ, ਭਾਈਚਾਰਾ, ਸਧਾਰਣ ਵਿਅਕਤੀ ਦੀ ਪ੍ਰਤੀਸ਼ਠਤਾ, ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਸਿਧਾਂਤਾਂ ਤੇ ਅਧਾਰਤ ਹੋਵੇਗਾ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ 'ਸਮਾਜਵਾਦੀ', 'ਧਰਮ ਨਿਰਪੱਖ', ਅਤੇ 'ਰਾਸ਼ਟਰ ਦੀ ਏਕਤਾ ਅਤੇ ਅਖੰਡਤਾ' ਦੇ ਸ਼ਬਦ 1976 ਵਿੱਚ 42ਵੀਂ ਸੰਵਿਧਾਨਿਕ ਸੋਧ ਦੁਆਰਾ ਪ੍ਰਸਤਾਵਨਾ ਵਿੱਚ ਜੋੜੇ ਗਈ ਸਨ।

**ਸੰਵਿਧਾਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ (Main Features of the Constitution):-**

1. ਲੰਬਾ ਅਤੇ ਵਿਸਤਰਿਤ ਸੰਵਿਧਾਨ
2. ਲਚਕੀਲਾ ਤੇ ਕਠੋਰ ਸੰਵਿਧਾਨ
3. ਸੰਘਾਤਮਕ ਸਰਕਾਰ
4. ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ
5. ਸੰਸਦੀ ਸਰਕਾਰ
6. ਬਾਲਗ ਮੱਤ ਅਧਿਕਾਰ ਅਤੇ ਪ੍ਰਭੂਸੱਤਾ ਜਨਤਾ ਪਾਸ
7. ਮੌਲਿਕ ਅਧਿਕਾਰ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ
8. ਮੌਲਿਕ ਕਰਤੱਵ

9. ਰਾਸ਼ਟਰਪਤੀ ਦੀਆਂ ਸੰਕਟ ਕਾਲੀਨ ਸ਼ਕਤੀਆਂ

10. ਸੰਵਿਧਾਨ ਦੀਆਂ ਵਚਿੱਤਰ ਵਿਸ਼ੇਸ਼ਤਾਵਾਂ

**1. ਲੰਬਾ ਅਤੇ ਵਿਸਰਿਤ ਸੰਵਿਧਾਨ (Lengthy and Written Constitution):-** ਭਾਰਤੀ ਸੰਵਿਧਾਨ ਸੰਸਾਰ ਦਾ ਸਭ ਤੋਂ ਵੱਡੇ ਅਕਾਰ ਵਾਲਾ ਅਤੇ ਵਿਸਥਾਰ-ਪੂਰਨ ਹੈ। ਇਸ ਵਿੱਚ 395 ਅਨੁਛੇਦ ਅਤੇ 12 ਅਨੁਸੂਚੀਆਂ ਹੀ ਸੰਵਿਧਾਨ ਦਾ ਆਕਾਰ ਵੱਡਾ ਹੋਣ ਦੇ ਮੁੱਖ ਕਾਰਨ ਹਨ।

ਇਸ ਵਿੱਚ ਸੰਘੀ ਸਰਕਾਰ ਦੀ ਸਥਾਪਨਾ ਦਾ ਵਰਨਣ, ਅਨੁਸੂਚਿਤ ਅਤੇ ਪੱਛੜੀਆਂ ਜਾਤੀਆਂ ਤੇ ਕਬੀਲਿਆਂ ਨਾਲ ਸੰਬੰਧਿਤ ਸਮੱਸਿਆਵਾਂ ਦਾ ਹੱਲ ਕਰਨ ਦਾ ਯਤਨ ਕਰਨਾ ਹੈ। ਇਸ ਤੋਂ ਇਲਾਵਾ ਇਸ ਵਿੱਚ ਮੌਲਿਕ ਅਧਿਕਾਰਾਂ, ਮੌਲਿਕ ਕਰਤੱਵਾਂ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਿਸਥਾਰ-ਪੂਰਵਕ ਵਰਨਣ ਕੀਤਾ ਗਿਆ ਹੈ।

**2. ਲਚਕੀਲਾ ਅਤੇ ਕਠੋਰ ਸੰਵਿਧਾਨ (Rigid and Flexible Constitution):-** ਭਾਰਤ ਦਾ ਸੰਵਿਧਾਨ ਲਚਕੀਲਾ (Flexible) ਅਤੇ ਕਠੋਰ (Rigid) ਵੀ ਹੈ। ਲਚਕੀਲਾ ਸੰਵਿਦਾਨ ਉਹ ਹੁੰਦਾ ਹੈ ਜਿਸ ਨੂੰ ਕਿਸੇ ਵੀ ਸਮੇਂ ਬੜੀ ਅਸਾਨੀ ਨਾਲ਼ ਅਰਥਾਤ ਸਧਾਰਣ ਬਹੁਮਤ ਨਾਲ ਬਦਲਿਆ ਜਾ ਸਕਦਾ ਹੈ। ਕਠੋਰ ਸੰਵਿਧਾਨ ਵਿੱਚ ਸੋਧ ਕਰਨ ਦਾ ਢੰਗ ਔਖਾ ਹੁੰਦਾ ਹੈ। ਇੰਗਲੈਂਡ ਦਾ ਸੰਵਿਧਾਨ ਲਚਕੀਲਾ ਹੈ ਇਸ ਦੇ ਉਲਟ ਅਮਰੀਕਾ ਦਾ ਸੰਵਿਧਾਨ ਬਹੁਤ ਕਠੋਰ ਹੈ। ਭਾਰਤ ਦਾ ਸੰਵਿਧਾਨ ਅਮਰੀਕਾ ਦੇ ਸੰਵਿਧਾਨ ਵਰਗਾ ਕਠੋਰ ਤਾਂ ਨਹੀਂ ਹੈ ਅਤੇ ਨਾ ਹੀ ਇੰਗਲੈਂਡ ਦੇ ਸੰਵਿਧਾਨ ਦੀ ਤਰ੍ਹਾਂ ਬਹੁਤ ਲਚਕੀਲਾ ਹੈ। ਸਾਡੇ ਦੇਸ਼ ਵਿੱਚ ਸੰਵਿਧਾਨਿਕ ਸੋਧ ਕਰਨ ਲਈ ਵਿੱਚਕਾਰਲਾ ਰਸਤਾ ਅਪਣਾਇਆ ਗਿਆ ਹੈ?

**3. ਸੰਘਾਤਮਕ ਸਰਕਾਰ (Federal Government):-** ਸਾਡੇ ਸੰਵਿਧਾਨ ਦੀ ਇੱਕ ਬੜੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਅਧੀਨ ਸੰਘੀ ਸ਼ਾਸਨ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਘਾਤਮਕ ਸ਼ਾਸਨ ਲਈ ਹੇਠ ਲਿਖੇ ਲੱਛਣਾਂ ਦਾ ਹੋਣਾ ਜ਼ਰੂਰੀ ਹੈ—

1. ਸ਼ਕਤੀਆਂ ਦੀ ਵੰਡ
2. ਲਿਖਤੀ ਅਤੇ ਕਠੋਰ ਸੰਵਿਧਾਨ
3. ਸੰਵਿਧਾਨ ਦੀ ਸਰਵਉੱਚਤਾ
4. ਸੁਤੰਤਰ ਨਿਆਂਪਾਲਿਕਾ
5. ਦੋ ਸਦਨੀ ਵਿਧਾਨਪਾਲਿਕਾ

ਇਹ ਸਾਰੀਆਂ ਵਿਸ਼ੇਸ਼ਤਾਵਾਂ ਭਾਰਤੀ ਸੰਵਿਧਾਨ ਵਿੱਚ ਮਿਲਦੀਆਂ ਹਨ ਪਰੰਤੂ ਇਸਦੇ ਨਾਲ-ਨਾਲ ਭਾਰਤ ਦੇ ਸੰਵਿਧਾਨ ਵਿੱਚ ਕੁਝ ਇਕਾਤਮਕ ਤੱਤ ਵੀ ਪਾਏ ਜਾਂਦੇ ਹਨ ਜੋ ਇਸ ਪ੍ਰਕਾਰ ਹਨ—

1. ਭਾਰਤ ਨੂੰ ਰਾਜਾਂ ਦਾ ਸੰਗਠਨ ਕਿਹਾ ਗਿਆ ਹੈ। ਸੰਵਿਧਾਨ ਵਿੱਚ ਸੰਘ ਸ਼ਬਦ ਦੇ ਮੁਕਾਬਲੇ ਵਿੱਚ ਸੰਗਠਨ ਸ਼ਬਦ ਏਕਤਾ ਦੀ ਭਾਵਨਾ ਵਧੇਰੇ ਦਰਸਾਉਂਦਾ ਹੈ।
2. ਸੰਕਟਕਾਲੀਨ ਸਥਿਤੀ ਵਿੱਚ ਰਾਸ਼ਟਰਪਤੀ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ ਜਿਨ੍ਹਾਂ ਰਾਹੀਂ ਉਹ ਰਾਜਾਂ ਦੇ ਪ੍ਰਬੰਧ ਨੂੰ ਆਪਣੇ ਹੱਥ ਵਿੱਚ ਲੈ ਸਕਦਾ ਹੈ ਅਤੇ ਜਿਸ ਨਾਲ ਰਾਜ ਦਾ ਸਾਰਾ ਢਾਂਚਾ ਇਕਾਤਮਕ ਬਣ ਜਾਂਦਾ ਹੈ।
3. ਭਾਰਤ ਵਿੱਚ ਇਕਹਰੀ ਨਾਗਰਿਕਤਾ ਦਾ ਸਿਧਾਂਤ ਅਪਣੀਇਆ ਗਿਆ ਹੈ। ਇਸ ਦੇ ਮੁਕਾਬਲੇ ਵਿੱਚ ਵਿਸ਼ਵ ਦੇ ਕਈ ਸੰਘ ਰਾਜਾਂ ਵਿੱਚ ਦੋਹਰੀ ਨਾਗਰਿਕਤਾ ਨੂੰ ਅਪਣਾਇਆ ਗਿਆ ਹੈ ਜਿਵੇਂ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਹੈ।
4. ਸਾਰੇ ਮਹੱਤਵਪੂਰਨ ਵਿਸ਼ੇ ਸੰਘ ਸੂਚੀ ਵਿੱਚ ਸ਼ਾਮਲ ਕੀਤੇ ਗਏ ਹਨ ਅਤੇ ਰਾਜ ਸਰਕਾਰਾਂ ਦੇ ਮੁਕਾਬਲੇ ਵਿੱਚ ਕੇਂਦਰੀ ਸਰਕਾਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ।
5. ਸਾਰੇ ਦੇਸ਼ ਲਈ ਇਕੋ ਹੀ ਸੰਵਿਧਾਨ ਹੈ। ਰਾਜਾਂ ਦੇ ਆਪਣੇ ਵੱਖਰੇ ਸੰਵਿਧਾਨ ਨਹੀਂ ਹਨ।

6. ਰਾਜਪਾਲਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।
7. ਵਿੱਤੀ ਸਹਾਇਤਾ ਲਈ ਰਾਜ, ਕੇਂਦਰ ਉੱਤੇ ਨਿਰਭਰ ਹਨ।
8. ਭਾਰਤੀ ਸੰਵਿਧਾਨ ਵਿੱਚ ਸੁਤੰਤਰ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ ਅਤੇ ਨਿਆਂਪਾਲਿਕਾ ਨੂੰ ਨਿਆਂਇਕ ਪੁਨਰ ਨਿਰੀਖਣ (Judicial Review) ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਇਸ ਅਧਿਕਾਰ ਰਾਹੀਂ ਸੁਪਰੀਮ ਕੋਰਟ ਅਤੇ ਰਾਜਾਂ ਦੀਆਂ ਹਾਈਕੋਰਟਾਂ, ਸੰਸਦ ਜਾਂ ਰਾਜਾਂ ਦੇ ਵਿਧਾਨਮੰਡਲ ਦੁਆਰਾ ਪਾਸ ਕੀਤੇ ਕਿਸ ਵੀ ਕਨੂੰਨ ਨੂੰ ਗੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਕਰ ਸਕਦੇ ਹਨ ਜੇਕਰ ਉਹ ਸੰਵਿਧਾਨ ਅਨੁਸਾਰ ਨਹੀਂ ਹੈ।

ਉਪਰੋਕਤ ਤੱਥਾਂ ਤੋਂ ਸਿੱਧ ਹੁੰਦਾ ਹੈ ਕਿ ਭਾਰਤ ਦਾ ਸੰਵਿਧਾਨ ਬਣਤਰ ਵਿੱਚ ਤਾਂ ਸੰਘੀ ਹੈ ਪਰ ਭਾਵਨਾ ਵਿੱਚ ਇਕਾਤਮਿਕ ਹੈ। (Federal in Structure but Unitary in Spirit.)

**4. ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ (Independent Judiciary):-** ਸੰਘਾਤਮਕ ਸ਼ਾਸਨ ਪਨਾਲੀ ਦੀ ਸਫਲਤਾ ਲਈ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਤੇ ਨਿਆਂ ਲਈ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਦਾ ਹੋਣਾ ਬਹੁਤ ਜ਼ਰੂਰੀ ਹੈ। ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਉਹ ਹੁੰਦੀ ਹੈ ਜਿਹੜੀ ਬਿਨਾਂ ਕਿਸੇ ਲਾਲਚ, ਡਰ, ਪ੍ਰਭਾਵ ਜਾਂ ਦਬਾਅ ਜਾਂ ਪੱਖਪਾਤ ਤੋਂ ਕਨੂੰਨ ਅਨੁਸਾਰ ਫੈਸਲੇ ਕਰਦੀ ਹੈ। ਸੁਤੰਤਰ ਨਿਆਂਪਾਲਿਕਾ ਕੇਂਦਰ ਦੇ ਰਾਜਾਂ ਦੇ ਆਪਸੀ ਝਗੜੇ ਜਾਂ ਨਾਗਰਿਕ ਅਤੇ ਰਾਜ ਵਿਚਕਾਰ ਹੋਣ ਵਾਲੇ ਝਗੜਿਆਂ ਦੇ ਫੈਸਲੇ ਸਰਕਾਰੀ ਸ਼ਕਤੀ ਤੋਂ ਬਿਨਾਂ ਪ੍ਰਭਾਵਿਤ ਹੋਏ ਕਰਦੀ ਹੈ। ਭਾਰਤੀ ਸੰਵਿਧਾਨ ਅਧੀਨ ਸੁਪਰੀਮ ਕੋਰਟ, ਹਾਈ ਕੋਰਟਾਂ ਅਤੇ ਕੁਝ ਅਧੀਨ ਕੋਰਟਾਂ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਅਜ਼ਾਦ ਅਤੇ ਨਿਰਪੱਖ ਹੋ ਕੇ ਫੈਸਲੇ ਕਰਦੀਆਂ ਹਨ। ਅਜਿਹਾ ਨਿਆਂਇਕ ਪ੍ਰਬੰਧ ਸੰਘਾਤਮਕ ਰਾਜ ਲਈ ਜ਼ਰੂਰੀ ਸ਼ਰਤ ਹੁੰਦੀ ਹੈ।

**5. ਸੰਸਦੀ ਸ਼ਾਸਨ ਪ੍ਰਣਾਲੀ (Parliamentary Form Government):-** ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਅਜਿਹੀ ਪ੍ਰਨਾਲੀ ਵਿੱਚ ਕਾਰਜਪਾਲਿਕਾ ਦਾ ਮੁੱਖੀ (ਰਾਸ਼ਟਰਪਤੀ ਨਾਂ ਮਾਤਰ ਦਾ ਮੁੱਖੀ ਹੁੰਦਾ ਹੈ ਅਤੇ ਸ਼ਾਸਨ ਕਰਨ ਦੀ ਅਸਲੀ ਸ਼ਕਤੀ ਮੰਤਰੀ-ਮੰਡਲ ਪਾਸ ਹੁੰਦੀ ਹੈ ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਕਰਦੇ ਹਨ। ਮੰਤਰੀ-ਮੰਡਲ ਆਪਣੀਆਂ ਨੀਤੀਆਂ, ਕਾਰਜਾਂ ਅਤੇ ਫੈਸਲਿਆਂ ਲਈ ਸੰਸਦ ਦੇ ਹਰਮਨ ਪਿਆਰੇ, ਹੇਠਲੇ ਸਦਨ (ਲੋਕ ਸਭਾ) ਪ੍ਰਤੀ ਉਤਰਦਾਈ ਹੁੰਦਾ ਹੈ। ਇਸ ਪ੍ਰਕਾਰ ਸਰਕਾਰ ਅਪ੍ਰਤੱਖ ਤੌਰ ਤੇ ਜਨਤਾ ਪ੍ਰਤੀ ਉੱਤਰਦਾਈ ਹੁੰਦੀ ਹੈ। ਸੰਸਦੀ ਸਰਕਾਰ ਦਾ ਨਮੂਨਾ ਭਾਰਤ ਨੇ ਇੰਗਲੈਂਡ ਤੋਂ ਗ੍ਰਹਿਣ ਕੀਤਾ ਹੈ। ਵਰਤਮਾਨ ਸਮੇਂ ਵਿੱਚ ਸੰਸਦੀ ਸ਼ਾਸਨ ਪ੍ਰਨਾਲੀ ਜਾਪਾਨ, ਕੈਨੇਡਾ, ਆਸਟ੍ਰੇਲੀਆ, ਬੰਗਲਾ ਦੇਸ਼, ਸ਼੍ਰੀ ਲੰਕਾ ਆਦਿ ਦੇਸ਼ਾਂ ਵਿੱਚ ਵੀ ਚਲ ਰਹੀ ਹੈ।

**6. ਬਾਲਗ ਮੱਤ ਅਧਿਕਾਰ ਅਤੇ ਪ੍ਰਭੁੱਸਤਾ ਜਨਤਾ ਪਾਸ (Sovereignity with the People and Adult Sufferage):-** ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਆਰੰਭ **'ਅਸੀਂ ਭਾਰਤ ਦੇ ਲੋਕ'** ਸ਼ਬਦਾਂ ਨਾਲ਼ ਹੁੰਦਾ ਹੈ ਜੋ ਇਸ ਗੱਲ ਦੇ ਸੂਚਕ ਹਨ ਕਿ ਇਹ ਸੰਵਿਧਾਨ ਭਾਰਤ ਦੇ ਲੋਕਾਂ ਨੇ ਦਿੱਤਾ ਹੈ। ਹਰੇਕ 18 ਸਾਲਾਂ ਦਾ ਭਾਰਤੀ ਨਾਗਰਿਕ ਬਿਨਾਂ ਕਿਸੇ ਭੇਦ ਭਾਵ ਤੋਂ ਵੋਟ ਪਾਉਣ ਦਾ ਅਧਿਕਾਰ ਰੱਖਦਾ ਹੈ। ਉਹ ਆਪਣੇ ਪ੍ਰਤਿਨਿਧ ਨਿਯਤਕਾਲ ਲਈ ਚੁਣਦਾ ਹੈ ਅਤੇ ਆਪਣੀ ਸਰਕਾਰ ਦੇ ਨਿਰਮਾਣ ਕਰਨ ਵਿੱਚ ਭਾਗ ਲੈਂਦਾ ਹੈ। ਇਹ ਪ੍ਰਤੀਨਿਧ ਦੇਸ਼ ਦੇ ਨਾਗਰਿਕਾਂ ਪ੍ਰਤੀ ਜਿੰਮੇਵਾਰ ਹੁੰਦੇ ਹਨ। ਇਨ੍ਹਾਂ ਤੱਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਅੰਤਿਮ ਰੂਪ ਵਿੱਚ ਪ੍ਰਭੂਸੱਤਾ ਲੋਕਾਂ ਪਾਸ ਹੈ, ਲੋਕ ਮਾਲਕ ਹਨ ਅਤੇ ਸਰਕਾਰ ਉਨ੍ਹਾਂ ਦੀ ਸੇਵਕ ਹੈ।

**7. ਮੌਲਿਕ ਅਧਿਕਾਰ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (Fundamental Rights and Directive Principles of the State Policy):-** ਸੰਵਿਧਾਨ ਦੇ ਤੀਜੇ ਅਧਿਆਇ ਵਿੱਚ ਮੌਲਿਕ ਅਧਿਕਾਰਾਂ ਅਤੇ ਚੌਥੇ ਅਧਿਆਇ ਵਿੱਚ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਰਨਣ ਕੀਤਾ ਗਿਆ ਹੈ। ਸਮਾਨਤਾ, ਸੁਤੰਤਰਤਾ, ਧਰਮ ਦੀ ਆਜ਼ਾਦੀ, ਸ਼ੋਸ਼ਣ ਦੇ ਵਿਰੁੱਧ ਅਧਿਕਾਰ, ਸਭਿਆਚਾਰਕ ਅਤੇ ਸਿੱਖਿਆ ਸੰਬੰਧੀ ਅਧਿਕਾਰ,

ਸੰਵਿਧਾਨਿਕ ਉਪਾਵਾਂ ਦੇ ਅਧਿਕਾਰਾਂ ਦਾ ਵਿਸਥਾਰ ਨਾਲ਼ ਵਰਨਣ ਕੀਤਾ ਗਿਆ ਹੈ। ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (ਸਮਾਜਵਾਦੀ, ਗਾਂਧੀਵਾਦੀ ਅਤੇ ਉਦਾਰਵਾਦੀ) ਭਾਰਤ ਵਿੱਚ ਸਮਾਜਿਕ ਅਤੇ ਆਰਥਿਕ ਲੋਕ-ਤੰਤਰ ਦੀ ਸਥਾਪਨਾ ਲਈ ਸੰਵਿਧਾਨ ਵਿੱਚ ਅੰਕਿਤ ਕੀਤੇ ਗਏ ਹਨ।

**8. ਨਾਗਰਿਕਾਂ ਦੇ ਮੌਲਿਕ ਕਰੱਤਵ (Fundamental duties of the Citizens):-** ਮੌਲਿਕ ਸੰਵਿਧਾਨ ਵਿੱਚ ਭਾਰਤੀ ਨਾਗਰਿਕਾਂ ਦੇ ਕਰੱਤਵਾਂ ਦਾ ਵਰਣਨ ਨਹੀਂ ਕੀਤਾ ਗਿਆ ਸੀ। ਸੰਵਿਧਾਨ ਦੀ 42ਵੀਂ ਸੋਧ 1976 ਰਾਹੀਂ ਸੰਵਿਧਾਨ ਵਿੱਚ ਇੱਕ ਨਵਾਂ ਭਾਗ IV-A ਦਰਜ ਕੀਤਾ ਗਿਆ ਅਤੇ 51A ਨੰਬਰ ਦੇ ਇਕ ਨਵੇਂ ਅਨੁਛੇਦ ਦੇ ਅਧੀਨ ਭਾਰਤੀ ਨਾਗਰਿਕਾਂ ਦੇ ਦੱਸ ਕਰਤੱਵ ਅੰਕਿਤ ਕੀਤੇ ਗਏ ਹਨ ਅਤੇ 86ਵੀਂ ਸੰਵਿਧਾਨਿਕ ਸੋਧ ਰਾਹੀਂ ਇੱਕ ਨਵਾਂ ਕਰਤੱਵ ਹੋਰ ਸ਼ਾਮਿਲ ਕੀਤਾ ਗਿਆ ਹੈ।

**9. ਰਾਸ਼ਟਰਪਤੀ ਦੀਆਂ ਸੰਕਟਾਕਾਲੀਨ ਸ਼ਕਤੀਆਂ (Emergency Powers of the President):-** ਭਾਰਤੀ ਸੰਵਿਧਾਨ ਅਧੀਨ ਰਾਸ਼ਟਰਪਤੀ ਨੂੰ ਤਿੰਨ ਪ੍ਰਕਾਰ ਦੀਆਂ ਸੰਕਟਾਕਾਲੀਨ ਸ਼ਕਤੀਆਂ ਸੌਂਪੀਆਂ ਗਈਆਂ ਹਨ- ਰਾਸ਼ਟਰੀ ਸੰਕਟਕਾਲੀਨ, ਰਾਜ ਦਾ ਸੰਵਿਧਾਨਿਕ ਸੰਕਟ ਅਤੇ ਵਿੱਤੀ ਸੰਕਟਕਾਲੀਨ ਸ਼ਕਤੀਆਂ। ਭਾਰਤ ਦੇ ਇਤਿਹਾਸਿਕ ਪਿੱਛੋਕੜ ਅਤੇ ਸਮਾਜ ਦੀ ਬਣਤਰ ਦੇ ਸੰਬੰਧ ਵਿੱਚ ਸੰਵਿਧਾਨ ਨਿਰਮਾਤਾਵਾਂ ਨੇ ਵੇਖਿਆ ਕਿ ਕਿਸੇ ਸਮੇਂ ਅਜਿਹੇ ਨਾਜ਼ੁਕ ਤੇ ਖਤਰਨਾਕ ਹਾਲਾਤ ਪੈਦਾ ਹੋ ਸਕਦੇ ਹਨ ਜਿਨ੍ਹਾਂ ਅਧੀਨ ਸਧਾਰਣ ਸਮੇਂ ਵਾਂਗ ਸਰਕਾਰ ਦਾ ਸਹੀ ਸੰਚਾਲਨ ਨਾ ਕੀਤਾ ਜਾ ਸਕੇ। ਅਜਿਹੀ ਔਖੀ ਸਥਿਤੀ ਨੂੰ ਨਜਿੱਠਣ ਲਈ ਰਾਸ਼ਟਰਪਤੀ ਨੂੰ ਸੰਕਟਕਾਲੀਨ ਸ਼ਕਤੀਆਂ ਦਿੱਤੀਆਂ ਗਈਆਂ ਹਨ। ਦੇਸ਼ 'ਤੇ ਹਮਲਾ ਹੋਣ ਜਾਂ ਹਮਲੇ ਦਾ ਡਰ ਹੋਣ ਜਾਂ ਹਥਿਆਰ-ਬੰਦ ਵਿਦਰੋਹ ਹੋਣ ਦੀ ਸਥਿਤੀ ਵਿੱਚ ਰਾਸ਼ਟਰਪਤੀ ਦੁਆਰਾ ਰਾਸ਼ਟਰੀ ਸੰਕਟ ਦੀ ਘੋਸ਼ਣਾ ਕੀਤੀ ਜਾ ਸਕਦੀ ਹੈ। ਅਜਿਹੇ ਸਮੇਂ ਨਾਗਰਿਕਾਂ ਦੇ ਅਧਿਕਾਰਾਂ ਨੂੰ ਸੀਮਿਤ ਕਰਕੇ ਸੰਘਾਤਮਕ ਸਰਕਾਰ ਨੂੰ ਇੱਕਾਤਮਕ ਵਿੱਚ ਬਦਲਿਆ ਜਾ ਸਕਦਾ ਹੈ। ਰਾਜ ਦੀ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋਣ ਦੀ ਅਵੱਸਥਾ ਵਿੱਚ ਰਾਜਾਂ ਦਾ ਸ਼ਾਸਨ ਪ੍ਰਬੰਧ ਰਾਸ਼ਟਰਪਤੀ ਦੇ ਆਦੇਸ਼ਾਂ ਅਨੁਸਾਰ ਚਲਾਇਆ ਜਾਂਦਾ ਹੈ। ਅਤੇ ਰਾਜ ਸਰਕਾਰ ਭੰਗ ਕਰ ਦਿੱਤੀ ਜਾਂਦੀ ਹੈ। ਦੇਸ਼ 'ਤੇ ਵਿੱਤੀ ਸੰਕਟ ਆਉਣ ਜਾਂ ਵਿੱਤੀ ਸਥਿਤੀ ਖਰਾਬ ਹੋਣ ਦੀ ਅਵਸੱਥਾ ਵਿੱਚ ਰਾਸ਼ਟਰਪਤੀ ਵਿੱਤੀ ਸੁਧਾਰਾਂ ਲਈ ਲੋੜੀਂਦੇ ਕਦਮ ਚੁੱਕ ਸਕਦਾ ਹੈ ਅਤੇ ਦੇਸ਼ ਦੀ ਵਿੱਤੀ ਪ੍ਰਨਾਲੀ ਨੂੰ ਮਜਬੂਤ ਬਣਾ ਸਕਦਾ ਹੈ।

**10. ਵਚਿੱਤਰ ਵਿਸ਼ੇਸ਼ਤਾਵਾਂ (Unique Features):-** ਭਾਰਤੀ ਸੰਵਿਧਾਨ ਦੀਆਂ ਕੁਝ ਵਚਿੱਤਰ ਵਿਸ਼ੇਸ਼ਤਾਵਾਂ ਹਨ- ਇਕਹਿਰੀ ਨਾਗਰਿਕਤਾ ਦੇਣਾ, ਇਕਹਿਰੀ-ਨਿਆਂ ਪਾਲਿਕਾ ਦੀ ਵਿਵਸਥਾ ਕਰਨੀ, ਹਿੰਦੀ ਨੂੰ ਦੇਵ-ਨਾਗਰੀ ਲਿੱਪੀ ਵਿੱਚ ਕੇਂਦਰੀ ਜਾਂ ਰਾਸ਼ਟਰ ਭਾਸ਼ਾ ਪ੍ਰਵਾਨ ਕਰਨਾ ਅਤੇ ਬਾਕੀ 18 ਪ੍ਰਮੁੱਖ ਰਾਸ਼ਟਰੀ ਭਾਸ਼ਾਵਾਂ ਨੂੰ ਮਾਨਤਾ ਦੇਣੀ, ਦਲ ਬਦਲੀ ਦੀ ਮਨਾਹੀ ਕਰਨੀ, ਛੂਤ-ਛਾਤ ਨੂੰ ਸਮਾਪਤ ਕਰਨਾ, ਸੰਵਿਧਾਨਿਕ ਮਾਨਤਾ ਤੋਂ ਬਿਨਾਂ ਸੰਪਤੀ ਦਾ ਅਧਿਕਾਰ ਦੇਣਾ, ਕਠੋਰਤਾ ਅਤੇ ਲਚਕੀਲੇਪਨ ਦਾ ਮਿਸ਼ਰਣ ਕਰਨਾ, ਕਈ ਸ਼ਰਤਾਂ ਤੋਂ ਸੰਵਿਧਾਨ ਘੜਨਾ ਆਦਿ ਸਾਂਡੇ ਸੰਵਿਧਾਨ ਦੀਆਂ ਵਚਿੱਤਰ ਵਿਸ਼ੇਸ਼ਤਾਵਾਂ ਹਨ।

ਭਾਰਤ ਇਕ ਬਹੁਵਾਦੀ ਸਮਾਜ ਹੈ। ਇਸ ਵਿੱਚ ਅਨੇਕਾਂ ਧਰਮਾਂ ਨੂੰ ਮੰਨਣ ਵਾਲੇ, ਬੋਲੀਆਂ ਬੋਲਣ ਵਾਲੇ, ਭਿੰਨ-ਭਿੰਨ ਜਾਤੀਆਂ ਅਤੇ ਨਸਲਾਂ ਦੇ ਅਤੇ ਵੱਖ-ਵੱਖ ਸਭਿਆਚਾਰਾਂ ਵਾਲੇ ਲੋਕ ਰਹਿੰਦੇ ਹਨ। ਇਥੇ ਕਈ ਘਟ ਗਿਣਤੀਆਂ ਅਤੇ ਭਿੰਨ-ਭਿੰਨ ਵਰਗਾਂ ਦੇ ਲੋਕ ਰਹਿੰਦੇ ਹਨ। ਸੰਵਿਧਾਨ ਇਨ੍ਹਾਂ ਘਟ-ਗਿਣਤੀਆਂ ਦੇ ਲੋਕਾਂ ਅਤੇ ਵਰਗਾਂ ਨੂੰ ਆਪਣੀ ਹਸਤੀ ਬਣਾਏ ਰੱਖਣ ਅਤੇ ਵਿਕਾਸ ਕਰਨ ਦੇ ਸਮਾਨ ਮੌਕੇ ਪ੍ਰਦਾਨ ਕਰਨ ਦੀ ਗਾਰੰਟੀ ਦਿੰਦਾ ਹੈ। ਇਹ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਜ਼ਰੂਰੀ ਵੀ ਹੈ।

**ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰ (Fundamental Rights of Indian Citizens):-** ਭਾਰਤੀ ਸੰਵਿਧਾਨ ਦੇ ਤੀਸਰੇ ਭਾਗ ਵਿੱਚ ਅਨੁਛੇਦ 14 ਤੋਂ 32 ਤੱਕ ਨਾਗਰਿਕਾਂ ਦੇ ਮੌਲਿਕ ਅਧਿਕਾਰ ਦਿੱਤੇ ਗਏ ਹਨ। ਇਹ ਮੌਲਿਕ ਅਧਿਕਾਰ ਸਭ ਨਾਗਰਿਕਾਂ ਲਈ ਸਮਾਨ ਹਨ। ਇਹਨਾਂ ਨੂੰ ਮੌਲਿਕ ਅਧਿਕਾਰ ਇਸ

ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਸੰਵਿਧਾਨ ਵਿੱਚ ਦਰਜ ਕੀਤੇ ਗਏ ਹਨ। ਜਿੱਥੇ ਆਮ **ਸਧਾਰਨ ਅਧਿਕਾਰਾਂ ਨੂੰ ਸਧਾਰਨ ਕਨੂੰਨੀ ਪ੍ਰਕਿਰਿਆ ਦੁਆਰਾ ਬਦਲ ਸਕਦੇ ਹਾਂ ਉਥੇ ਮੌਲਿਕ ਅਧਿਕਾਰਾਂ ਵਿੱਚ ਐਨੀ ਅਸਾਨੀ ਨਾਲ ਬਦਲਾਵ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹਨਾਂ ਦੇ ਪਿੱਛੇ ਕਨੂੰਨੀ ਸੰਵਿਧਾਨਿਕ ਗਾਰੰਟੀ ਹੁੰਦੀ ਹੈ।**

ਭਾਰਤੀ ਨਾਗਰਿਕਾਂ ਨੂੰ ਸੰਵਿਧਾਨ ਰਾਹੀਂ ਹੇਠ ਲਿਖੇ ਕਨੂੰਨੀ ਅਧਿਕਾਰ ਦਿੱਤੇ ਗਏ ਹਨ–

1. **ਸਮਾਨਤਾ ਦਾ ਅਧਿਕਾਰ** :- ਸੰਵਿਧਾਨ ਨਿਰਮਾਤਾਵਾਂ ਨੇ ਸਮਾਨਤਾ ਦੇ ਅਧਿਕਾਰ ਨੂੰ ਇਸ ਲਈ ਪਹਿਲ ਦਿੱਤੀ ਕਿਉਂਕਿ ਉਸ ਸਮੇਂ ਭਾਰਤੀ ਸਮਾਜ ਵਿੱਚ ਭਿੰਨ-ਭਿੰਨ ਅਸਮਾਨਤਾਵਾਂ ਦੀ ਭਰਮਾਰ ਸੀ। ਇਸ ਲਈ, ਇਸ ਅਧਿਕਾਰ ਅਧੀਨ ਨਾਗਰਿਕਾਂ ਨੂੰ ਹੇਠ ਲਿਖੀਆਂ ਸਮਾਨਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ।

**(ੳ) ਕਨੂੰਨ ਦੇ ਸਾਹਮਣੇ ਸਮਾਨਤਾ** :- ਸਾਰੇ ਭਾਰਤੀ ਨਾਗਰਿਕ ਕਨੂੰਨ ਦੇ ਸਾਹਮਣੇ ਸਮਾਨ ਹਨ ਅਤੇ ਉਨ੍ਹਾਂ ਤੇ ਸਮਾਨ ਕਨੂੰਨ ਲਾਗੂ ਹੁੰਦੇ ਹਨ।

**(ਅ) ਵਿਤਕਰੇ ਦੀ ਮਨਾਹੀ** :- ਰਾਜ ਕਿਸੇ ਨਾਗਰਿਕ ਨਾਲ ਕੋਈ ਵਿਤਕਰਾ ਨਹੀਂ ਕਰਦਾ।

**(ੲ) ਅਵਸਰ ਦੀ ਸਮਾਨਤਾ** :- ਰਾਜ ਅਧੀਨ ਰੋਜ਼ਗਾਰ ਜਾਂ ਪਦਵੀਆਂ ਤੇ ਨਿਯੁੱਕਤੀ ਲਈ ਸਾਰੇ ਨਾਗਰਿਕਾਂ ਨੂੰ ਸਮਾਨ ਅਵਸਰ ਦਿੱਤੇ ਜਾਣਗੇ ਅਤੇ ਇਨ੍ਹਾਂ ਲਈ ਕਿਸੇ ਵੀ ਨਾਗਰਿਕ ਨਾਲ ਧਰਮ, ਜਾਤ, ਨਸਲ, ਲਿੰਗ, ਵੰਸ਼, ਜਨਮ-ਸਥਾਨ ਜਾਂ ਨਿਵਾਸ-ਸਥਾਨ ਦੇ ਅਧਾਰ ਤੇ ਵਿੱਤਕਤਾ ਨਹੀਂ ਕੀਤਾ ਜਾਵੇਗਾ।

**(ਸ) ਛੂਤ-ਛਾਤ ਦੀ ਮਨਾਹੀ** :- ਸਦੀਆਂ ਤੋਂ ਚਲੀ ਆ ਰਹੀ ਛੂਤ-ਛਾਤ ਦੀ ਬਿਮਾਰੀ ਨੂੰ ਸਮਾਪਤ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਕਿਸੇ ਵੀ ਰੂਪ ਵਿੱਚ ਅਮਲ ਵਿੱਚ ਲਿਆਉਣਾ ਭਾਰਤੀ ਸੰਵਿਧਾਨ ਵੱਲੋਂ ਵਰਜਿਤ ਹੈ।

(ਹ) **ਉਪਾਧੀਆਂ ਜਾਂ ਖਿਤਾਬਾਂ ਦੀ ਸਮਾਪਤੀ** :- ਸੰਵਿਧਾਨ ਅਨੁਸਾਰ ਸੈਨਿਕ ਅਤੇ ਵਿੱਦਿਅਕ ਉਪਾਧੀਆਂ ਨੂੰ ਛੱਡ ਕੇ ਰਾਜ ਦੁਆਰਾ ਹੋਰ ਕੋਈ ਵੀ ਉਪਾਧੀ ਨਹੀਂ ਦਿੱਤੀ ਜਾਵੇਗੀ। ਭਾਰਤ ਦਾ ਨਾਗਰਿਕ ਕਿਸੇ ਵਿਦੇਸ਼ੀ ਰਾਜ ਤੋਂ ਉਪਾਧੀ ਪ੍ਰਾਪਤ ਨਹੀਂ ਕਰੇਗਾ।

2. **ਅਜ਼ਾਦੀ ਦਾ ਅਧਿਕਾਰ— ਸਮਾਨਤਾ ਤੋਂ ਬਾਅਦ ਸੰਵਿਧਾਨ ਰਚਨਹਾਰਿਆਂ ਨੇ ਸੁਤੰਤਰਤਾ ਦੇ ਅਧਿਕਾਰ ਨੂੰ ਮਹੱਤਵ ਦਿੱਤਾ ਹੈ। ਸੁਤੰਤਰਤਾ ਦਾ ਅਧਿਕਾਰ ਲੋਕਤੰਤਰ ਦਾ ਮੁੱਖ ਥੰਮ੍ਹ ਹੈ। ਸੰਵਿਧਾਨ ਦੇ 19ਵੇਂ** ਅਨੁਛੇਦ ਅਧੀਨ ਹੇਠ ਲਿਖੀਆਂ ਸੁਤੰਤਰਤਾਵਾਂ ਨਾਗਰਿਕ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ—

1. ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ।
2. ਹਥਿਆਰਾਂ ਤੋਂ ਬਿਨਾਂ ਸ਼ਾਂਤਮਈ ਰੂਪ ਵਿੱਚ ਇਕੱਤਰ ਹੋਣ ਦੀ ਅਜ਼ਾਦੀ।
3. ਸਮੂਹ ਜਾਂ ਸੰਘ ਸਥਾਪਿਤ ਕਰਨ ਦੀ ਅਜਾਦੀ।
4. ਸਮੁੱਚੇ ਭਾਰਤ ਵਿੱਚ ਫਿਰਨ-ਤੁਰਨ ਦੀ ਅਜਾਦੀ।
5. ਦੇਸ਼ ਦੇ ਕਿਸੇ ਭਾਗ ਵਿੱਚ ਰਹਿਣ ਦੀ ਤੇ ਨਿਵਾਸ ਅਸਥਾਨ ਬਣਾਉਣ ਦੀ ਸੁਤੰਤਰਤਾ।
6. ਕੋਈ ਵੀ ਕਾਰੋਬਾਰ ਕਰਨ ਦੀ ਅਜਾਦੀ।

3. **ਸ਼ੋਸ਼ਣ ਦੇ ਵਿਰੁੱਧ ਅਧਿਕਾਰ—** ਭਾਰਤੀ ਸੰਵਿਧਾਨ ਵਿੱਚ ਮਨੁੱਖ ਦਾ ਵਪਾਰ ਅਤੇ ਬਿਨਾਂ ਵੇਤਨ ਜ਼ਬਰੀ ਕੰਮ ਕਰਾਉਣ ਦੀ ਮਨਾਹੀ ਕੀਤੀ ਗਈ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ ਕਨੂੰਨ ਅਨੁਸਾਰ ਸਜਾ ਦਿੱਤੀ ਜਾ ਸਕਦੀ ਹੈ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਕਾਰਖ਼ਾਨੇ ਵਿੱਚ ਕਿਸੇ ਅਜਿਹੇ ਕੰਮ 'ਤੇ ਨਹੀਂ ਲਗਾਇਆ ਜਾ ਸਕਦਾ ਜਿੱਥੇ ਉਹਨਾਂ ਦਾ ਵਿਕਾਸ ਰੁਕ ਜਾਵੇ।

4. **ਧਾਰਮਿਕ ਸੁਤੰਤਰਤਾ ਦਾ ਅਧਿਕਾਰ—** ਸੰਵਿਧਾਨ ਦੁਆਰਾ ਭਾਰਤ ਨੂੰ ਧਰਮ ਨਿਰਪੱਖ ਰਾਜ ਕਿਹਾ ਗਿਆ ਹੈ। ਧਰਮ ਨਿਰਪੱਖ ਰਾਜ ਉਹ ਹੁੰਦਾ ਹੈ ਜਿਥੇ ਕਿਸੇ ਇੱਕ ਧਰਮ ਨੂੰ ਪਹਿਲ ਨਹੀਂ ਦਿੱਤੀ ਜਾਂਦੀ ਸਗੋਂ ਸਾਰੇ ਧਰਮਾਂ ਦਾ ਇਕੋ ਜਿਹਾ ਸਤਿਕਾਰ ਕੀਤਾ ਜਾਂਦਾ ਹੈ। ਅਜਿਹਾ ਰਾਜ ਕਿਸੇ ਵੀ ਧਰਮ ਵਿੱਚ ਦਖ਼ਲ ਨਹੀਂ ਦਿੰਦਾ

ਅਤੇ ਨਾ ਹੀ ਧਰਮ ਦੇ ਅਧਾਰ ਤੇ ਫੈਸਲੇ ਕਰਦਾ ਹੈ। ਹਰੇਕ ਨਾਗਰਿਕ ਨੂੰ ਕੋਈ ਵੀ ਧਰਮ ਅਪਨਾਉਣ, ਉਸ ਦਾ ਪ੍ਰਚਾਰ ਕਰਨ ਦੀ ਜਾਂ ਧਰਮ ਦੇ ਨਾਂ ਤੇ ਚੰਦਾ ਇਕੱਠਾ ਕਰਨ ਦੀ ਖੁੱਲ੍ਹ ਹੁੰਦੀ ਹੈ।

5. **ਵਿੱਦਅਕ ਅਤੇ ਸਭਿਆਚਾਰਿਕ ਅਧਿਕਾਰ ਭਾਰਤ ਇਹ ਬਹੁਧਰਮੀ, ਬਹੁ ਭਾਸ਼ਾਈ ਅਤੇ** ਬਹੁ ਸਭਿਆਚਾਰਾਂ ਵਾਲੇ ਲੋਕਾਂ ਦਾ ਦੇਸ਼ ਹੈ। ਇਸ ਲਈ ਘੱਟ ਗਿਣਤੀ ਵਾਲੇ ਲੋਕਾਂ ਦੇ ਹਿੱਤਾਂ ਲਈ ਹੇਠ ਲਿਖੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ—

(ੳ) ਹਰੇਕ ਸੰਪਰਦਾਇ ਨੂੰ ਆਪਣੀ ਭਾਸ਼ਾ ਜਾਂ ਲਿਪੀ ਦੀ ਸੁਰੱਖਿਆ ਅਤੇ ਵਿਕਾਸ ਕਰਨ ਦਾ ਅਧਿਕਾਰ ਹੈ।

(ਅ) ਸਰਕਾਰੀ ਵਿਦਿਅਕ ਸੰਸਥਾਵਾਂ ਜਾ ਰਾਜ ਵੱਲੋਂ ਦਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਵਿੱਚ ਕਿਸੇ ਨੂੰ ਧਰਮ, ਭਾਸ਼ਾ ਜਾ ਜਾਤੀ ਦੇ ਅਧਾਰ ਤੇ ਦਾਖਲਾ ਦੇਣ ਤੋਂ ਇਨਤਾਰ ਨਹੀਂ ਕੀਤਾ ਜਾ ਸਕਦਾ।

(ੲ) ਧਰਮ ਦੇ ਅਧਾਰ 'ਤੇ ਘੱਟਗਿਣਤੀਆਂ ਨੂੰ ਆਪਣੀ ਇੱਛਾ ਅਨੁਸਾਰ ਵਿਦਿਅਕ ਸੰਸਥਾਵਾਂ ਸਥਾਪਤ ਕਰਨ ਦਾ ਅਧਿਕਾਰ ਹੈ।

6. **ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ** ਸੰਵਿਧਾਨ ਦੁਆਰਾ ਨਾਗਰਿਕਾਂ ਨੂੰ ਅਧਿਕਾਰ ਪ੍ਰਦਾਨ ਕਰਨੇ ਹੀ ਕਾਫ਼ੀ ਨਹੀਂ ਹਨ। ਇਹਨਾਂ ਅਧਿਕਾਰ ਦਾ ਸਤਿਕਾਰ ਕਰਨਾ ਅਤੇ ਲਾਗੂ ਕਰਵਾਉਣਾ ਵਧੇਰੇ ਮਹੱਤਵਪੂਰਨ ਹੈ। ਜੇਕਰ ਸਮੇਂ ਦੀ ਸਰਕਾਰ, ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ ਤਾਂ ਨਾਗਰਿਕਾਂ ਪਾਸ ਉਨ੍ਹਾਂ ਦੇ ਵਿਰੁੱਧ ਕਨੂੰਨੀ ਉਪਾਅ (Constitutional Remedies) ਹੋਣੇ ਚਾਹੀਦੇ ਹਨ। ਭਾਰਤੀ ਸੰਵਿਧਾਨ ਅਧੀਨ ਨਾਗਰਿਕਾਂ ਦੇ ਅਧਿਕਾਰਾਂ ਦੇ ਵਿਰੁੱਧ ਕੀਤੇ ਰਾਜ ਦੇ ਕਾਰਜਾਂ ਨੂੰ ਅਦਾਲਤਾਂ ਵਿੱਚ ਚਣੌਤੀ ਦਿੱਤੀ ਜਾ ਸਕਦੀ ਹੈ। ਭਾਰਤੀ ਨਾਗਰਿਕਾਂ ਦੇ ਇਸ ਅਧਿਕਾਰ ਨੂੰ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਕਿਹਾ ਗਿਆ ਬੈ।

**ਸੰਵਿਧਾਨ ਦੁਆਰਾ ਦਿੱਤੇ ਗਏ ਇਹਨਾਂ ਮੌਲਿਕ ਅਧਿਕਾਰਾਂ ਬਾਰੇ ਕੁਝ ਲੋਕਾਂ ਦਾ ਵਿਚਾਰ ਹੈ ਕਿ ਇਹਨਾਂ ਅਧਿਕਾਰਾਂ ਤੇ ਸਰਕਾਰ ਨੂੰ ਜੋ ਬੰਦਸ਼ਾਂ ਲਗਾਉਣ ਦਾ ਅਧਿਕਾਰ ਸੌਂਪਿਆ ਹੈ ਉਸ ਨਾਲ ਇਹਨਾਂ ਦਾ ਮਹੱਤਵ ਬਹੁਤ ਘਟ ਹੋ ਗਿਆ ਹੈ।**

**ਭਾਰਤੀ ਨਾਗਰਿਕਾਂ ਦੇ ਕਰਤੱਵ (Fundamental Duties of Indian Citizens):-** ਅਧਿਕਾਰ ਅਤੇ ਕਰਤੱਵ ਇਕ ਹੀ ਸਿੱਕੇ ਦੇ ਦੋ ਪਾਸੇ ਹੁੰਦੇ ਹਨ। ਅਧਿਕਾਰ ਅਤੇ ਕਰਤੱਵ ਨਾਲ਼-ਨਾਲ਼ ਚਲਦੇ ਹਨ। ਅਧਿਕਾਰਾਂ ਦੀ ਹੋਂਦ ਲਈ ਕਰਤੱਵ ਜ਼ਰੂਰੀ ਹਨ। ਦੂਜੇ ਸ਼ਬਦਾਂ ਵਿੱਚ ਕਰਤੱਵਾਂ ਤੋਂ ਬਿਨਾਂ ਅਧਿਕਾਰ ਹੋਂਦ ਵਿੱਚ ਨਹੀਂ ਰਹਿ ਸਕਦੇ। ਇਸ ਲਈ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨਾਲ ਸੰਵਿਧਾਨ ਵਿੱਚ ਉਨ੍ਹਾਂ ਦੇ ਮੂਲ ਕਰਤੱਵ ਵੀ ਅੰਕਿਤ ਕੀਤੇ ਹੋਏ ਹਨ। ਭਾਰਤ ਦੇ ਮੌਲਿਕ ਸੰਵਿਧਾਨ ਵਿੱਚ ਨਾਗਰਿਕਾਂ ਦੇ ਕਰਤੱਵਾਂ ਦੀ ਵਿਵਸਥਾ ਨਹੀਂ ਕੀਤੀ ਗਈ ਸੀ। 1976 ਵਿੱਚ 42ਵੀਂ ਸੰਵਿਧਾਨਿਕ ਸੋਧ ਦੁਆਰਾ ਨਵਾਂ ਭਾਗ IVA ਜੋੜ ਕੇ ਨਾਗਰਿਕਾਂ ਦੇ ਹੇਠ ਲਿਖੇ ਦੱਸ ਕਰਤੱਵ ਸੰਵਿਧਾਨ ਵਿੱਚ ਅੰਕਿਤ ਕੀਤੇ ਗਏ ਹਨ।

1. ਸੰਵਿਧਾਨ ਦੀ ਪਾਲਣਾ ਇਸ ਦੇ ਆਦਰਸ਼ਾ, ਸੰਸਥਾਵਾਂ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਸਨਮਾਨ ਕਰਨਾ।
2. ਅਜਾਦੀ ਲਈ ਕੀਤੇ ਗਏ ਰਾਸ਼ਟਰੀ ਸੰਘਰਸ਼ ਨੂੰ ਉਤਸਾਹਿਤ ਕਰਨ ਵਾਲੇ ਆਦਰਸ਼ਾਂ ਦਾ ਸਨਮਾਨ ਤੇ ਪਾਲਣਾ ਕਰਨਾ।
3. ਭਾਰਤ ਦੀ ਪ੍ਰਭੂਸੱਤਾ, ਏਕਤਾ ਤੇ ਅਖੰਡਤਾਂ ਦਾ ਸਮਰਥਨ ਅਤੇ ਰੱਖਿਆ ਕਰਨੀ।
4. ਦੇਸ਼ ਦੀ ਰੱਖਿਆ ਅਤੇ ਪੁਕਾਰ ਤੇ ਰਾਸ਼ਟਰੀ ਸੇਵਾ ਕਰਨੀ।
5. ਧਾਰਮਿਕ, ਭਾਸ਼ਾਈ, ਖੇਤਰ ਜਾਂ ਵਰਗੀ ਭਿੰਨਤਾਵਾਂ ਤੋਂ ਉੱਤੇ ਉੱਠ ਕੇ ਭਾਰਤ ਦੇ ਸਾਰੇ ਲੋਕਾਂ ਵਿੱਚ ਮੇਲ-ਮਿਲਾਪ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਵਿਕਸਿਤ ਕਰਨਾ ਅਤੇ ਇਸਤਰੀਆਂ ਦੇ ਗੌਰਵ

ਦੀ ਨਿਰਾਦਰੀ ਕਰਨ ਵਾਲੀਆਂ ਪ੍ਰਥਾਵਾਂ ਦਾ ਤਿਆਗ ਕਰਨਾ।

6. ਸਾਂਝੇ ਸਭਿਆਚਾਰ ਦੇ ਸ਼ਾਨਦਾਰ ਵਿਰਸੇ ਦਾ ਆਦਰ ਕਰਨਾ ਅਤੇ ਇਸ ਨੂੰ ਕਾਇਮ ਰੱਖਣਾ।
7. ਜੰਗਲਾਂ, ਝੀਲਾਂ, ਨਦੀਆਂ, ਜੰਗਲੀ ਜੀਵਨ ਅਤੇ ਕੁਦਰਤੀ ਵਾਤਾਵਰਨ ਦੀ ਰੱਖਿਆ ਕਰਨੀ ਅਤੇ ਜੀਵ-ਜੰਤੂਆਂ ਪ੍ਰਤੀ ਦਯਾ ਕਰਨੀ।
8. ਵਿਗਿਆਨਿਕ ਸਭਾ, ਮਾਨਵਤਾਵਾਦ, ਜਾਂਚ ਕਰਨ ਅਤੇ ਸੁਧਾਰ ਕਰਨ ਦੀ ਭਾਵਨਾ ਦਾ ਵਿਕਾਸ ਕਰਨਾ।
9. ਜਨਤਕ ਸੰਪਤੀ ਦੀ ਰੱਖਿਆ ਕਰਨਾ ਅਤੇ ਹਿੰਸਾ ਦਾ ਤਿਆਗ ਕਰਨਾ।
10. ਵਿਅਕਤੀਗਤ ਅਤੇ ਸਮੂਹਿਕ ਗਤੀਵਿਧੀਆਂ ਦੇ ਹਰੇਕ ਖੇਤਰ ਵਿੱਚ ਉਤਮਤਾ ਹਾਸਲ ਕਰਨਾ।
11. ਜੇ ਮਾਤਾ-ਪਿਤਾ ਜਾਂ ਸਰਪ੍ਰਸਤ ਹੈ, ਛੇ ਸਾਲ ਤੋਂ ਚੌਦਾਂ ਸਾਲ ਤੱਕ ਦੀ ਉਮਰ ਵਾਲੇ ਆਪਣੇ, ਜਿਹੋ ਜਿਹੀ ਵੀ ਸਥਿਤੀ ਹੋਵੇ, ਬਾਲਕ ਜਾਂ ਪ੍ਰਤੀਪਾਲਕ ਨੂੰ ਸਿੱਖਿਆ ਦੇ ਮੌਕੇ ਪ੍ਰਦਾਨ ਕਰੋ।

ਇਹਨਾਂ ਕਰਤੱਵਾਂ ਦੇ ਪਿੱਛੇ ਕਨੂੰਨੀ ਸ਼ਕਤੀ ਨਹੀਂ ਹੈ ਪਰ ਨੈਤਿਕ ਸ਼ਕਤੀ ਇਨ੍ਹਾਂ ਦਾ ਮੂਲ ਅਧਾਰ ਹੈ। ਕਰਤੱਵਾਂ ਦੇ ਖੇਤਰ ਵਿੱਚ ਨੈਤਿਕ ਸ਼ਕਤੀ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੁੰਦੀ ਹੈ। ਕਰਤੱਵਾਂ ਦੀ ਪਾਲਣਾ ਵਿਅਕਤੀ ਦੇ ਸੰਸਕਾਰਾਂ, ਉਸ ਦੀ ਜ਼ਿੰਮੇਵਾਰੀ ਦੀ ਭਾਵਨਾ ਅਤੇ ਆਤਮਾ 'ਤੇ ਨਿਰਭਰ ਕਰਦੀ ਹੈ।

## ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (Directive Principles of the State Policy)

ਸਰ ਬੀ.ਐਨ.ਰਾਓ ਦੇ ਸੁਝਾਅ ਅਨੁਸਾਰ ਅਤੇ ਆਇਰਲੈਂਡ ਦੇ ਸੰਵਿਧਾਨ ਤੋਂ ਪ੍ਰੇਰਿਤ ਹੋ ਕੇ, ਭਾਰਤੀ ਸੰਵਿਧਾਨ ਨਿਰਮਾਤਿਆਂ ਨੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਚੌਥੇ ਅਧਿਆਇ ਵਿੱਚ ਅੰਕਿਤ ਕੀਤੇ ਹਨ। ਇਨ੍ਹਾਂ ਸਿਧਾਤਾਂ ਦੁਆਰਾ ਸੰਵਿਧਾਨ ਨਿਰਮਾਤਾਵਾਂ ਨੇ ਭਵਿੱਖ ਵਿੱਚ ਆਉਣ ਵਾਲੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਕੁਝ ਵਡਮੁੱਲੇ ਨਿਰਦੇਸ਼ ਦਿੱਤੇ ਹਨ। ਇਨ੍ਹਾਂ ਸਿਧਾਂਤਾ ਦੇ ਆਧਾਰ 'ਤੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਣੀਆਂ ਨੀਤੀਆਂ, ਕਾਰਜਕ੍ਰਮ ਅਤੇ ਪ੍ਰੋਗਰਾਮ ਬਣਾਉਣ ਲਈ ਨਿਰਦੇਸ਼ ਦਿੱਤਾ ਗਿਆ ਹੈ।

ਜੇਕਰ ਭਾਰਤ ਵਿੱਚ ਰਾਜਨੀਤਿਕ ਲੋਕ-ਤੰਤਰ ਦੀ ਸਥਾਪਨਾ ਦੇ ਮੰਤਵ ਨਾਲ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ ਹਨ ਤਾਂ ਸਮਾਜਿਕ ਅਤੇ ਆਰਥਿਕ ਲੋਕ-ਤੰਤਰ ਦੀ ਸਥਾਪਨਾ ਕਰਨ ਦੇ ਉਦੇਸ਼ ਨਾਲ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਸੰਵਿਧਾਨ ਵਿੱਚ ਦਰਜ ਕੀਤੇ ਗਏ ਹਨ।

ਸੰਵਿਧਾਨ ਨਿਰਮਾਤਾ ਕਿਤੇ ਇਕ ਵਿਸ਼ੇਸ਼ ਵਿਚਾਰਧਾਰਾ ਨਾਲ ਬੱਝੇ ਹੋਏ ਨਹੀਂ ਸਨ। ਉਨ੍ਹਾਂ ਦੀ ਸੋਚ ਤੇ ਵਿਚਾਰ ਸਮਾਜਵਾਦੀ, ਉਦਾਰਵਾਦੀ ਅਤੇ ਗਾਂਧੀਵਾਦੀ ਵਿਚਾਰ ਧਾਰਾਵਾਂ ਤੋਂ ਪ੍ਰਭਾਵਿਤ ਸੀ। ਉਨ੍ਹਆਂ ਨੇ ਭਾਰਤ ਵਾਸੀਆਂ ਦੇ ਕਲਿਆਣ ਨੂੰ ਮੁੱਖ ਰੱਖਦੇ ਹੋਏ ਹਰ ਸੰਭਵ ਵਿਚਾਰਧਾਰਾ ਦਾ ਪ੍ਰਯੋਗ ਕੀਤੀ ਹੈ।

ਸਮਾਜਵਾਦੀ ਸਿਧਾਂਤ—

1. ਰਾਜ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਅਜਿਹੇ ਸਮਾਜ ਦੀ ਸਥਾਪਨਾ ਕੀਤੀ ਜਾਵੇ ਜਿਸ ਦਾ ਉਦੇਸ਼ ਜਨਤਕ ਭਲਾਈ ਹੋਵੇ ਅਤੇ ਕੌਮੀ ਜੀਵਨ ਦੇ ਹਰੇਕ ਖੇਤਰ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਮਿਲੇ।
2. ਸਮਾਜ ਵਿੱਚ ਹਰੇਕ ਨਾਗਰਿਕ ਨੂੰ ਆਪਣੀ ਰੋਜੀ ਕਮਾਉਣ ਦਾ ਅਧਿਕਾਰ ਪ੍ਰਾਪਤ ਹੋਵੇ।
3. ਦੇਸ਼ ਦੇ ਭੌਤਿਕ ਸਾਧਨਾਂ ਦੀ ਵੰਡ ਅਜਿਹੀ ਹੋਵੇ ਜਿਸ ਨਾਲ ਵੱਧ ਤੋਂ ਵੱਧ ਜਨ ਕਲਿਆਣ ਹੋ ਸਕੇ।
4. ਆਰਥਿਕ ਢਾਂਚਾ ਇਸ ਤਰ੍ਹਾਂ ਦਾ ਹੋਵੇ ਕਿ ਧਨ ਅਤੇ ਉੱਪਜ ਦੇ ਸਾਧਨ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਨਾ ਹੋ ਜਾਣ।
5. ਇਸਤਰੀਆਂ ਅਤੇ ਪੁਰਸ਼ਾਂ ਨੂੰ ਇਕੋ ਜਿਹੇ ਕੰਮ ਲਈ ਇਕੋ ਜਿਹੀ ਤਨਖਾਹ ਮਿਲੇ।

6. ਬਿਮਾਰੀ, ਬੇਕਾਰੀ, ਬੁਢਾਪਾ ਤੇ ਅੰਗਹੀਣ ਹੋਣ ਦੀ ਅਵੱਸਥਾ ਵਿੱਚ ਰਾਜ ਆਪਣੀ ਸ਼ਕਤੀ ਅਨੁਸਾਰ ਨਾਗਰਿਕਾਂ ਦੀ ਸਹਾਇਤਾ ਕਰੇ।
7. ਰਾਜ ਹਰੇਕ ਸ਼੍ਰੇਣੀ ਦੇ ਮਜ਼ਦੂਰਾ ਲਈ ਚੰਗੀ ਤਨਖ਼ਾਹ, ਚੰਗਾ ਜੀਵਨ ਪੱਧਰ ਅਤੇ ਲੋੜੀਂਦੀਆਂ ਛੁੱਟੀਆਂ ਦਾ ਪ੍ਰਬੰਧ ਕਰੇ।
8. 6-14 ਸਾਲ ਦੇ ਬੱਚਿਆਂ ਲਈ ਲਾਜ਼ਮੀ ਤੇ ਮੁਫ਼ਤ ਵਿੱਦਿਆ ਦਾ ਪ੍ਰਬੰਧ ਕਰੇ।
9. ਰਾਜ ਆਮਦਨ ਦੀਆਂ ਅਸਮਾਨਤਾਵਾਂ ਘੱਟ ਕਰਨ ਦਾ ਯਤਨ ਕਰੇ।

**ਗਾਂਧੀਵਾਦੀ ਸਿਧਾਂਤ—** ਸੰਵਿਧਾਨ ਨਿਰਮਾਤਾ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਆਦਰਸ਼ ਰਾਜ ਜਾਂ ਰਾਮ ਰਾਜ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ। ਗਾਂਧੀ ਜੀ ਨੇ ਜਿਸ ਨਵੇਂ ਸਮਾਜ ਦੀ ਸਥਾਪਨਾ ਕਰਨ ਦਾ ਸੁਪਨਾ ਲਿਆ ਸੀ ਉਸ ਦੀ ਸਾਨੂੰ ਇਕ ਛੋਟੀ ਝਲਕ ਹੇਠ ਲਿਖੇ ਗਏ ਸਿਧਾਤਾਂ ਵਿੱਚ ਮਿਲਦੀ ਹੈ-

1. ਰਾਜ ਨੂੰ ਪਿੰਡਾਂ ਵਿੱਚ ਪੰਚਾਇਤਾਂ ਸਥਾਪਿਤ ਕਰਕੇ ਉਨ੍ਹਆਂ ਨੂੰ ਅਜਿਹੀਆਂ ਸ਼ਕਤੀਆਂ ਦੇਣੀਆਂ ਚਾਹੀਦੀਆਂ ਹਨ ਜਿਸ ਨਾਲ ਉਹ ਇਕ ਸਵਰਾਜ ਦੀ ਇਕਾਈ ਦੇ ਰੂਪ ਵਿੱਚ ਕੰਮ ਕਰ ਸਕਣ।
2. ਰਾਜ ਪਿੰਡਾਂ ਵਿੱਚ ਨਿੱਜੀ ਸਹਿਕਾਰੀ ਘਰੇਲੂ ਉਦਯੋਗਾਂ ਨੂੰ ਉਤਸ਼ਾਹ ਦੇਵੇ।
3. ਰਾਜ ਕਮਜ਼ੋਰ ਵਰਗਾਂ ਨੂੰ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ, ਪਛੱੜੀਆਂ ਸ਼੍ਰੇਣੀਆਂ ਅਤੇ ਕਬੀਲਿਆਂ ਨੂੰ ਵਿੱਦਿਅਕ ਸਹੂਲਤਾਂ ਪ੍ਰਦਾਨ ਕਰੇ।
4. ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਕਬੀਲਿਆਂ ਨੂੰ ਸਮਾਜਿਕ ਅਨਿਆਂ ਅਤੇ ਹਰ ਪ੍ਰਕਾਰ ਦੀ ਲੁਟ-ਖਸੁੱਟ ਤੋਂ ਬਚਾਵੇ।
5. ਰਾਜ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤਾਂ ਉੱਤੇ ਜੋ ਸਿਹਤ ਲਈ ਹਾਨੀਕਾਰਕ ਹਨ ਤੇ ਪਾਬੰਦੀ ਲਗਾਉਣ ਦਾ ਯਤਨ ਕਰੇ।
6. ਰਾਜ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁਕਣ ਅਤੇ ਸਿਹਤ ਸੁਧਾਰਨ ਨੂੰ ਆਪਣਾ ਲਾਜ਼ਮੀ ਕਰਤੱਵ ਸਮਝੇ।

**ਉਦਾਰਵਾਦੀ ਅਤੇ ਆਮ ਸਿਧਾਂਤ—**

1. ਰਾਜ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਸਮੁੱਚੇ ਭਾਰਤ ਵਿੱਚ ਇੱਕ ਸਮਾਨ ਅਸੈਨਿਕ ਵਿਹਾਰ ਨਿਯਮ (Uniform Civil Code) ਲਾਗੂ ਕਰਨ ਦਾ ਯਤਨ ਕਰੇ।
2. ਰਾਜ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਨੂੰ ਵੱਖ ਕਰਨ ਲਈ ਯੋਗ ਕਾਰਵਾਈ ਕਰੇ।
3. ਰਾਜ ਆਧੁਨਿਕ ਵਿਗਿਆਨਿਕ ਅਧਾਰ 'ਤੇ ਖੇਤੀਬਾੜੀ ਦਾ ਪ੍ਰਬੰਧ ਕਰੇ।
4. ਰਾਜ ਪਸ਼ੂ ਪਾਲਣ ਵਿੱਚ ਸੁਧਾਰ ਅਤੇ ਪਸ਼ੂਆਂ ਦੀ ਨਸ਼ਲ ਦੀ ਨਸ਼ਲ ਸੁਧਾਰਨ ਦਾ ਯਤਨ ਕਰੇ।
5. ਰਾਜ ਗਊਆਂ, ਵੱਛਿਆਂ ਅਤੇ ਦੁੱਧ ਦੇਣ ਵਾਲੇ ਪਸ਼ੂਆਂ ਦੀ ਨਸਲ ਸੁਧਾਰਨ ਦਾ ਯਤਨ ਕਰੇ।
6. ਰਾਜ ਵਾਤਾਵਰਨ ਦੀ ਰੱਖਿਆ ਤੇ ਸੁਧਾਰ ਲਈ ਦੇਸ਼ ਦੇ ਜੰਗਲੀ ਜੀਵਨ ਦੀ ਰੱਖਿਆ ਲਈ ਯਤਨ ਕਰੇ।
7. ਦੇਸ਼ ਵਿੱਚ ਸਥਿਤ ਇਤਿਹਾਸਿਕ ਅਤੇ ਕਲਾਤਮਕ ਰੁੱਚੀ ਦੇ ਸਥਾਨਾਂ ਜਾਂ ਵਸਤੂਆਂ ਨੂੰ ਨਸ਼ਟ ਹੋਣ ਤੋਂ ਬਚਾਅ ਕਰੇ।

ਕੁਝ ਅਲੋਚਕਾਂ ਦੁਆਰਾ ਨਿਰਦੇਸ਼ਕ ਸਿਧਾਂਤਾਂ ਨੂੰ ਥੋਥੇ ਵਾਇਦੇ ਅਤੇ ਪਵਿੱਤਰ ਭਾਵਨਾਵਾਂ ਦਸਿਆ ਗਿਆ ਹੈ। ਬਹੁਤ ਸਾਰੇ ਸਿਧਾਂਤ ਨਾ ਤਾਂ ਤਰਕਪੂਰਨ ਹਨ ਅਤੇ ਨਾ ਹੀ ਅਮਲ ਯੋਗ ਹਨ। ਆਲੋਚਨਾ ਦੇ ਬਾਵਜੂਦ ਇਨ੍ਹਾਂ ਨਿਰਦੇਸ਼ਕ ਸਿਧਾਂਤਾਂ ਨੂੰ ਬਿਲਕੁਲ ਵਿਅਰਥ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਵਿੱਚ ਬਹੁਤ ਸਾਰੇ ਮੌਲਿਕ ਸਿਧਾਂਤ ਹਨ ਜੋ ਅਦਾਲਤਾਂ ਲਈ ਰਾਹ ਦਰਸਾਊ ਅਤੇ ਸਰਕਾਰ ਲਈ ਕੱਲਿਆਣਕਾਰੀ ਰਾਜ

ਦੀ ਸਥਾਪਨਾ ਲਈ ਚਾਨਣ-ਮੁਨਾਰਾ ਬਣ ਕੇ ਅਗਵਾਈ ਕਰ ਸਕਦੇ ਹਨ। ਲੋਕਾਂ ਲਈ ਇਹ ਸਿਧਾਂਤ ਸਰਕਾਰ ਦੀ ਕਾਰ-ਗੁਜਾਰੀ ਜਾਂ ਪ੍ਰਾਪਤੀਆ ਨੂੰ ਪਰਖਣ ਦੀ ਕਸਵੱਟੀ ਦਾ ਕੰਮ ਕਰਦੇ ਹਨ ਜਿਹੜੀ ਸਰਕਾਰ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾਂ ਨਹੀਂ ਕਰਦੀ, ਲੋਕ ਚੋਣਾਂ ਸਮੇਂ ਅਜਿਹੀ ਸਰਕਾਰ ਨੂੰ ਹਰਾ ਕੇ ਕਰੜਾ ਸਬਕ ਸਿਖਾਉਂਦੇ ਹਨ।

**ਮੌਲਿਕ ਅਧਿਕਾਰਾਂ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾ ਵਿੱਚ ਅੰਤਰ**

ਸੰਵਿਧਾਨ ਦੇ ਤੀਜੇ ਅਤੇ ਚੌਥੇ ਅਧਿਆਵਾਂ ਵਿੱਚ ਨਾਗਰਿਕ ਦੇ ਮਹੱਤਵਪੂਰਨ ਅਧਿਕਾਰ ਅਤੇ ਕਰਤੱਵ ਅੰਕਿਤ ਕੀਤੇ ਗਏ ਹਨ। ਇਨ੍ਹਾਂ ਦੋਹਾਂ ਵਿੱਚ ਕੁਝ ਮੂਲ ਅੰਤਰ ਹਨ—

1. ਮੌਲਿਕ ਅਧਿਕਾਰ ਨਿਆਂ ਯੋਗ ਹਨ, ਪਰ ਨਿਰਦੇਸ਼ਕ ਸਿਧਾਂਤ ਨਿਆਂਯੋਗ ਨਹੀਂ ਸਨ। ਇਸ ਤੋਂ ਭਾਵ ਹੈ ਕਿ ਮੌਲਿਕ ਅਧਿਕਾਰਾਂ ਦੀ ਤਰ੍ਹਾਂ ਸਰਕਾਰ ਨੂੰ ਨਿਰਦੇਸ਼ਕ ਸਿਧਾਂਤਾਂ ਦੀ ਪਾਲਨਾ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਉਦਾਹਰਣ ਲਈ ਜੇਕਰ ਕੋਈ ਨਾਗਰਿਕ ਬੇਕਾਰ ਹੈ ਤਾਂ ਉਹ ਰਾਜ ਨੂੰ ਨਿਰਦੇਸ਼ਕ ਸਿਧਾਂਤਾਂ ਦੀ ਪਾਲਣਾ ਅਧੀਨ ਕੰਮ ਦੇਣ ਲਈ ਅਦਾਲਤ ਦੁਆਰਾ ਮਜ਼ਬੂਰ ਨਹੀਂ ਕਰ ਸਕਦਾ। ਜਦ ਕਿ ਸਰਕਾਰ ਨੂੰ ਅਦਾਲਤਾਂ ਦੇ ਮੌਲਿਕ ਅਧਿਕਾਰਾਂ ਸੰਬੰਧੀ ਨਿਰਦੇਸ਼ ਜਾਂ ਹੁਕਮ ਮੰਨਣੇ ਪੈਂਦੇ ਹਨ।
2. ਮੌਲਿਕ ਅਧਿਕਾਰ ਨਿੱਖੇਧ-ਆਤਮਕ ਅਤੇ ਨਿਰਦੇਸ਼ਕ ਸਿਧਾਂਤ ਨਿਸ਼ਚਾਤਮਕ ਸਰੂਪ ਦੇ ਹਨ। ਨਿਖੇਧ-ਆਤਮਕ ਦਾ ਭਾਵ ਹੈ ਕਿ ਰਾਜ ਦੀਆਂ ਸ਼ਕਤੀਆਂ 'ਤੇ ਪਾਬੰਦੀ ਲਗਾਉਂਦੇ ਹਨ। ਨਿਸ਼ਚਾਤਮਕ ਦਾ ਭਾਵ ਹੈ ਕਿ ਕੋਈ ਨਿਸ਼ਚਿਤ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਹਨ।
3. ਕੁਝ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਤੋਂ ਸ਼੍ਰੇਸ਼ਟ ਹਨ ਕਿਉਂਕਿ ਉਹ ਵਿਅਕਤੀ ਦੀ ਥਾਂ ਸਮੁੱਚੇ ਸਮਾਜ 'ਤੇ ਸਰਬੱਤ ਦੇ ਭਲੇ ਲਈ ਹਨ।
4. ਜੇ ਮੌਲਿਕ ਅਧਿਕਾਰਾਂ ਦਾ ਮੰਤਵ ਭਾਰਤ ਵਿੱਚ ਰਾਜਨੀਤਿਕ ਲੋਕ-ਤੰਤਰ ਦੀ ਸਥਾਪਨਾ ਕਰਨਾ ਹੈ ਤਾਂ ਨਿਰਦੇਸ਼ਕ ਸਿਧਾਤਾਂ ਦਾ ਨਿਸ਼ਾਨਾ ਸਮਾਜਿਕ ਅਤੇ ਆਰਥਿਕ ਲੋਕ-ਤੰਤਰ ਦੀ ਸਥਾਪਨਾ ਕਰਦਾ ਹੈ। ਸਾਡੇ ਵਿਚਾਰ ਅਨੁਸਾਰ ਇਨ੍ਹਾਂ ਦੋਹਾਂ ਦੇ ਮਿਲਾਪ ਨਾਲ ਹੀ ਭਾਰਤ ਵਿੱਚ ਸੱਚੇ ਲੋਕ-ਤੰਤਰ ਦੀ ਸਥਾਪਨਾ ਕੀਤੀ ਜਾ ਸਕਦੀ ਹੈ।

## ਅਭਿਆਸ

(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 1-15 ਸ਼ਬਦਾਂ ਵਿੱਚ ਦਿਉ—

1. ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ?
2. ਸੰਵਿਧਾਨ ਦੀ ਪ੍ਰਸਤਾਵਨਾ ਕੀ ਦਰਸਾਉਂਦੀ ਹੈ?
3. ਪ੍ਰਸਤਾਵਨਾ ਕਿਨ੍ਹਾਂ ਸ਼ਬਦਾਂ ਨਾਲ਼ ਆਰੰਭ ਹੁੰਦੀ ਹੈ?
4. ਭਾਰਤੀ ਸੰਵਿਧਾਨ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਦੱਸੋ?
5. ਸੰਘਾਤਮਕ ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ?
6. ਸੰਘਾਤਮਕ ਸੰਵਿਧਾਨ ਦੀ ਇੱਕ ਵਿਸ਼ੇਸ਼ਤਾ ਦੱਸੋ।
7. ਭਾਰਤੀ ਨਾਗਰਿਕਾਂ ਦੇ ਕੋਈ ਇੱਕ ਅਧਿਕਾਰ ਲਿਖੋ?
8. ਭਾਰਤੀ ਨਾਗਰਿਕਾਂ ਦਾ ਕੋਈ ਇੱਕ ਫਰਜ਼ ਦੱਸੋ।

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਉ—**

1. ਭਾਰਤ ਇਕ ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਹੈ। ਵਿਆਖਿਆ ਕਰੋ।
2. ਪ੍ਰਸਤਾਵਨਾ ਵਿੱਚ ਦਰਸਾਏ ਉਦੇਸ਼ਾਂ ਦਾ ਸੰਖੇਪ ਵਰਨਣ ਕਰੋ।
3. ਹੇਠ ਲਿਖੇ ਅਧਿਕਾਰਾਂ ਵਿੱਚੋਂ ਕਿਸੇ ਇਕ ਦੀ ਸੰਖੇਪ ਵਿਆਖਿਆ ਕਰੋ—
   (ੳ) ਸਮਾਨਤਾ ਦਾ ਅਧਿਕਾਰ
   (ਅ) ਸੁਤੰਤਰਤਾ ਦਾ ਅਧਿਕਾਰ
   (ੲ) ਸ਼ੋਸ਼ਣ ਦੇ ਵਿਰੁੱਧ ਅਧਿਕਾਰ
   (ਸ) ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ
4. ਹੇਠ ਲਿਖੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚੋਂ ਕਿਸੇ ਇਕ ਦੀ ਸੰਖੇਪ ਵਿਆਖਿਆ ਕਰੋ—
   (ੳ) ਸਮਾਜਵਾਦੀ
   (ਅ) ਗਾਂਧੀਵਾਦੀ
   (ੲ) ਉਦਾਰਵਾਦੀ
5. ਮੌਲਿਕ ਅਧਿਕਾਰਾਂ ਅਤੇ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਮੂਲ ਭੇਦ ਦੱਸੋ।
6. ਭਾਰਤੀ ਸੰਵਿਧਾਨ ਬਣਤਰ ਵਿੱਚ ਸੰਘਾਤਮਕ, ਪਰ ਵਾਸਤਵ ਵਿੱਚ ਇਕਾਤਮਕ ਹੈ। ਕਿਵੇਂ?
7. ਭਾਰਤੀ ਨਾਗਰਿਕਾਂ ਦੇ ਫ਼ਰਜਾਂ ਨੂੰ ਕਿਉਂ ਅਤੇ ਕਦੋਂ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਗਿਆ ਹੈ?
8. ਭਾਰਤੀ ਸੰਵਿਧਾਨ ਦੀ ਵਿਸ਼ਾਲਤਾ ਦੇ ਕੋਈ ਦੋ ਕਾਰਨਾਂ ਦਾ ਸੰਖੇਪ ਵਰਨਣ ਕਰੋ।
9. ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਵਰਤੇ ਗਏ 'ਭਾਈਚਾਰੇ ਦੀ ਭਾਵਨਾ' ਜਾਂ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਸ਼ਬਦਾਂ ਦਾ ਅਰਥ ਤੇ ਮਹੱਤਵ ਦੱਸੋ।
10. ਰਾਜ ਦੀ ਨੀਤ ਦੇ ਨਿਰਦੇਸ਼ਕ ਸਿਧਾਂਤਾ ਦਾ ਕੀ ਮਹੱਤਵ ਹੈ।
11. ਸ਼ੋਸ਼ਣ ਦੇ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

*****

# ਪਾਠ-11
# ਕੇਂਦਰੀ ਸਰਕਾਰ
## (CENTRAL GOVERNEMENT)

ਸੰਵਿਧਾਨ ਅਧੀਨ ਭਾਰਤ ਵਿੱਚ ਸੰਸਦੀ ਲੋਕਤੰਤਰੀ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਭਾਰਤ ਦੀ ਕੇਂਦਰੀ ਸਰਕਾਰ ਦੇ ਤਿੰਨ ਮੁੱਖ ਅੰਗ ਹਨ, ਵਿਧਾਨਪਾਲਿਕਾ ਸੰਸਦ (ਲੋਕ ਸਭਾ ਤੇ ਰਾਜ ਸਭਾ) ਕਾਰਜਪਾਲਿਕਾ (ਰਾਸ਼ਟਰਪਤੀ, ਪ੍ਰਧਾਨ-ਮੰਤਰੀ ਤੇ ਮੰਤਰੀ ਪਰਿਸ਼ਦ) ਅਤੇ ਨਿਆਂਪਾਲਿਕਾ (ਸੁਪਰੀਮ ਕੋਰਟ) **ਭਾਰਤ ਵਿੱਚ ਮੰਤਰੀ ਪਰਿਸ਼ਦ (ਕਾਰਜਪਾਲਿਕਾ) ਲੋਕ ਸਭਾ ਪ੍ਰਤੀ ਆਪਣੀਆਂ ਨੀਤੀਆਂ, ਕੰਮਾਂ ਅਤੇ ਕਾਰਜਕ੍ਰਮਾਂ ਲਈ ਜਿੰਮੇਵਾਰ ਹੈ। ਦੇਸ਼ ਦਾ ਪ੍ਰਧਾਨ ਰਾਸ਼ਟਰਪਤੀ, ਦੇਸ਼ ਦਾ ਨਾਂ ਮਾਤਰ ਕਾਰਜਪਾਲਿਕਾ ਮੁੱਖੀ ਹੈ ਪਰੰਤੂ ਅਸਲੀ ਕਾਰਜਪਾਲਿਕ ਸ਼ਕਤੀਆਂ ਪ੍ਰਧਾਨ-ਮੰਤਰੀ ਸਹਿਤ ਮੰਤਰੀ ਪਰਿਸ਼ਦ ਪਾਸ ਹੁੰਦੀਆਂ ਹਨ।**

**ਅਸੀਂ ਇਸ ਅਧਿਆਇ ਵਿੱਚ ਕੇਂਦਰੀ ਸਰਕਾਰ ਦੇ ਤਿੰਨਾਂ ਅੰਗਾਂ ਦੀ ਬਣਤਕ ਤੇ ਸ਼ਕਤੀਆਂ ਦਾ ਅਧਿਐਨ ਕਰਾਂਗੇ।**

### ਸੰਘੀ ਵਿਧਾਨਪਾਲਿਕਾ (ਸੰਸਦ)
### (Parliament)

**ਸੰਸਦ ਦਾ ਸੰਗਠਨ**

ਭਾਰਤੀ ਸੰਸਦ ਦੇ ਦੋ ਸਦਨ ਹਨ— ਲੋਕ ਸਭਾ ਅਤੇ ਰਾਜ ਸਭਾ। ਲੋਕ ਸਭਾ ਨੂੰ ਹੇਠਲਾ ਅਤੇ ਰਾਜ ਸਭਾ ਨੂੰ ਉੱਪਰਲਾ ਸਦਨ ਕਿਹਾ ਜਾਂਦਾ ਹੈ।

### ਲੋਕ ਸਭਾ
### (Lok Sabha)

ਲੋਕ ਸਭਾ ਦੇ ਮੈਂਬਰ ਬਣਨ ਲਈ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ—

1. ਉਹ ਭਾਰਤ ਦਾ ਨਾਗਰਿਕ ਹੋਵੇ।
2. 25 ਸਾਲ ਜਾਂ ਵੱਧ ਆਯੂ ਦਾ ਹੋਵੇ।
3. ਸਰਕਾਰੀ ਅਹੁਦੇ 'ਤੇ ਨਾ ਲਗਾ ਹੋਵੇ।
4. ਨਾਗਰਿਕਤਾ ਤੋਂ ਵਾਂਝਿਆਂ ਨਾ ਕੀਤਾ ਗਿਆ ਹੋਵੇ।
5. ਪਾਗਲਸ ਜਾਂ ਦੀਵਾਲਿਆਂ ਨਾ ਹੋਵੇ ਜਾਂ ਅਦਾਲਤ ਦੁਆਰਾ ਇਸ ਪਦਵੀ ਲਈ ਆਯੋਗ ਕਰਾਰ ਨਾ ਹੋਇਆ ਹੋਵੇ।

**ਲੋਕ ਸਭਾ ਦੀ ਬਣਤਰ**

ਲੋਕ ਸਭਾ ਦੇ ਵੱਧ ਤੋਂ ਵੱਧ ਮੈਂਬਰ 550 ਹੋ ਸਕਦੇ ਸਨ ਪਰੰਤੂ 1973 ਵਿੱਚ 31ਵੇਂ ਸੰਵਿਧਾਨ ਸੋਧ ਦੁਆਰਾ ਇਹਨਾਂ ਦੀ ਸੰਖਿਆ 545 ਕਰ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 530 ਮੈਂਬਰ ਭਾਰਤ ਦੇ ਰਾਜਾਂ ਦੇ ਲੋਕਾਂ ਦੀ ਅਤੇ 13 ਮੈਂਬਰ ਕੇਂਦਰੀ ਸ਼ਾਸਿਤ ਖੇਤਰਾਂ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਰਾਸ਼ਟਰਪਤੀ

ਲੋਕ ਸਭਾ ਵਿੱਚ ਦੋ ਐਂਗਲੋਇੰਡੀਅਨ ਮੈਂਬਰ ਨਾਮਜੱਦ ਕਰ ਸਕਦਾ ਹੈ। ਲੋਕ ਸਭਾ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ। ਇਸ ਨੂੰ ਸਮੇਂ ਤੋਂ ਪਹਿਲਾਂ ਵੀ ਰਾਸ਼ਟਰਪਤੀ, ਮੰਤਰੀ ਪਰਿਸ਼ਦ ਦੀ ਸਿਫਾਰਿਸ਼ਸ਼ 'ਤੇ ਭੰਗ ਕਰ ਸਕਦਾ ਹੈ। ਸੰਕਟਕਾਲ ਦੌਰਾਨ ਲੋਕ ਸਭਾ ਦਾ ਕਾਰਜਕਾਲ ਇਕ ਸਮੇਂ ਵਿੱਚ ਸੰਸਦ ਦੁਆਰਾ ਇਕ ਸਾਲ ਲਈ ਵਧਾਇਆ ਵੀ ਜਾ ਸਕਦਾ ਹੈ। ਲੋਕ ਸਭਾ ਦੇ ਮੈਂਬਰਾਂ ਦੀ ਤਨਖਾਹ, ਭੱਤੇ ਅਤੇ ਸਹੂਲਤਾਂ ਸੰਸਦ, ਸਮੇਂ-ਸਮੇਂ 'ਤੇ ਨਿਸ਼ਚਿਤ ਕਰਦੀ ਰਹਿੰਦੀ ਹੈ। ਲੋਕ ਸਭਾ ਵਿੱਚ ਰਾਜਾਂ ਅਤੇ ਕੇਂਦਰੀ ਖੇਤਰਾਂ ਦੇ ਮੈਂਬਰਾਂ ਦੀ ਸੰਖਿਆ ਵਰਤਮਾਨ ਸਮੇਂ ਵਿੱਚ ਹੇਠ ਲਿਖੇ ਟੇਬਲ ਵਿੱਚ ਦਰਸਾਈ ਜਾਂਦੀ ਹੈ।

| **ਲੋਕ ਸਭਾ ਵਿੱਚ ਰਾਜਾਂ ਦੇ ਮੈਂਬਰ** | | | | ਕੇਂਦਰੀ ਖੇਤਰਾਂ ਦੇ ਮੈਂਬਰ | |
|---|---|---|---|---|---|
| 1. ਉੱਤਰ ਪ੍ਰਦੇਸ਼ | 80 | 15. ਹਰਿਆਣਾ | 10 | 1. ਦਿੱਲੀ | 7 |
| 2. ਬਿਹਾਰ | 40 | 16. ਜੰਮੂ ਤੇ ਕਸ਼ਮੀਰ | 6 | 2. ਚੰਡੀਗੜ੍ਹ | 1 |
| 3. ਮਹਾਂਰਾਸ਼ਟਰ | 48 | 17. ਹਿਮਾਚਲ | 4 | 3. ਦੱਮਨਦਿਉ | 1 |
| 4. ਆਂਧਰਾਂ ਪ੍ਰਦੇਸ਼ | 25 | 18. ਮਣੀਪੁਰ | 2 | 4. ਲਕਸ਼ਦੀਪ | 1 |
| 5. ਪੱਛਮੀ ਬੰਗਾਲ | 42 | 19. ਮੇਘਾਲਿਆ | 2 | 5. ਪਾਂਡੀਚਰੀ | 1 |
| 6. ਮੱਧ ਪ੍ਰਦੇਸ਼ | 29 | 20. ਤ੍ਰਿਪੁੱਰਾ | 2 | 6. ਦਾਦਰ, ਨਗਰ ਹਵੇਲੀ | 1 |
| 7. ਤਾਮਿਲਨਾਡੂ | 39 | 21. ਗੋਆ | 2 | 7. ਅੰਡੇਮਾਨ ਅਤੇ ਨਿਕੋਬਾਰ | 1 |
| 8. ਕਰਨਾਟਕ | 28 | 22. ਅਰੁੱਣਾਚਲ ਪ੍ਰਦੇਸ਼ | 2 | **ਕੁੱਲ ਮੈਂਬਰ** = | 13 |
| 9. ਗੁਜਰਾਤ | 26 | 23. ਸਿੱਕਿੰਮ | 1 | | |
| 10. ਰਾਜਸਥਾਨ | 25 | 24. ਮਿਜ਼ੋਰਮ | 1 | | |
| 11. ਉੜੀਸਾ | 21 | 25. ਨਾਗਾਲੈਂਡ | 1 | | |
| 12. ਕੇਰਲ | 20 | 26. ਛਤੀਸਗੜ੍ਹ | 11 | | |
| 13. ਆਸਾਮ | 14 | 27. ਉਤਰਾਖੰਡ | 5 | | |
| 14. ਪੰਜਾਬ | 13 | 28. ਝਾਰਖੰਡ | 14 | | |
| | | 29. ਤੇਲੰਗਾਨਾ | 17 | | |
| | | **ਕੁੱਲ ਮੈਂਬਰ** | 530 | | |

ਲੋਕ ਸਭਾ ਵਿੱਚ ਰਾਜਾਂ ਅਤੇ ਕੇਂਦਰੀ ਖੇਤਰਾਂ ਦੇ ਕੁੱਲ ਮੈਂਬਰ 530+13=543+2 ਐਂਗਲੋਇੰਡੀਅਨ= 545

ਵਰਤਮਾਨ ਲੋਕ ਸਭਾ ਦੇ 545 ਮੈਂਬਰ ਹਨ। ਅੱਜ ਤਕ ਲੋਕ ਸਭਾ ਦੀਆਂ 16 ਚੋਣਾਂ ਹੋ ਚੁੱਕੀਆਂ ਹਨ। 1952, 57, 62, 67, 71, 77, 80, 84, 89, 91, 1996, 1998, 1999, 2004, 2009 ਅਤੇ 2014

**ਸਪੀਕਰ** : ਚੋਣਾਂ ਤੋਂ ਬਾਅਦ ਨਵੀਂ ਲੋਕ ਸਭਾ ਆਪਣੇ ਹੀ ਮੈਂਬਰਾਂ ਵਿੱਚੋਂ ਸਪੀਕਰ ਤੇ ਡਿਪਟੀ ਸਪੀਕਰ ਦੀ ਚੋਣ ਕਰਦੀ ਹੈ। ਸਪੀਕਰ ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਅਤੇ ਇਸ ਸਦਨ ਦੀ ਕਾਰਵਾਈ ਦਾ ਸੰਚਾਲਨ ਕਰਦਾ ਹੈ। ਸਾਰੇ ਮੈਂਬਰ ਸਪੀਕਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹਨ। ਸਾਧਾਰਣ ਤੌਰ ਤੇ ਸਪੀਕਰ ਬਹੁਮੱਤ ਦਲ ਦਾ ਹੀ ਵਿਅਕਤੀ ਹੁੰਦਾ ਹੈ। ਪਰ ਚੁਣੇ ਜਾਣ ਮਗਰੋਂ ਉਹ ਸਦਨ ਦੀ ਕਾਰਵਾਈ ਨਿਰਪੱਖਤਾ ਨਾਲ ਕਰਨ ਦਾ ਯਤਨ ਕਰਦਾ ਹੈ।

ਸਦਨ ਦੇ ਹਰੇਕ ਮੈਂਬਰ ਨੂੰ ਸਦਨ ਦੇ ਸੈਸ਼ਨ ਸਮੇਂ ਬੋਲਣ ਲਈ ਸਪੀਕਰ ਦੀ ਆਗਿਆ ਲੈਣੀ ਪੈਂਦੀ ਹੈ। ਸਦਨ ਦੀ ਕਾਰਵਾਈ ਦਾ ਸੰਚਾਲਨ ਉਸ ਦੇ ਫੈਸਲਿਆਂ (Rulings) ਅਨੁਸਾਰ ਹੀ ਕੀਤਾ ਜਾਂਦਾ ਹੈ। ਸਪੀਕਰ ਦੀ ਗੈਰ ਹਾਜ਼ਰੀ ਵਿੱਚ ਡਿਪਟੀ ਸਪੀਕਰ ਉਸ ਦੇ ਸਾਰੇ ਕਾਰਜ ਕਰਦਾ ਹੈ। ਅਜਿਹਾ ਕਰਨ ਸਮੇਂ ਡਿਪਟੀ ਸਪੀਕਰ ਨੂੰ ਸਪੀਕਰ ਦੀਆਂ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ।

## ਰਾਜ ਸਭਾ

## (Rajya Sabha)

ਰਾਜ ਸਭਾ, ਸੰਸਦ ਦਾ ਉੱਪਰਲਾ ਜਾਂ ਦੂਜਾ ਸਦਨ ਹੈ। ਰਾਜ ਸਭਾ ਦੇ ਮੈਂਬਰ ਰਾਜਾ ਅਤੇ ਕੇਂਦਰੀ ਸ਼ਾਸਿਤ ਖੇਤਰਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਅਨੁਪਾਤਿਕ ਚੋਣ ਪ੍ਰਣਾਲੀ ਰਾਹੀਂ ਚੁਣੇ ਜਾਂਦੇ ਹਨ। ਇਸ ਪ੍ਰਕਾਰ ਰਾਜ ਸਭਾ ਦੇ ਮੈਂਬਰਾਂ ਦੀਆਂ ਚੋਣਾਂ ਅਪ੍ਰਤੱਖ ਢੰਗ ਨਾਲ ਹੁੰਦੀਆਂ ਹਨ।

ਰਾਜ ਸਭਾ ਦੇ ਵੱਧ ਤੋਂ ਵੱਧ 250 ਮੈਂਬਰ ਹੋ ਸਕਦੇ ਹਨ। ਇਨ੍ਹਾਂ ਵਿੱਚੋਂ 238 ਮੈਂਬਰ ਰਾਜਾ ਅਤੇ ਕੇਂਦਰੀ ਸ਼ਾਸਿਤ ਖੇਤਰਾਂ ਦੀ ਪ੍ਰਤਿਨਿਧਤਾ ਕਰਦੇ ਹਨ। 12 ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ੱਦ ਕੀਤੇ ਜਾਂਦੇ ਹਨ। ਰਾਸ਼ਟਰਪਤੀ ਇਸ ਸਦਨ ਦੇ ਲਈ ਉਨ੍ਹਾਂ ਲੋਕਾਂ ਨੂੰ ਨਾਮਜ਼ੱਦ ਕਰਦਾ ਹੈ। ਜਿਨ੍ਹਾਂ ਨੇ ਸਾਹਿਤ, ਕਲਾ ਜਾਂ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਸਿੱਧੀ ਕੀਤੀ ਹੋਵੇ।

ਰਾਜ ਸਭਾ ਇਕ ਸਥਾਈ ਸਦਨ ਹੈ। ਇਸ ਦੇ ਇਕ ਤਿਹਾਈ ਮੈਂਬਰ ਹਰ ਦੋ ਸਾਲਾਂ ਬਾਅਦ ਰਿਟਾਇਰ ਹੋ ਜਾਂਦੇ ਹਨ। ਇਸ ਪ੍ਰਕਾਰ ਰਾਜ ਸਭਾ ਦੇ ਮੈਂਬਰ ਦਾ ਕਾਰਜਕਾਲ ਛੇ ਸਾਲ ਹੁੰਦਾ ਹੈ। ਰਾਜ ਸਭਾ ਦਾ ਮੈਂਬਰ ਬਣਨ ਲਈ ਇਕ ਨਾਗਰਿਕ ਨੂੰ 30 ਸਾਲ ਜਾਂ ਵੱਧ ਉਮਰ ਦਾ ਹੋਣਾ ਜ਼ਰੂਰੀ ਹੈ। ਉੱਪ ਰਾਸ਼ਟਰਪਤੀ ਆਪਣੀ ਪਦਵੀ ਵਜੋਂ ਇਸ ਦਾ ਪ੍ਰਧਾਨ (ਚੇਅਰਮੈਨ) ਹੁੰਦਾ ਹੈ। ਇਹ ਚੇਅਰਮੈਨ ਰਾਜ ਸਭਾ ਦੀ ਕਾਰਵਾਈ ਦਾ ਸੰਚਾਲਨ ਕਰਦਾ ਹੈ।

ਰਾਜ ਸਭਾ ਆਪਣੇ ਹੀ ਮੈਂਬਰਾਂ ਵਿੱਚੋਂ ਇੱਕ ਨੂੰ ਉਪ-ਪ੍ਰਧਾਨ (ਡਿਪਟੀ ਚੇਅਰਮੈਨ) ਚੁਣਦੀ ਹੈ ਜੋ ਚੇਅਰਮੈਨ ਦੀ ਗੈਰ ਹਾਜ਼ਰੀ ਵਿੱਚ ਸਦਨ ਦੀ ਕਾਰਵਾਈ ਦਾ ਸੰਚਾਲਨ ਕਰਦਾ ਹੈ। ਅਜਿਹੀ ਸਥਿਤੀ ਵਿੱਚ ਡਿਪਟੀ ਚੇਅਰਮੈਨ ਨੂੰ ਪ੍ਰਧਾਨ (ਚੇਅਰਮੈਨ) ਦੀਆਂ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ।

## ਸੰਸਦ ਦੀਆਂ ਸ਼ਕਤੀਆਂ

## (Powers of the Parliament)

ਭਾਰਤੀ ਰਾਜਨੀਤਿਕ ਪ੍ਰਨਾਲੀ ਵਿੱਚ ਸੰਸਦ ਸਰਕਾਰ ਦਾ ਸਰਵਸ੍ਰੇਸ਼ਠ ਅੰਗ ਹੈ। ਸੰਸਦ ਨੂੰ ਸੰਵਿਧਾਨ ਦੇ ਵੱਖ-ਵੱਖ ਅਨੁਛੇਦਾਂ ਦੁਆਰਾ ਮਹੱਤਵਪੂਰਨ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ—

**ਵਿਧਾਨਿਕ ਸ਼ਕਤੀਆਂ (Lehislative Powers)**

ਸੰਸਦ ਸੰਘੀ ਅਤੇ ਸਮਵਰਤੀ ਸੂਚੀਆਂ ਵਿੱਚ ਅੰਕਿਤ ਵਿਸ਼ਿਆਂ ਉੱਤੇ ਕਨੂੰਨਾਂ ਦਾ ਨਿਰਮਾਣ ਕਰ ਸਕਦੀ ਹੈ। ਵਿਸ਼ੇਸ਼ ਹਾਲਤਾਂ ਵਿੱਚ ਸੰਵਿਧਾਨ ਅਨੁਸਾਰ ਰਾਜ ਸੂਚੀ ਵਿੱਚ ਅੰਕਿਤ ਵਿਸ਼ਿਆਂ 'ਤੇ ਵੀ ਸੰਸਦ

ਕਨੂੰਨ ਬਣਾ ਸਕਦੀ ਹੈ। ਸੰਖੇਪ ਵਿੱਚ ਸੰਸਦ ਦੇਸ ਲਈ ਨਵੇਂ ਕਨੂੰਨਾਂ ਦਾ ਨਿਰਮਾਣ, ਪੁਰਾਣੇ ਕਨੂੰਨਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਸਮਾਪਤ ਵੀ ਕਰ ਸਕਦੀ ਹੈ।

**ਕਾਰਜਕਾਰੀ ਸ਼ਕਤੀਆਂ (Executive Powers)**

ਭਾਰਤੀ ਸੰਸਦ ਨੂੰ ਸੰਵਿਧਾਨ ਦੁਆਰਾ ਬਹੁਤ ਸਾਰੀਆਂ ਸ਼ਕਤੀਆਂ ਕਾਰਜਪਾਲਿਕਾ ਨੂੰ ਨਿਯੰਤ੍ਰਣ ਵਿੱਚ ਰੱਖਣ ਲਈ ਸੌਂਪੀਆਂ ਗਈਆਂ ਹਨ। ਪ੍ਰਧਾਨ ਮੰਤਰੀ ਅਤੇ ਮੰਤਰੀ ਪਰਿਸ਼ਦ ਦੇ ਮੈਂਬਰਾਂ ਨੂੰ ਸੰਸਦ ਦਾ ਮੈਂਬਰ ਹੋਣਾ ਜ਼ਰੂਰੀ ਹੈ। ਜੇਕਰ ਕੋਈ ਮੰਤਰੀ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਨਹੀਂ ਤਾਂ ਉਸ ਲਈ ਛੇ ਮਹੀਨਿਆਂ ਦੇ ਅੰਦਰ ਮੈਂਬਰ ਬਣਨਾ ਜ਼ਰੂਰੀ ਹੈ। ਜੇਕਰ ਕੋਈ ਮੰਤਰੀ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਬਣਨ ਵਿੱਚ ਅਸਮਰਥ ਹੁੰਦਾ ਹੈ ਤਾਂ ਉਸ ਨੂੰ ਆਪਣਾ ਤਿਆਗ ਪੱਤਰ ਦੇਣਾ ਪੈਂਦਾ ਹੈ।

ਸਾਧਾਰਨ ਤੌਰ ਤੇ ਲੋਕ ਸਭਾ ਦੇ ਬਹੁਮੱਤ ਦਲ ਦੇ ਨੇਤਾ ਨੂੰ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਨਿਯੁੱਕਤ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਅਤੇ ਉਸ ਦੀ ਮੰਤਰੀ ਪਰਿਸ਼ਦ ਆਪਣੇ ਕਾਰਜਾਂ ਨੀਤੀਆਂ ਅਤੇ ਫੈਸਲਿਆਂ ਲਈ ਲੋਕ ਸਭਾ ਪ੍ਰਤੀ ਜਿੰਮੇਵਾਰ ਹੁੰਦੀ ਹੈ। ਇਸ ਦਾ ਭਾਵ ਹੈ ਕਿ ਲੋਕ ਸਭਾ ਦੁਆਰਾ ਅਵਿਸ਼ਵਾਸ ਦਾ ਮਤਾ ਪਾਸ ਕਰਨ ਤੇ ਮੰਤਰੀ ਪਰਿਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਕਦੇ-ਕਦੇ ਮੰਤਰੀ ਪਰਿਸ਼ਦ, ਲੋਕ ਸਭਾ ਦੇ ਸਾਹਮਣੇ ਭਰੋਸੇ ਦਾ ਪ੍ਰਸਤਾਵ ਰੱਖਦੀ ਹੈ। ਇਸ ਦੇ ਫੈਸਲੇ ਦੇ ਅਧਾਰ 'ਤੇ ਸਰਕਾਰ ਦੀ ਹੋਂਦ ਨਿਸ਼ਚਿਤ ਹੁੰਦੀ ਹੈ।

ਅਵਿਸ਼ਵਾਸ ਜਾਂ ਵਿਸ਼ਵਾਸ ਦੇ ਪ੍ਰਸਤਾਵਾਂ ਤੋਂ ਇਲਾਵਾ ਹੋਰ ਵੀ ਕਈ ਵਿੱਧੀਆ ਹਨ। ਜਿਨ੍ਹਾਂ ਦੁਆਰਾ ਸੰਸਦ ਮੰਤਰੀ ਪਰਿਸ਼ਦ ਨੂੰ ਨਿਯੰਤ੍ਰਣ ਵਿੱਚ ਰੱਖਦੀ ਹੈ। ਸੰਸਦ ਦੇ ਮੈਂਬਰ ਮੰਤਰੀਆਂ ਤੋਂ ਪ੍ਰਸ਼ਨ ਪੁੱਛ ਕੇ ਤੱਥਾਂ ਬਾਰੇ ਸਪੱਸ਼ਟੀਕਰਣ ਮੰਗ ਸਕਦੇ ਹਨ। ਧਿਆਨ ਦਿਵਾਊ ਮੱਤੇ ਰਾਹੀਂ ਸਰਕਾਰ ਦਾ ਧਿਆਨ ਕਿਸੇ ਜ਼ਰੂਰੀ ਘਟਨਾ ਵਲ ਦਿਵਾ ਸਕਦੇ ਹਨ। ਸਧਾਰਨ ਪ੍ਰਸਤਾਵ ਦੁਆਰਾ ਸਦਨ ਵਿੱਚ ਬਹਿਸ ਦੌਰਾਨ ਕਿਸੇ ਜਨਤਕ ਮਹਾਨਤਾ ਵਾਲੇ ਵਿਸ਼ੇ ਤੇ ਬਹਿਸ ਕਰਨ ਲਈ ਮਤਾ ਪੇਸ਼ ਕਰ ਸਕਦੇ ਹਨ। ਨਿੰਦਾ ਮਤੇ ਦੁਆਰਾ, ਕਿਸੇ ਇਕ ਮੰਤਰੀ ਵਿਰੁੱਧ ਕਿਸੇ ਵਿਸ਼ੇਸ਼ ਕੰਮ ਦੀ ਨਿਖੇਧੀ ਵੀ ਕਰ ਸਕਦੇ ਹਨ। ਮਤਾ ਪਾਸ ਹੋਣ 'ਤੇ ਸਮੁੱਚੀ ਪਰਿਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ।

**ਵਿੱਤੀ ਸ਼ਕਤੀਆਂ (Finacial Powers)**

ਸੰਸਦ ਦਾ ਵਿੱਤੀ ਮਾਮਲਿਆਂ ਅਤੇ ਬਜਟ ਤੇ ਪੂਰਾ ਨਿਯੰਤ੍ਰਣ ਹੁੰਦਾ ਹੈ। ਸਰਕਾਰ ਦੇ ਖਰਚੇ 'ਤੇ ਇਹ ਪੂਰੀ ਨਿਗਰਾਨੀ ਰੱਖਦੀ ਹੈ। ਸਾਰੇ ਨਵੇਂ ਕਰ ਇਸ ਦੀ ਇੱਛਾ ਅਨੁਸਾਰ ਲਾਏ ਜਾਂਦੇ ਹਨ। ਪੁਰਾਣੇ ਕਰਾਂ ਨੂੰ ਸੋਧ ਜਾਂ ਸਮਾਪਤ ਕਰ ਸਕਦੀ ਹੈ। ਸੰਸਦ ਦੀ ਮਨਜ਼ੂਰੀ ਤੋਂ ਬਿਨਾ ਸਰਕਾਰ ਨਾ ਤਾਂ ਸਰਕਾਰੀ ਖਜਾਨੇ ਵਿੱਚੋਂ ਧਨ ਕਢਾ ਸਕਦੀ ਹੈ ਅਤੇ ਨਾ ਹੀ ਉਸ ਵਿੱਚ ਧਨ ਪਾ ਸਕਦੀ ਹੈ। ਸੰਖੇਪ ਵਿੱਚ, ਸੰਸਦ ਦਾ ਰਾਸ਼ਟਰੀ ਧਨ 'ਤੇ ਪੂਰਾ ਨਿਯੰਤ੍ਰਣ ਹੁੰਦਾ ਹੈ। ਅਮੀਰਕਨ ਵਿਦਵਾਨ ਮੈਡੀਸਨ ਅਨੁਸਾਰ ਜਿਸ ਪਾਸ ਧਨ ਹੈ ਉਸ ਪਾਸ ਸ਼ਕਤੀ ਹੁੰਦੀ ਹੈ। ਇਸ ਅਧਾਰ 'ਤੇ ਭਾਰਤੀ ਸੰਸਦ ਸ਼ਕਤੀ ਦਾ ਸੋਮਾ ਹੈ।

**ਨਿਆਂਇਕ ਸ਼ਕਤੀਆਂ (Judicial Powers)**

ਭਾਰਤੀ ਸੰਸਦ ਨੂੰ ਹੇਠ ਲਿਖੀਆਂ ਨਿਆਂਇਕ ਸ਼ਕਤੀਆਂ ਪ੍ਰਾਪਤ ਹਨ—

1. ਸੰਸਦ ਦੁਆਰਾ ਰਾਸ਼ਟਰਪਤੀ ਵਿਰੁੱਧ ਨਿਸ਼ਚਿਤ ਅਨੁਸਾਰ ਮਹਾਂਦੋਸ਼ ਦਾ ਮੁਕੱਦਮਾ ਚਲਾ ਕੇ ਉਸ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਇਸ ਪ੍ਰਕਿਰਿਆ ਦੁਆਰਾ ਇਕ ਸਦਨ ਦੋਸ਼ ਲਗਾਉਂਦਾ ਹੈ ਅਤੇ ਦੂਜਾ ਸਦਨ ਛਾਣ-ਬੀਣ ਕਰਕੇ ਲਗਾਏ ਗਏ ਦੋਸ਼ਾਂ ਦੇ ਪੱਖ ਵਿੱਚ ਦੋ ਤਿਹਾਈ ਬਹੁਮੱਤ ਨਾਲ ਮਤਾ ਪਾਸ ਕਰ ਸਕਦਾ ਹੈ।

2. ਜੇਕਰ ਸੰਸਦ ਦੇ ਦੋਵੇਂ ਸਦਨ ਆਪਣੇ ਅਲਗ-ਅਲਗ ਮਤਿਆਂ ਦੁਆਰਾ ਸੁਪਰੀਮ ਕੋਰਟ ਅਤੇ ਹਾਈਕਰੋਟ ਦੇ ਜੱਜਾਂ ਵਿਰੁੱਧ ਦੋਸ਼ ਦੇ ਮੱਤੇ ਪਾਸ ਕਰ ਦੇਣ ਤਾਂ ਰਾਸ਼ਟਰਪਤੀ ਜੱਜਾਂ ਨੂੰ ਹਟਾਉਣ ਦਾ ਆਦੇਸ਼ ਜਾਰੀ ਕਰਦਾ ਹੈ।

3. ਜੇਕਰ ਸੰਸਦ ਮੁੱਖ ਚੋਣ ਕਮਿਸ਼ਨਰ, ਅਟੌਰਨੀ ਜਨਰਲ, ਕੰਪਟਰੋਲਰ ਅਤੇ ਆਡੀਟਰ ਜਨਰਲ ਵਿਰੁੱਧ ਦੋਸ਼ੀ ਹੋਣ ਦਾ ਮਤਾ ਪਾਸ ਕਰ ਦੇਣ ਤਾਂ ਰਾਸ਼ਟਰਪਤੀ ਇਹਨਾਂ ਸੰਬੰਧਤ ਅਧਿਕਾਰੀਆਂ ਨੂੰ ਹਟਾ ਵੀ ਸਕਦੇ ਹਨ।

## ਵਿਧਾਨਿਕ ਵਿਧੀ
## (Precedure of Law Making)

ਮੁੱਖ ਰੂਪ ਨਾਲ ਬਿੱਲ ਦੋ ਪ੍ਰਕਾਰ ਦੇ ਹੁੰਦੇ ਹਨ— ਸਧਾਰਨ ਬਿੱਲ ਅਤੇ ਵਿੱਤ ਬਿੱਲ। ਜਿਨ੍ਹਾਂ ਬਿੱਲਾਂ ਦਾ ਸੰਬੰਧ ਧਨ ਨਾਲ ਨਹੀਂ ਹੁੰਦਾ, ਉਨ੍ਹਾਂ ਨੂੰ ਸਧਾਰਨ ਬਿੱਲ ਕਿਹਾ ਜਾਂਦਾ ਹੈ। ਵਿੱਤ ਬਿਲ ਉਹ ਹੁੰਦੇ ਹਨ ਜਿਸ ਦਾ ਸੰਬੰਧ ਸਰਕਾਰ ਦੇ ਖਰਚੇ, ਕਰ ਲਗਾਉਣ ਜਾਂ ਉਨ੍ਹਾਂ ਵਿੱਚ ਸੋਧ ਕਰਨ ਜਾਂ ਸਮਾਪਤ ਕਰਨ ਜਾਂ ਕਰਜਾ ਲੈਣ ਨਾਲ਼ ਹੁੰਦਾ ਹੈ। ਇਨ੍ਹਾਂ ਦੋਵਾਂ ਪ੍ਰਕਾਰ ਦੇ ਬਿੱਲਾਂ ਨੂੰ ਪੇਸ਼ ਤੇ ਪਾਸ ਕਰਨ ਦੀਆਂ ਵੱਖੋ-ਵੱਖ ਵਿਧੀਆਂ ਹਨ।

**ਸਧਾਰਨ ਬਿੱਲ (Ordinary Bill)**

ਸਧਾਰਨ ਬਿੱਲ ਨੂੰ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਸਦਨ ਦੇ ਕਿਸੇ ਵੀ ਕਨੂੰਨ ਸੰਬੰਧੀ ਪ੍ਰਸਤਾਵ ਨੂੰ ਬਿੱਲ ਕਿਹਾ ਜਾਂਦਾ ਹੈ। ਬਿੱਲ ਕਿਸੇ ਮੰਤਰੀ ਜਾਂ ਮੈਂਬਰ ਵੱਲੋਂ ਪੇਸ਼ ਕੀਤਾ ਜਾ ਸਕਦਾ ਹੈ। ਬਿੱਲ ਪੇਸ਼ ਹੋਣ 'ਤੇ ਇਸ ਨੂੰ ਕਈ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ ਅਤੇ ਹਰ ਪੜਾਅ 'ਤੇ ਇਸ ਬਾਰੇ ਵਿਚਾਰ ਹੁੰਦੀ ਹੈ। ਵੱਖ-ਵੱਖ ਦਲਾਂ ਦੇ ਮੈਂਬਰ ਬਿੱਲ 'ਤੇ ਆਪਣੇ ਵਿਚਾਰ ਪ੍ਰਗਟਾਉਂਦੇ ਹਨ ਅਤੇ ਸੁਝਾਅ ਦਿੰਦੇ ਹਨ।

ਸਧਾਰਨ ਬਿੱਲ ਨੂੰ ਪਾਸ ਹੋਣ ਤੋਂ ਪਹਿਲਾਂ ਕੁਝ ਪੜਾਵਾਂ ਤੋਂ ਗੁਜਰਨਾ ਪੈਂਦਾ ਹੈ। ਬਿੱਲ ਦਾ ਪੇਸ਼ ਹੋਣਾ ਅਤੇ ਇਸ ਦੀ ਪਹਿਲੀ ਪੜ੍ਹਤ ਇਸ ਦਾ ਪਹਿਲਾ ਪੜ੍ਹਾ ਹੈ। ਜਦੋਂ ਸਦਨ ਵਿੱਚ ਬਿੱਲ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਦੇ ਉਦੇਸ਼ ਅਤੇ ਪੇਸ਼ ਕਰਨ ਦੇ ਕਾਰਨ ਦੱਸੇ ਜਾਂਦੇ ਹਨ। ਬਿੱਲ ਦੇ ਇਸ ਪੜਾਅ ਤੇ ਬਹਿਸ ਨਹੀਂ ਹੁੰਦੀ। ਅਗਰ ਸਦਨ ਬਿੱਲ 'ਤੇ ਸਹਿਮਤ ਹੋ ਜਾਂਦਾ ਹੈ ਤਾਂ ਬਿੱਲ ਅਗਲੇ ਪੜਾਅ (stage) ਵਲ ਵੱਧਦਾ ਹੈ। ਇਸ ਪ੍ਰਕਿਰਿਆ ਨੂੰ ਬਿੱਲ ਦੀ ਪਹਿਲੀ ਪੜ੍ਹਤ ਕਿਹਾ ਜਾਂਦਾ ਹੈ।

ਬਿੱਲ ਦੀ ਦੂਜੀ ਪੜ੍ਹਤ ਦੌਰਾਨ ਇਸ 'ਤੇ ਬਹਿਸ ਹੁੰਦੀ ਹੈ। ਬਿੱਲ ਦੇ ਹਰੇਕ ਅਨੁਛੇਦ ਜਾਂ ਧਾਰਾ 'ਤੇ ਵਿਸਤਾਰ ਨਾਲ ਬਹਿਸ ਕੀਤੀ ਜਾਂਦੀ ਹੈ। ਇਸ ਪੜਾਅ ਉੱਤੇ ਬਿੱਲ ਵਿੱਚ ਕੁਝ ਪਰਿਵਰਤਨ ਵੀ ਕੀਤੇ ਜਾਂਦੇ ਹਨ। ਕਈ ਵਾਰੀ ਬਿੱਲ ਵਿਸ਼ੇਸ਼ ਜਾਂ ਕਿਸੇ ਛੋਟੀ ਕਮੇਟੀ ਪਾਸ ਭੇਜ ਦਿੱਤਾ ਜਾਂਦਾ ਹੈ, ਜੋ ਬਿੱਲ ਦੀਆਂ ਧਾਰਾਵਾਂ ਧਿਆਨ ਨਾਲ ਘੋਖ ਕੇ ਆਪਣੀਆਂ ਸਿਫ਼ਾਰਿਸ਼ਾਂ ਸਹਿਤ ਸਦਨ ਨੂੰ ਪੇਸ਼ ਕਰਦੀ ਹੈ। ਕਮੇਟੀ ਪਾਸੋਂ ਬਿੱਲ ਵਾਪਸ ਆਉਣ 'ਤੇ ਸਦਨ ਵਿੱਚ ਬਿੱਲ ਦੇ ਹਰੇਕ ਅਨੁਛੇਦ ਉੱਤੇ ਬਹਿਸ ਹੁੰਦੀ ਹੈ। ਇਸ ਉਪਰੰਤ ਬਿੱਲ ਦੀ ਤੀਜੀ ਪੜ੍ਹਤ ਹੁੰਦੀ ਹੈ। ਇਸ ਪੜ੍ਹਾਅ ਤੇ ਸਮੁੱਚੇ ਤੌਰ ਤੇ ਬਿੱਲ ਉੱਤੇ ਵੋਟਾਂ ਪਾਈਆਂ ਜਾਂਦੀਆਂ ਹਨ। ਜੇਕਰ ਸਦਨ ਦਾ ਬਹੁਮੱਤ ਬਿੱਲ ਪਾਸ ਕਰ ਦੇਵੇ ਤਾਂ ਇਹ ਬਿੱਲ ਸਦਨ ਵੱਲੋਂ ਪਾਸ ਹੋ ਜਾਂਦਾ ਹੈ।

ਇਕ ਸਦਨ ਵਿੱਚੋਂ ਪਾਸ ਹੋਣ ਉਪਰੰਤ ਬਿੱਲ ਦੂਜੇ ਸਦਨ ਵਿੱਚ ਵਿਚਾਰ ਕਰਨ ਲਈ ਭੇਜਿਆ ਜਾਂਦਾ ਹੈ। ਦੂਜੇ ਸਦਨ ਵਿੱਚ ਬਿੱਲ ਨੂੰ ਉਨ੍ਹਾਂ ਹੀ ਪੜਾਵਾਂ ਵਿੱਚੋਂ ਗੁਜਰਨਾ ਪੈਂਦਾ ਹੈ। ਜਿਨ੍ਹਾਂ ਵਿੱਚੋਂ ਉਹ ਪਹਿਲੇ ਸਦਨ ਵਿੱਚੋਂ ਨਿਕਲ ਕੇ ਆਇਆ। ਅਗਰ ਇਹ ਸਦਨ ਵੀ ਪਾਸ ਕਰ ਦਿੰਦਾ ਹੈ ਤਾਂ ਬਿੱਲ ਰਾਸ਼ਟਰਪਤੀ ਦੀ ਮੰਨਜ਼ੂਰੀ ਲਈ ਪੇਸ਼ ਕੀਤਾ ਜਾਂਦਾ ਹੈ। ਰਾਸ਼ਟਰਪਤੀ ਦੀ ਮੰਨਜ਼ੂਰੀ ਤੋਂ ਬਾਅਦ ਇਹ ਬਿੱਲ ਕਨੂੰਨ ਬਣ ਜਾਂਦਾ ਹੈ। ਇਸ

ਕਨੂੰਨ ਨੂੰ ਭਾਰਤ ਦੀ ਕਨੂੰਨ ਪੁਸਤਕ ਵਿੱਚ ਦਰਜ ਕਰ ਦਿੱਤਾ ਜਾਂਦਾ ਹੈ ਅਤੇ ਇਹ ਬਿੱਲ ਦੇਸ ਦਾ ਕਨੂੰਨ ਬਣ ਜਾਂਦਾ ਹੈ।

**ਵਿੱਤ ਬਿੱਲ (Money Bill)**

ਸੰਵਿਧਾਨ ਵਿੱਚ ਧਨ ਬਿੱਲ ਨੂੰ ਪਾਸ ਕਰਨ ਦੀ ਵਿੱਧੀ ਦਾ ਵਰਣਨ ਕੀਤਾ ਗਿਆ ਹੈ। ਧਨ ਬਿੱਲ ਕਰ ਲਗਾਉਣ, ਸਮਾਪਤ ਕਰਨ, ਘਟ ਕਰਨ ਜਾਂ ਧਨ ਉਧਾਰ ਲੈਣ ਜਾਂ ਦੇਣ ਨਾਲ, ਸਚਿੰਤ ਨਿਧੀ ਵਿੱਚੋਂ ਧਨ ਕੱਢਣ ਜਾਂ ਪਾਉਣ ਨਾਲ ਜਾਂ ਧਨ ਮਦਾਂ ਨਾਲ ਸੰਬੰਧਿਤ ਹੁੰਦਾ ਹੈ। ਸੰਵਿਧਾਨ ਅਨੁਸਾਰ ਰਾਸ਼ਟਰਪਤੀ ਨੂੰ ਹਰੇਕ ਸਾਲ ਬਜਟ ਨੂੰ ਤਿਆਰ ਕਰਾਉਣ ਅਤੇ ਸੰਸਦ ਦੇ ਦੋਹਾਂ ਸਦਨਾਂ ਸਾਹਮਣੇ ਪੇਸ਼ ਕਰਾਉਣਾ ਜ਼ਰੂਰੀ ਹੈ। ਬਜਟ ਆਮ ਤੌਰ 'ਤੇ ਵਿੱਤ ਮੰਤਰੀ ਵਲੋਂ ਫਰਵਰੀ ਦੇ ਆਖੀਰਲੇ ਹਫਤੇ ਪੇਸ਼ ਕੀਤਾ ਜਾਂਦਾ ਹੈ। ਬਜਟ ਪੇਸ਼ ਹੋਣ 'ਤੇ ਤਿੰਨ ਦਿਨਾਂ ਮਗਰੋਂ ਬਜਟ ਉੱਤੇ ਦੋਹਾਂ ਸਦਨਾਂ ਵਿੱਚ ਆਮ ਬਹਿਸ ਹੁੰਦੀ ਹੈ। ਵਿੱਤ ਮੰਤਰੀ ਦੇਸ ਦੀ ਵਿੱਤੀ ਨੀਤੀ ਬਾਰੇ ਪੂਰੀ ਰੋਸ਼ਨੀ ਪਾਉਂਦਾ ਹੈ। ਬਜਟ ਉੱਪਰ ਆਮ ਬਹਿਸ ਅਤੇ ਵੱਖ-ਵੱਖ ਮੰਗਾਂ ਉੱਤੇ ਵਿਚਾਰ ਕਰਨ ਮਗਰੋਂ ਇਹ ਪਾਸ ਕੀਤਾ ਜਾਂਦਾ ਹੈ। ਇਨ੍ਹਾਂ ਮੰਗਾਂ ਨੂੰ ਘਟ ਕਰਨ ਜਾਂ ਨਾ ਮੰਨਜੂਰ ਕਰਨ ਦਾ ਮਤਾ ਵੀ ਲੋਕ ਸਭਾ ਪਾਸ ਕਰ ਸਕਦੀ ਹੈ। ਸਦਨ ਵੱਲੋਂ ਕਿਸੇ ਮੰਗ ਨੂੰ ਰੱਦ ਕਰਨ ਦੀ ਅਵਸਥਾ ਵਿੱਚ ਮੰਤਰੀ ਪਰਿਸ਼ਦ ਨੂੰ ਅਸਤੀਫਾ ਦੇਣਾ ਪੈਂਦਾ ਹੈ।

ਪਹਿਲਾਂ ਲੋਕ ਸਭਾ ਵਿੱਚ ਸਾਰੀਆਂ ਮੰਗਾਂ ਉੱਤੇ ਵਿਚਾਰ ਵਟਾਂਦਰਾ ਹੁੰਦਾ ਹੈ। ਪਾਸ ਕੀਤੀਆਂ ਮੰਗਾਂ ਨੂੰ ਅਤੇ ਸੰਚਿਤ ਨਿਦੀ ਵਿੱਚੋਂ ਕੀਤੇ ਜਾਣ ਵਾਲੇ ਖਰਚੇ ਨੂੰ ਇਕ ਥਾਂ ਤੇ ਇੱਕਠਾ ਕਰਕੇ ਬਿੱਲ ਨੂੰ ਇੱਕ ਰੂਪ ਦਿੱਤਾ ਜਾਂਦਾ ਹੈ। ਇਸ ਨੂੰ ਨਮਿਤੱਣ ਬਿੱਲ ਕਿਹਾ ਜਾਂਦਾ ਹੈ। ਇਸ ਬਿੱਲ ਨੂੰ ਫਿਰ ਲੋਕ ਸਭਾ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਸਾਰੇ ਪੜ੍ਹਾਵਾਂ ਵਿੱਚੋਂ ਲੰਘਣਾ ਪੈਂਦਾ ਹੈ ਜਿਨ੍ਹਾਂ ਵਿੱਚੋਂ ਸਧਾਰਨ ਬਿੱਲ ਨਿਕਲ ਕੇ ਆਉਂਦਾ ਹੈ।

ਲੋਕ ਸਭਾ ਤੋਂ ਪਾਸ ਹੋਣ ਉਪਰੰਤ ਬਿੱਲ ਰਾਜ ਸਭਾ ਕੋਲ ਸਿਫਾਰਿਸ ਕਰਨ ਲਈ ਭੇਜ ਦਿੱਤਾ ਜਾਂਦਾ ਹੈ। ਰਾਜ ਸਭਾ ਨੇ 14 ਦਿਨਾਂ ਦੇ ਅੰਦਰ ਹੀ ਆਪਣਿਆਂ ਸਿਫ਼ਾਰਿਸ਼ਾਂ ਸਹਿਤ ਬਿੱਲ ਨੂੰ ਵਾਪਿਸ ਭੇਜਣਾ ਹੁੰਦਾ ਹੈ। ਲੋਕ ਸਭਾ ਇਨ੍ਹਾਂ ਸਿਫਾਰਿਸ਼ਾਂ ਨੂੰ ਮੰਨਣ ਲਈ ਪਾਬੰਦ ਨਹੀਂ ਹੈ। ਜੇਕਰ ਰਾਜ ਸਭਾ 14 ਦਿਨਾਂ ਅੰਦਰ ਨਮਿੱਤਣ ਬਿੱਲ ਵਾਪਸ ਲੋਕ ਸਭਾ ਨੂੰ ਨਹੀਂ ਭੇਜਦੀ ਤਾਂ ਇਹ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਦਿੱਤਾ ਜਾਂਦਾ ਹੈ। ਰਾਸ਼ਟਰਪਤੀ ਨੂੰ ਬਿੱਲ ਤੇ ਪ੍ਰਵਾਨਗੀ ਦੇਣੀ ਪੈਂਦੀ ਹੈ ਕਿਉਂਕਿ ਉਸ ਨੇ ਇਸ ਦੀ ਅਗੇਤਰੀ ਪ੍ਰਵਾਨਗੀ ਵੀ ਦਿੱਤੀ ਹੁੰਦੀ ਹੈ। ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਧਨ ਬਿੱਲ ਵਿੱਤੀ ਕਨੂੰਨ ਬਣ ਜਾਂਦਾ ਹੈ।

ਇਥੇ ਇਹ ਦਸਣਾ ਜ਼ਰੂਰੀ ਹੈ ਕਿ ਸੰਵਿਧਾਨ ਅਨੁਸਾਰ ਵਿੱਤੀ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹਨ। ਰਾਜ ਸਭਾ ਕੋਲ ਇਹ ਪਾਸ ਹੋਣ ਲਈ ਨਹੀਂ ਬਲਕਿ ਉਸ ਦੀਆਂ ਸਿਫ਼ਾਰਿਸ਼ਾਂ ਕਰਨ ਲਈ ਭੇਜਿਆ ਜਾਂਦਾ ਹੈ। ਇਨ੍ਹਾਂ ਸਿਫ਼ਾਰਿਸ਼ਾਂ ਨੂੰ ਮੰਨਣਾ ਜਾਂ ਅਪ੍ਰਵਾਨ ਕਰ ਦੇਣਾ ਲੋਕ ਸਭਾ ਦੀ ਆਪਣੀ ਇੱਛਾ ਹੈ।

## ਸੰਘੀ ਕਾਰਪਾਲਿਕਾ

## (Union Executive)

ਭਾਰਤ ਵਿੱਚ ਸੰਸਦੀ ਲੋਕ ਤੰਤਰੀ ਸਰਕਾਰ ਹੈ। ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਦੇ ਦੋ ਭਾਗ ਹੁੰਦੇ ਹਨ— ਨਾਂ-ਮਾਤਰ ਅਤੇ ਅਸਲੀ ਕਾਰਜਪਾਲਿਕਾ। ਰਾਸ਼ਟਰਪਤੀ ਨਾਂ-ਮਾਤਰ ਦੀ ਕਾਰਜਪਾਲਿਕਾ ਹੈ। ਮੰਤਰੀ ਪਰਿਸ਼ਦ, ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਅਸਲੀ ਕਾਰਜਪਾਲਿਕਾ ਹੈ।

## ਭਾਰਤ ਦਾ ਰਾਸ਼ਟਰਪਤੀ

## (President of India)

ਸਰਕਾਰ ਦੇ ਸਾਰੇ ਕਾਰਜ ਤੇ ਫੈਸਲੇ ਰਾਸ਼ਟਰਪਤੀ ਦੇ ਨਾਂ ਤੇ ਜਾਰੀ ਕੀਤੇ ਜਾਂਦੇ ਹਨ। ਸੰਵਿਧਾਨ ਦੁਆਰਾ ਕਾਰਜਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ। ਰਾਸਟਰਪਤੀ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ ਜਦਕਿ ਪ੍ਰਸ਼ਾਸ਼ਨ ਸੰਬੰਧੀ ਸਾਰੇ ਫੈਸਲੇ ਮੰਤਰੀ ਪਰਿਸ਼ਦ ਹੀ ਕਰਦੀ ਹੈ। ਰਾਸ਼ਟਰਪਤੀ ਉਨ੍ਹਾਂ ਤੇ ਕੇਵਲ ਹਸਤਾਖਰ ਕਰਦਾ ਹੈ। ਸੰਖੇਪ ਵਿੱਚ ਬਾਰਤ ਦਾ ਰਾਸ਼ਟਰਪਤੀ ਦੇਸ਼ ਦੀ ਕਾਰਜਪਾਲਿਕਾ ਦਾ ਸੰਵਿਧਾਨਿਕ ਮੁੱਖੀ ਹੁੰਦਾ ਹੈ। ਜਦਕਿ ਪ੍ਰਧਾਨ ਮੰਤਰੀ ਸ਼ਮੇਤ ਮੰਤਰੀ ਪਰਿਸ਼ਦ ਦੇਸ਼ ਦੀ ਵਾਸਤਵਿਕ ਕਾਰਜਪਾਲਿਕਾ ਹੈ।

**ਰਾਸ਼ਟਰਪਤੀ ਦੀ ਚੋਣ ਵਿੱਧੀ—** ਭਾਰਤ ਦਾ ਰਾਸ਼ਟਰਪਤੀ ਜਨਤਾ ਦੇ ਪ੍ਰਤੀਨਿਧੀਆਂ ਦੁਆਰਾ ਅਪ੍ਰੱਤਖ ਢੰਗ ਨਾਲ ਚੁਣਿਆ ਜਾਂਦਾ ਹੈ। ਸੰਵਿਧਾਨ ਅਨੁਸਾਰ ਰਾਸ਼ਟਰਪਤੀ ਬਣਨ ਲਈ ਉਮੀਦਵਾਰ ਦੀਆਂ ਇਹ ਯੋਗਤਾਵਾਂ ਹੋਣੀਆਂ ਜ਼ਰੂਰੀ ਹਨ—

1. ਉਹ ਭਾਰਤ ਦਾ ਨਾਗਰਿਕ ਹੋਵੇ।
2. 35 ਸਾਲ ਤੋਂ ਵੱਧ ਉਮਰ ਦਾ ਹੋਵੇ।
3. ਕਿਸੇ ਸਰਕਾਰੀ ਲਾਹੇਵੰਦ ਅਹੁਦੇ 'ਤੇ ਨਾ ਹੋਵੇ।
4. ਲੋਕ ਸਭਾ ਦਾ ਮੈਂਬਰ ਬਣਨ ਦੀ ਯੋਗਤਾ ਰੱਖਦਾ ਹੋਵੇ।

**ਚੋਣ ਮੰਡਲ—** ਰਾਸ਼ਟਰਪਤੀ ਇੱਕ ਚੋਣ ਮੰਡਲ ਦੁਆਰਾ ਚੁਣਿਆ ਜਾਂਦਾ ਹੈ। ਚੋਣ ਮੰਡਲ ਵਿੱਚ ਸੰਸਦ ਦੇ ਦੋਹਾਂ ਸਦਨਾਂ ਦੇ ਚੁਣੇ ਹੋਏ ਮੈਂਬਰ ਅਤੇ ਰਾਜਾ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰ ਸ਼ਾਮਿਲ ਹੁੰਦੇ ਹਨ। ਸੰਸਦ ਦੇ ਇੱਕ ਮੈਂਬਰ ਅਤੇ ਵਿਧਾਨ ਸਭਾ ਦੇ ਇਕ ਮੈਂਬਰ ਦੀਆਂ ਵੋਟਾਂ ਦੀ ਸੰਖਿਆਂ ਸੰਵਿਧਾਨ ਦੁਆਰਾ ਨਿਸ਼ਚਤ ਫਾਰਮੂਲੇ ਦੁਆਰਾ ਕੀਤੀ ਜਾਂਦੀ ਹੈ। ਇਹ ਚੋਣ ਅਨੁਪਾਤਿਕ ਪ੍ਰਤੀਨਿਧਤਾ ਦੇ ਸਿਧਾਂਤ ਅਨੁਸਾਰ ਕੀਤੀ ਜਾਂਦੀ ਹੈ।

ਰਾਸ਼ਟਰਪਤੀ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ। ਉਮੀਦਵਾਰ ਰਾਸ਼ਟਰਪਤੀ ਦੇ ਪੱਦ ਲਈ ਦੂਜੀ ਵਾਰ ਵੀ ਚੋਣ ਲੜ ਸਕਦਾ ਹੈ। ਰਾਸ਼ਟਰਪਤੀ ਤੇ ਸੰਵਿਧਾਨ ਦੀ ਉਲੰਘਣਾ ਕਰਨ ਤੇ ਮਹਾਂਦੋਸ਼ ਦਾ ਮੁਕੱਦਮਾ ਚਲਾ ਕੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਵੀ ਹਟਇਆ ਜਾ ਸਕਦਾ ਹੈ।

ਰਾਸ਼ਟਰਪਤੀ ਨੂੰ 5 ਲੱਖ ਰੁਪਏ ਮਹੀਨਾ ਤਨਖਾਹ ਮਿਲਦੀ ਹੈ। ਰਿਹਾਇਸ਼ ਲਈ ਸਜਿਆ ਸਜਾਇਆਂ ਰਾਸ਼ਟਰਪਤੀ ਭਵਨ ਮਿਲਦਾ ਹੈ। ਸੇਵਾਮੁਕਤ (ਰੀਟਾਇਰ) ਹੋਣ ਮਗਰੋਂ 1,50,000 ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ।

## ਰਾਸ਼ਟਰਪਤੀ ਦੀਆਂ ਸ਼ਕਤੀਆਂ

## (Powers of the President)

ਰਾਸ਼ਟਰਪਤੀ ਦੇਸ਼ ਦਾ ਮੁੱਖੀ ਹੁੰਦਾ ਹੈ। ਦੇਸ਼ ਦਾ ਸ਼ਾਸਨ ਉਸ ਦੇ ਨਾਂ 'ਤੇ ਚਲਾਇਆ ਜਾਂਦਾ ਹੈ। ਰਾਸ਼ਟਰਪਤੀ ਦੇਸ਼ ਦਾ ਮੁੱਖ ਕਾਰਜਪਾਲਕ ਹੁੰਦਾ ਹੈ। ਰਾਸ਼ਟਰਪਤੀ ਨੂੰ ਸੰਵਿਧਾਨ ਵੱਲੋਂ ਹੇਠ ਲਿਖੀਆਂ ਸ਼ਕਤੀਆਂ ਸੌਂਪੀਆਂ ਗਈਆਂ ਹਨ। ਸ਼ਕਤੀਆਂ ਦਾ ਪ੍ਰਯੋਗ ਰਾਸ਼ਟਰਪਤੀ, ਮੰਤਰੀ ਪਰਿਸ਼ਦ ਦੀ ਸਲਾਹ ਨਾਲ ਹੀ ਕਰਦਾ ਹੈ।

**ਕਾਰਜਕਾਰੀ ਸ਼ਕਤੀਆਂ (Executive Powers)**

ਰਾਸ਼ਟਰਪਤੀ ਸੰਘ ਦਾ ਸਰਵਉੱਚ ਕਾਰਜਪਾਲਕ ਹੈ। ਸੰਵਿਧਾਨ ਵਲੋਂ ਸੰਘ ਦੀਆਂ ਸਮੁੱਚੀਆਂ ਕਾਰਜਕਾਰੀ ਸ਼ਕਤੀਆਂ ਉਸ ਨੂੰ ਸੌਂਪੀਆ ਗਈਆਂ ਹਨ। ਰਾਸ਼ਟਰਪਤੀ, ਲੋਕ ਸਭਾ ਵਿੱਚ ਬਹੁਮੱਤ ਦਲ ਦੇ ਨੇਤਾ ਭਾਵ ਲੋਕ ਸਭਾ ਵਿੱਚ ਬਹੁਮੱਤ ਪ੍ਰਾਪਤ ਨੇਤਾ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ। ਪ੍ਰਧਾਨ ਮੰਤਰੀ ਦੀ ਸਿਫਾਰਿਸ਼ ਤੇ ਬਾਕੀ ਦੇ ਮੰਤਰੀਆਂ ਦੀ ਨਿਯੁੱਕਤੀ ਕਰਦਾ ਹੈ। ਮੰਤਰੀ ਪਰਿਸ਼ਦ, ਰਾਸ਼ਟਰਪਤੀ ਦੀ ਇੱਛਾ ਅਨੁਸਾਰ ਹੀ ਅਹੁਦੇ 'ਤੇ ਰਹਿ ਸਕਦੀ ਹੈ। ਪਰ ਅਸਲ ਵਿੱਚ ਮੰਤਰੀ ਪਰਿਸ਼ਦ ਲੋਕ ਸਭਾ ਦਾ ਵਿਸ਼ਵਾਸ ਪ੍ਰਾਪਤ ਕਰਨ ਤਕ ਹੀ ਅਹੁਦੇ 'ਤੇ ਰਹਿੰਦੀ ਹੈ। ਭਾਰਤ ਦਾ ਅਟਾਰਨੀ ਜਨਰਲ, ਕੰਪਟਰੋਲਰ ਤੇ ਆਡੀਟਰ ਜਨਰਲ, ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰ, ਯੂਨੀਅਨ ਪਬਲਿਕ ਲੋਕ ਸੇਵਾ ਆਯੋਗ ਦੇ ਚੇਅਰਮੈਨ ਤੇ ਮੈਂਬਰ, ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਮੁੱਖ ਨਿਆਂਧੀਸ਼ ਤੇ ਜੱਜ, ਰਾਜਾਂ ਦੇ ਰਾਜਪਾਲ ਅਤੇ ਕੇਂਦਰੀ ਖੇਤਰਾਂ ਦੇ ਉਪ-ਰਾਜਪਾਲ, ਦੇਸ ਦੇ ਵਿਦੇਸ਼ਾਂ ਵਿੱਚ ਰਾਜਦੂਤ ਆਦਿ ਉੱਚ ਅਧਿਕਾਰੀਆਂ ਦੀ ਨਿਯੁੱਕਤੀ ਕਰਦਾ ਹੈ। ਦੂਜੇ ਦੇਸਾਂ ਦੇ ਰਾਜਦੂਤ ਆਪਣਾ ਪ੍ਰਮਾਣ ਪੱਤਰ ਰਾਸ਼ਟਰਪਤੀ ਨੂੰ ਪੇਸ਼ ਕਰਨ ਉਪਰੰਤ ਹੀ ਭਾਰਤ ਵਿੱਚ ਵਸ ਸਕਦੇ ਹਨ।

ਰਾਸ਼ਟਰਪਤੀ ਭਾਰਤੀ ਸੈਨਾ ਦਾ ਸੁਪਰੀਮ ਕਮਾਂਡਰ ਹੁੰਦਾ ਹੈ। ਸੈਨਾਪਤੀਆਂ ਅਤੇ ਜਰਨੈਲਾਂ ਦੀਆਂ ਨਿਯੁੱਕਤੀਆਂ ਅਤੇ ਤਬਾਦਲੇ ਰਾਸ਼ਟਰਪਤੀ ਹੀ ਕਰਦਾ ਹੈ। ਸ਼ਾਂਤੀ ਤੇ ਯੁੱਧ ਦਾ ਐਲਾਨ ਵੀ ਰਾਸ਼ਟਰਪਤੀ ਹੀ ਕਰ ਸਕਦਾ ਹੈ।

**ਵਿਧਾਨਿਕ ਸ਼ਕਤੀਆਂ (Legislative Powers)**

ਸੰਸਦੀ ਸਰਕਾਰ ਵਿੱਚ ਦੇਸ ਦਾ ਮੁੱਖੀ, ਰਾਸ਼ਟਰਪਤੀ ਸੰਸਦ ਦਾ ਇੱਕ ਮਹੱਤਵਪੂਰਨ ਅੰਗ ਹੁੰਦਾ ਹੈ। ਉਸ ਨੂੰ ਸੰਸਦ ਅਤੇ ਕਨੂੰਨੀ ਸੰਬੰਧੀ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ। ਰਾਸ਼ਟਰਪਤੀ ਸੰਸਦ ਦੀਆਂ ਬੈਠਕਾਂ ਬੁਲਾਉਂਦਾ ਹੈ ਅਤੇ ਸਥਗਿਤ ਕਰਦਾ ਹੈ। ਜਦੋਂ ਸੰਸਦ ਦਾ ਇਜਲਾਮ ਬੁਲਾਉਣਾ ਹੁੰਦਾ ਹੈ ਤਾਂ ਦੋਹਾਂ ਸਦਨਾਂ ਦੀ ਸਾਂਝੀ ਬੈਠਕ ਵਿੱਚ ਉਹ ਆਪਣਾ ਭਾਸ਼ਣ ਦੇ ਕੇ ਇਜਲਾਸ ਦਾ ਉਦਘਾਟਨ ਕਰਦਾ ਹੈ। ਰਾਸ਼ਟਰਪਤੀ ਦੇ ਇਸ ਭਾਸ਼ਣ ਵਿੱਚੋਂ ਸਰਕਾਰ ਦੀਆਂ ਨੀਤੀਆਂ ਦੀ ਮੁੱਖ ਰੂਪ ਰੇਖਾ ਝਲਕਦੀ ਹੈ।

ਸੰਸਦ ਦੁਆਰਾ ਪਾਸ ਕੀਤੇ ਜਾਣ ਵਾਲਾ ਬਿੱਲ ਰਾਸ਼ਟਰਪਤੀ ਦੇ ਹਸਤਾਖਰ ਹੋਣ ਉਪਰੰਤ ਕਨੂੰਨ ਬਣਦਾ ਹੈ। ਰਾਸ਼ਟਰਪਤੀ ਬਿੱਲ ਨੂੰ ਮੁੜ ਵਿਚਾਰ ਕਰਨ ਲਈ ਸੰਸਦ ਪਾਸ ਭੇਜ ਸਕਦਾ ਹੈ। ਅਜਿਹਾ ਉਹ ਇਕੋ ਵਾਰ ਹੀ ਕਰ ਸਕਦਾ ਹੈ ਜੇ ਕਰ ਸੰਸਦ ਉਸ ਬਿੱਲ ਨੂੰ ਪਾਸ ਕਰਕੇ ਭੇਜ ਦਿੰਦੀ ਹੈ ਤਾਂ ਉਸ ਨੂੰ ਬਿੱਲ 'ਤੇ ਹਸਤਾਖਰ ਕਰਨੇ ਹੀ ਪੈਂਦੇ ਹਨ।

ਜਦੋਂ ਸੰਸਦ ਦੀ ਬੈਠਕ ਨਾ ਹੋ ਰਹੀ ਹੋਵੇ ਤਾਂ ਉਸ ਸਮੇਂ ਅਨੁਸਾਰ ਰਾਸ਼ਟਰਪਤੀ ਅਧਿਆਦੇਸ਼ ਜਾਰੀ ਕਰ ਸਕਦਾ ਹੈ। ਇਹ ਅਧਿਆਦੇਸ਼ ਕਨੂੰਨ ਵਾਂਗ ਹੀ ਮੰਨਿਆ ਜਾਂਦਾ ਹੈ। ਪਰੰਤੂ ਇਹ ਅਧਿਆਦੇਸ਼ ਛੇ ਮਹੀਨਿਆਂ ਤੋਂ ਵੱਧ ਹੋਂਦ ਵਿੱਚ ਨਹੀਂ ਰਹਿ ਸਕਦਾ। ਸੰਸਦ ਦੀ ਬੈਠਕ ਆਰੰਭ ਹੋਣ ਤੋਂ ਛੇ ਹਫਤਿਆਂ ਅੰਦਰ ਹੀ ਇਸ ਦੀ ਸੰਸਦ ਤੋਂ ਪ੍ਰਵਾਨਗੀ ਲੈਣੀ ਜਰੂਰੀ ਹੈ ਜੇਕਰ ਸੰਸਦ ਪ੍ਰਵਾਨਗੀ ਨਹੀਂ ਦਿੰਦੀ ਤਾਂ ਇਹ ਸਮਾਪਤ ਹੋ ਜਾਂਦਾ ਹੈ।

**ਵਿੱਤੀ ਸ਼ਕਤੀਆਂ (Financial Powers)**

ਰਾਸ਼ਟਰਪਤੀ ਸੰਸਦ ਦੇ ਸਾਹਮਣੇ ਸਰਕਾਰ ਦਾ ਸਾਲਾਨਾ ਵਿੱਤੀ ਵੇਰਵਾ ਪੇਸ਼ ਕਰਦਾ ਹੈ। ਰਾਸ਼ਟਰਪਤੀ ਬਜਟ ਤਿਆਰ ਕਰਵਾ ਕੇ ਸੰਸਦ ਦੇ ਸਾਹਮਣੇ ਪੇਸ਼ ਕਰਾਉਂਦਾ ਹੈ। ਬਜਟ ਵਿੱਚ ਸਰਕਾਰ ਦੇ ਖਰਚੇ ਅਤੇ ਆਮਦਨ ਦੀ ਸੰਭਾਵਿਤ ਰਾਸ਼ੀ ਹੁੰਦੀ ਹੈ। ਰਾਸ਼ਟਰਪਤੀ ਦੀ ਅਗੇਤਰੀ ਪ੍ਰਵਾਨਗੀ, ਉਪਰੰਤ ਹੀ ਵਿੱਤ ਬਿੱਲ ਲੋਕ ਸਭਾ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਰਾਸ਼ਟਰਪਤੀ ਸੰਚਿਤ ਅਤੇ ਅਚਨਚੇਤ ਖਜਾਨੇ ਵਿੱਚੋਂ ਧਨ ਰਾਸ਼ੀ ਕੱਢ ਸਕਦਾ ਹੈ। ਪਰ ਇਸ ਲਈ ਸੰਸਦ ਵੀ ਪ੍ਰਵਾਨਹੀ ਲੈਣੀ ਜ਼ਰੂਰੀ ਹੁੰਦੀ ਹੈ।

**ਨਿਆਂਇਕ ਸ਼ਕਤੀਆਂ (Judicial Powers)**

ਸੰਵਿਧਾਨ ਵਲੋਂ ਰਾਸ਼ਟਰਪਤੀ ਨੂੰ ਕੁਝ ਨਿਆਂਇਕ ਸ਼ਕਤੀਆਂ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਕਿਸੇ ਵੀ ਅਦਾਲਤ ਵਿੱਚ ਉਸ ਦੇ ਵਿਰੁੱਧ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਰਾਸ਼ਟਰਪਤੀ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਘਟਾ ਸਕਦਾ ਹੈ ਜਾਂ ਬਿਲਕੁੱਲ ਵੀ ਮਾਫ਼ ਕਰ ਸਕਦਾ ਹੈ। ਜੇਕਰ ਰਾਸ਼ਟਰਪਤੀ ਮਹਿਸੂਸ ਕਰਦਾ ਹੈ ਕਿ ਕੋਈ ਜਨਤਕ ਮਹੱਤਵ ਜਾਂ ਕਨੂੰਨੀ ਮਹੱਤਵ ਦਾ ਪ੍ਰਸ਼ਨ ਉੱਤਪੰਨ ਹੋ ਗਿਆ ਹੈ ਤਾਂ ਉਹ ਸੁਪਰੀਮ ਕੋਰਟ ਤੋਂ ਅਜਿਹੇ ਮਾਮਲੇ 'ਤੇ ਸਲਾਹ ਲੈ ਸਕਦਾ ਹੈ। ਇਹ ਸਲਾਹ ਉਸ ਲਈ ਮੰਨਣੀ ਜ਼ਰੂਰੀ ਨਹੀਂ ਹੈ।

ਰਾਸ਼ਟਰਪਤੀ ਸੁਪਰੀਮ ਕੋਰਟ ਦੇ ਮੁੱਖ ਜੱਜ ਦੀ ਨਿਯੁੱਕਤੀ ਕਰਦਾ ਹੈ ਅਤੇ ਉਸ ਦੀ ਸਲਾਹ ਨਾਲ਼ ਬਾਕੀ ਦੇ ਜੱਜਾਂ ਨੂੰ ਨਿਯੁੱਕਤ ਕਰਦਾ ਹੈ। ਰਾਜਾਂ ਦੇ ਹਾਈਕੋਰਟਾਂ ਦੇ ਮੁੱਖ ਜੱਜਾਂ ਦੀ ਨਿਯੁੱਕਤੀ ਰਾਜ ਦੇ ਗਵਰਨਰ ਅਤੇ ਭਾਰਤ ਦੇ ਮੁੱਖ ਜੱਜ ਦੀ ਸਲਾਹ ਨਾਲ ਕਰਦਾ ਹੈ। ਹਾਈ ਕੋਰਟਾਂ ਦੇ ਬਾਕੀ ਜੱਜਾਂ ਦੀ ਨਿਯੁੱਕਤੀ ਭਾਰਤ ਦੇ ਮੁੱਖ-ਜੱਜ ਰਾਜ ਦੇ ਮੁੱਖ ਅਤੇ ਗਵਰਨਰ ਦੀ ਸਲਾਹ ਨਾਲ ਕਰਦਾ ਹੈ।

**ਸੰਕਟਕਾਲੀਨ ਸ਼ਕਤੀਆਂ (Emergency Powers)**

ਮਨੁੱਖੀ ਜੀਵਨ ਵਾਂਗ ਦੇਸ ਦੇ ਜੀਵਨ ਵਿੱਚ ਵੀ ਸੰਕਟ ਆ ਸਕਦਾ ਹੈ। ਅਜਿਹੀ ਸਥਿਤੀ ਨੂੰ ਨਜਿੱਠਣ ਲਈ ਭਾਰਤੀ ਸੰਵਿਧਾਨ ਵਿੱਚ ਪ੍ਰਬੰਧ ਕੀਤਾ ਗਿਆ ਹੈ। ਸੰਕਟਕਾਲੀਨ ਹਾਲਾਤ ਦੇਸ ਦੇ ਬਾਹਰਲੇ ਹਮਲੇ ਜਾਂ ਅੰਦਰੂਨੀ ਹਥਿਆਰਬੰਦ ਵਿਦਰੋਹ ਜਾਂ ਗੜਬੜ ਕਾਰਨ ਹੋ ਸਕਦੇ ਹਨ। ਸਾਡੇ ਦੇਸ਼ ਵਿੱਚ ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਸੰਕਟਕਾਲੀਨ ਸ਼ਕਤੀਆਂ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਮੰਤਰੀ ਪਰਿਸ਼ਦ ਦੀ ਸਲਾਹ ਅਤੇ ਸੰਸਦ ਦੀ ਪ੍ਰਵਾਨਗੀ ਨਾਲ ਕਰਦਾ ਹੈ। ਰਾਸ਼ਟਰਪਤੀ ਨੂੰ ਭਾਰਤੀ ਸੰਵਿਧਾਨ ਦੁਆਰਾ ਤਿੰਨ ਪ੍ਰਕਾਰ ਦੀਆਂ ਸੰਕਟਕਾਲੀਨ ਸ਼ਕਤੀਆਂ ਸੌਂਪੀਆਂ ਗਈਆਂ ਹਨ।

**1. ਰਾਸ਼ਟਰੀ ਸੰਕਟ (National Emergency Due to External Aggression)**

ਜਦੋਂ ਰਾਸ਼ਟਰਪਤੀ ਦੇ ਵਿਚਾਰ ਅਨੁਸਾਰ ਦੇਸ਼ 'ਤੇ ਹਮਲੇ ਜਾਂ ਯੁੱਧ ਹਥਿਆਰਬੰਦ ਵਿਦਰੋਹ ਕਾਰਨ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਗਿਆ ਹੋਵੇ ਤਾਂ ਉਹ ਸਾਰੇ ਦੇਸ਼ ਵਿੱਚ ਜਾਂ ਦੇਸ਼ ਦੇ ਕਿਸੇ ਇਕ ਹਿੱਸੇ ਵਿੱਚ ਸੰਕਟਕਾਲ ਦੀ ਘੋਸ਼ਣਾ ਕਰ ਸਕਦੀ ਹੈ। ਅਜਿਹੇ ਸਮੇਂ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸਥੱਗਿਤ ਕੀਤਾ ਜਾ ਸਕਦਾ ਹੈ ਜਾਂ ਉਨ੍ਹਾਂ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। 1975 ਦੇ ਅੰਦਰੂਨੀ ਸੰਕਟਕਾਲ ਦੀ ਘੋਸ਼ਣਾ ਸਮੇਂ ਅਜਿਹਾ ਕੀਤਾ ਗਿਆ ਸੀ। ਇਸ ਦੇ ਭਿਆਨਕ ਸਿੱਟ ਨਿਕਲੇ, ਸੰਕਟਕਾਲੀਨ ਘੋਸ਼ਣਾ ਦਾ ਦੂਜਾ ਮਾੜਾ ਪ੍ਰਭਾਵ ਸੰਘਾਤਮਕ ਢਾਂਚੇ 'ਤੇ ਪੈਂਦਾ ਹੈ। ਸੰਕਟਕਾਲੀਨ ਸ਼ਕਤੀ ਦੁਆਰਾ ਰਾਸ਼ਟਰਪਤੀ ਸੰਘਾਤਮਕ ਸਰਕਾਰ ਨੂੰ ਇਕਾਤਮਕ ਸਰਕਾਰ ਵਿੱਚ ਬਦਲ ਸਕਦਾ ਹੈ।

**2. ਰਾਜ ਦਾ ਸੰਵਿਧਾਨਿਕ ਸੰਕਟ (Constitutional Emergency)**

ਜੇਕਰ ਰਾਸ਼ਟਰਪਤੀ ਨੂੰ ਰਾਜਪਾਲ ਦੁਆਰਾ ਭੇਜੀ ਗਈ ਰਿਪੋਰਟ ਜਾਂ ਕਿਸੇ ਹੋਰ ਸਾਧਨ ਤੋਂ ਸੂਚਨਾ ਮਿਲਣ ਤੇ ਇਹ ਭਰੋਸਾ ਹੋ ਜਾਏ ਕਿ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਗਈ ਹੈ, ਜਦੋਂ ਰਾਜ ਦੇ ਸ਼ਾਸਨ ਨੂੰ ਸੰਵਿਧਾਨ ਅਨੁਸਾਰ ਨਾ ਚਲਾਇਆ ਜਾ ਰਿਹਾ ਹੋਵੇ ਤਾਂ ਰਾਸ਼ਟਰਪਤੀ ਉਸ ਰਾਜ ਵਿੱਚ ਸੰਕਟ ਕਾਲ ਦੀ ਘੋਸ਼ਣਾ ਕਰ ਸਕਦੀ ਹੈ। ਅਜਿਹੀ ਘੋਸ਼ਣਾ ਕਰਨ ਉਪਰੰਤ ਰਾਸ਼ਟਰਪਤੀ ਰਾਜ ਦੀ ਕਾਰਜਪਾਲਿਕਾ ਦੇ ਸਾਰੇ ਕੰਮਾਂ ਤੇ ਸ਼ਕਤੀਆਂ ਨੂੰ ਆਪਣੇ ਹੱਥਾਂ ਵਿੱਚ ਲੈ ਲੈਂਦਾ ਹੈ। ਰਾਜ ਦੀ ਮੰਤਰੀ ਪਰਿਸ਼ਦ ਨੂੰ ਭੰਗ ਕਰ ਦਿੱਤਾ ਜਾਂਦਾ ਹੈ। ਅਜਿਹੇ ਸਮੇਂ ਰਾਸ਼ਟਰਪਤੀ ਰਾਜ ਦੀ ਵਿਧਾਨ ਸਭਾ ਨੂੰ ਸੱਥਗਿਤ ਜਾਂ ਭੰਗ ਵੀ ਕਰ ਸਕਦਾ ਹੈ।

ਅਜਿਹੀ ਸਥਿਤੀ ਵਿੱਚ ਰਾਜਪਾਲ, ਰਾਸ਼ਟਰਪਤੀ ਦੇ ਨਾਂ ਦਾ ਪ੍ਰਸ਼ਾਸਨ ਚਲਾਉਂਦਾ ਹੈ ਅਤੇ ਸੰਸਦ ਰਾਜ ਲਈ ਕਨੂੰਨਾਂ ਜਦਾ ਨਿਰਮਾਣ ਕਰਦੀ ਹੈ।

ਸਧਾਰਨ ਤੌਰ 'ਤੇ ਰਾਸ਼ਟਰਪਤੀ ਰਾਜ ਵਿੱਚ ਅਜਿਹਾ ਸ਼ਾਸਨ ਛੇ ਮਹੀਨਿਆਂ ਲਈ ਹੀ ਚਲਾ ਸਕਦਾ ਹੈ। ਜੇਕਰ ਸੰਸਦ ਪ੍ਰਵਾਨਗੀ ਦੇ ਦੇਵੇ ਤਾਂ ਇਹ ਸਮਾਂ ਛੇ ਮਹੀਨੇ ਲਈ ਹੋਰ ਵਧਾਇਆ ਜਾ ਸਕਦਾ ਹੈ।

**3. ਵਿੱਤੀ ਸੰਕਟ (Financial Emergency)**

ਜੇਕਰ ਦੇਸ਼ ਦੀ ਆਰਥਿਕ ਸਥਿਤੀ ਅਜਿਹੀ ਹੋਵੇ ਜਿਸ ਨਾਲ ਆਰਥਿਕ ਸਥਿਰਤਾ ਲਈ ਖਤਰਾ ਪੈਦਾ ਹੋ ਸਕੇ ਤਾਂ ਰਾਸ਼ਟਰਪਤੀ ਵਿੱਤੀ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ। ਵਿੱਤੀ ਸੰਕਟ ਕਾਲ ਵਿੱਚ ਰਾਸ਼ਟਰਪਤੀ ਸਾਰੇ ਸਰਕਾਰੀ ਕਰਮਚਾਰੀਆਂ ਜਿਨ੍ਹਾਂ ਵਿੱਚ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜ ਵੀ ਸ਼ਾਮਲ ਹਨ, ਤਨਖਾਹ ਜਾਂ ਭੱਤੇ ਘਟ ਕਰਨ ਦਾ ਆਦੇਸ਼ ਜਾਰੀ ਕਰ ਸਕਦਾ ਹੈ। ਰਾਜ ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਧਨ ਬਿੱਲ ਰਾਸ਼ਟਰਪਤੀ ਦੀ ਮੰਨਜੂਰੀ ਲਈ ਭੇਜੇ ਜਾਂਦੇ ਹਨ। ਰਾਜਾਂ ਵਿੱਚਕਾਰ ਆਮਦਨ ਦੀ ਸਧਾਰਨ ਵੰਡ ਵਿੱਚ ਵੀ ਪਰਿਵਰਤਨ ਕਰ ਸਕਦਾ ਹੈ। ਭਾਰਤ ਵਿੱਚ ਅਜ ਤਕ ਅਜਿਹੀ ਵਿੱਤੀ ਸੰਕਟਕਾਲ ਦੀ ਘੋਸ਼ਣਾ ਨਹੀਂ ਕੀਤੀ ਗਈ ਹੈ।

ਰਾਸ਼ਟਰਪਤੀ ਦੀਆਂ ਇਹਨਾਂ ਸੰਕਟ ਕਾਲੀਨ ਸ਼ਕਤੀਆਂ ਦੀ ਕਰੜੀ ਆਲੋਚਨਾ ਕੀਤੀ ਗਈ ਹੈ। ਰਾਸ਼ਟਰਪਤੀ ਕਲਮ ਦੇ ਇਕ ਝਟਕੇ ਨਾਲ ਹੀ ਸ਼ਾਸਨ ਦਾ ਰੂਪ ਸੰਘਾਤਮਕ ਤੋਂ ਇਕਾਤਮਕ ਵਿੱਚ ਬਦਲ ਸਕਦਾ ਹੈ। ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਮੁਅੱਤਲ ਕਰਕੇ ਸੱਤਾਵਾਦੀ ਸ਼ਾਸਨ ਦੀ ਸਥਾਪਨਾ ਕਰ ਸਕਦਾ ਹੈ। ਪਰ ਇਹ ਸ਼ੰਕਾਵਾਂ ਹੀ ਹਨ ਕਿਉਂਕਿ ਰਾਸ਼ਟਰਪਤੀ ਕੇਵਲ ਸੰਵਿਧਾਨਿਕ ਮੁਖੀ ਹੀ ਹੈ।

## ਉਪ-ਰਾਸ਼ਟਰਪਤੀ
## (Vice President)

ਉਪ ਰਾਸ਼ਟਰਪਤੀ ਰਾਜ ਸਭਾ ਦਾ ਪਦੇਨ ਸਭਾ ਪਤੀ ਹੁੰਦੀ ਹੈ। ਰਾਸ਼ਟਰਪਤੀ ਦੀ ਬਿਮਾਰੀ ਜਾਂ ਵਿਦੇਸ਼ ਵਿੱਚ ਜਾਣ ਕਾਰਨ ਜਾਂ ਉਸ ਦੀ ਗੈਰ ਹਾਜ਼ਰੀ ਦੀ ਅਵਸਥਾ ਵਿੱਚ ਉਪ-ਰਾਸ਼ਟਰਪਤੀ ਉਸ ਦੇ ਅਹੁਦੇ ਨੂੰ ਸੰਭਾਲਦਾ ਹੈ ਅਤੇ ਸਦਨ ਦੀ ਕਾਰਵਾਈ ਨੂੰ ਨਿਯਮਾਂ ਅਨੁਸਾਰ ਚਲਾਉਂਦਾ ਹੈ। ਜਦੋਂ ਰਾਸ਼ਟਰਪਤੀ ਅਸਤੀਫਾ ਦਿੰਦਾ ਹੈ ਜਾਂ ਮਰ ਜਾਂਦਾ ਹੈ ਤਾਂ ਉਪ-ਰਾਸ਼ਟਰਪਤੀ ਨਵੇਂ ਰਾਸ਼ਟਰਪਤੀ ਦੀ ਚੋਣ ਤੱਕ ਜਿਹੜੀ ਛੇ ਮਹੀਨਿਆਂ ਅੰਦਰ ਹੋਣੀ ਜ਼ਰੂਰੀ ਹੁੰਦੀ ਹੈ, ਰਾਸ਼ਟਰਪਤੀ ਦੇ ਅਹੁਦੇ ਦਾ ਸਾਰਾ ਕਾਰਜ ਸੰਭਾਲਦਾ ਹੈ।

ਉਪ-ਰਾਸ਼ਟਰਪਤੀ ਰਾਜ ਸਭਾ ਦਾ ਪਦੇਨ ਸਭਾ ਪਤੀ ਹੁੰਦੀ ਹੈ ਉਹ ਸਦਨ ਦੀ ਕਾਰਵਾਈ ਨਿਯਮਾਂ ਅਨੁਸਾਰ ਚਲਾਉਂਦਾ ਹੈ। ਉਪ-ਰਾਸ਼ਟਰਪਤੀ ਦੀ ਚੋਣ ਰਾਸ਼ਟਰਪਤੀ ਤੋਂ ਭਿੰਨ ਹੁੰਦਾ ਹੈ। ਉਪ-ਰਾਸ਼ਟਰਪਤੀ ਇਕ ਚੋਣ ਮੰਡਲ ਦੁਆਰਾ ਚੁਣਿਆ ਜਾਂਦਾ ਹੈ ਜਿਸ ਦੇ ਵਿੱਚ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਹੁੰਦੇ ਹਨ। ਉਪ-ਰਾਸ਼ਟਰਪਤੀ ਪੰਜਾਂ ਸਾਲਾਂ ਲਈ ਚੁਣਿਆ ਜਾਂਦਾ ਹੈ। ਪੰਜ ਸਾਲਾਂ ਤੋਂ ਪਹਿਲਾਂ ਵੀ ਸੰਸਦ ਆਪਣੇ ਬਹੁਮੱਤ ਨਾਲ ਉਪ-ਰਾਸ਼ਟਰਪਤੀ ਨੂੰ ਹਟਾ ਸਕਦੀ ਹੈ। ਉਪ-ਰਾਸ਼ਟਰਪਤੀ ਨੂੰ ਤਨਖ਼ਾਹ ਬਤੌਰ ਰਾਜ ਸਭਾ ਦੇ ਚੇਅਰਮੈਨ ਵਜੋਂ ਮਿਲਦੀ ਹੈ।

## ਭਾਰਤ ਦਾ ਪ੍ਰਧਾਨ ਮੰਤਰੀ
## (Prime Minister of India)

ਸੰਸਦੀ ਸਰਕਾਰ ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਹੁੰਦਾ ਹੈ। ਸਾਡੇ ਦੇਸ਼ ਦੀ ਸੰਸਦੀ ਸ਼ਾਸਨ ਪ੍ਰਨਾਲੀ ਵਿੱਚ ਪ੍ਰਧਾਨ ਮੰਤਰੀ ਹੀ ਸੰਸਦ, ਮੰਤਰੀ ਪਰਿਸ਼ਦ ਪ੍ਰਸ਼ਾਸਨ ਅਤੇ ਆਪਣੇ ਰਾਜਨੀਤਿਕ ਦਲ ਵਿੱਚ ਸਰਵਸ੍ਰੇਸ਼ਟ ਹੈ। ਡਾ. ਅੰਬੇਦਕਰ ਦੇ ਸ਼ਬਦਾਂ ਵਿੱਚ ਜੇਕਰ ਸਾਡੇ

ਸੰਵਿਧਾਨ ਵਿੱਚ ਕਿਸੇ ਅਧਿਕਾਰੀ ਦੀ ਤੁਲਨਾ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਨਾਲ ਕੀਤੀ ਜਾ ਸਕਦੀ ਹੈ ਤਾਂ ਉਹ ਪ੍ਰਧਾਨ ਮੰਤਰੀ ਹੀ ਹੈ ਰਾਸ਼ਟਰਪਤੀ ਨਹੀਂ। ਇਸ ਸੰਦਰਭ ਵਿੱਚ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਵਿਸ਼ਵ ਦੇ ਸਿਰਕੱਢ ਲੋਕਤੰਤਰਿਕ ਵਿੱਚੋਂ ਇੱਕ ਹੈ।

**ਨਿਯੁਕਤੀ—** ਭਾਰਤੀ ਸੰਵਿਧਾਨ ਅਨੁਸਾਰ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ। ਅਸਲ ਵਿੱਚ ਰਾਸ਼ਟਰਪਤੀ ਅਜਿਹੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁੱਕਤ ਕਰਦੇ ਹਨ ਜਿਹੜਾ ਲੋਕ ਸਭਾ ਵਿੱਚ ਬਹੁਮੱਤ ਦਲ ਦਾ ਨੇਤਾ ਹੋਵੇ ਜਾਂ ਜਿਸਨੂੰ ਲੋਕ ਸਭਾ ਦਾ ਬਹੁਮੱਤ ਪ੍ਰਾਪਤ ਹੋਵੇ। ਪ੍ਰਧਾਨ ਮੰਤਰੀ ਅਤੇ ਮੰਤਰੀ ਰਾਸ਼ਟਰਪਤੀ ਦੀ ਖੁਸ਼ੀ ਤਕ ਹੀ ਪਦੱਵੀ 'ਤੇ ਰਹਿ ਸਕਦੇ ਹਨ।

**ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ (Powers of the Prime Minister):-** ਭਾਰਤੀ ਸੰਵਿਧਾਨ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਦੀਆਂ ਮੁੱਖ ਸ਼ਕਤੀਆਂ ਹੇਠ ਲਿਖੀਆਂ ਹਨ—

1. **ਮੰਤਰੀ ਪਰਿਸ਼ਦ ਦਾ ਨਿਰਮਾਣ—** ਰਾਸ਼ਟਰਪਤੀ, ਪ੍ਰਧਾਨ ਮੰਤਰੀ ਨੂੰ ਨਿਯੁਕਤ ਕਰਨ ਸਮੇਂ ਸਰਕਾਰ ਨਿਰਮਾਣ ਕਰਨ ਦਾ ਸੱਦਾ ਦਿੰਦਾ ਹੈ। ਪ੍ਰਧਾਨ ਮੰਤਰੀ ਆਪਣੇ ਸਾਥੀ ਮੰਤਰੀਆਂ ਦੀ ਸੂਚੀ ਰਾਸ਼ਟਰਪਤੀ ਨੂੰ ਪੇਸ਼ ਕਰਦਾ ਹੈ। ਰਾਸ਼ਟਰਪਤੀ ਇਸੇ ਸੂਚੀ ਦੇ ਅਧਾਰ 'ਤੇ ਮੰਤਰੀ ਨਿਯੁੱਕਤ ਕਰਦਾ ਹੈ। ਕਿਸੇ ਨੂੰ ਕੈਬਨਿਟ ਮੰਤਰੀ, ਰਾਜ ਮੰਤਰੀ ਜਾਂ ਉਪ-ਮੰਤਰੀ ਬਣਾਉਣ ਦਾ ਅਧਿਕਾਰ ਪ੍ਰਧਾਨ ਮੰਤਰੀ ਨੂੰ ਹੀ ਹੈ। ਪ੍ਰਧਾਨ ਮੰਤਰੀ ਚਾਹੇ ਤਾਂ ਆਪਣੇ ਕਿਸੇ ਸਾਥੀ ਨੂੰ ਉਪ-ਪ੍ਰਧਾਨ ਵੀ ਨਿਯੁੱਕਤ ਕਰ ਸਕਦਾ ਹੈ।

2. **ਵਿਭਾਗਾਂ ਦੀ ਵੰਡ—** ਪ੍ਰਧਾਨ ਮੰਤਰੀ ਕੋਲ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਨ ਦੀ ਮਹੱਤਵਪੂਰਨ ਸ਼ਕਤੀ ਹੈ। ਵਿਭਾਗਾਂ ਦੀ ਵੰਡ ਸੰਬੰਧੀ ਪ੍ਰਧਾਨ ਮੰਤਰੀ ਸੰਵਿਧਾਨਿਕ ਤੌਰ 'ਤੇ ਪੂਰਨ ਸੁਤੰਤਰ ਹੈ। ਇਹ ਪ੍ਰਧਾਨ ਮੰਤਰੀ ਫੈਸਲਾ ਕਰਦਾ ਹੈ ਕਿ ਕਿਸ ਮੰਤਰੀ ਤੇ ਮਹੱਤਵਪੂਰਨ ਵਿਭਾਗ ਦੇ ਪ੍ਰਸ਼ਾਸਨ ਦਾ ਸੰਚਾਲਨ ਕਰਨਾ ਹੈ। ਪਾਰਟੀ ਦੇ ਪ੍ਰਭਾਵਸ਼ਾਲੀ ਨੇਤਾ, ਪ੍ਰਧਾਨ ਮੰਤਰੀ ਤੇ ਮਹੱਤਪੂਰਨ ਵਿਭਾਗ ਦੇ ਮੰਤਰੀ ਨਿਯੁੱਕਤ ਕਰਾਉਣ ਲਈ ਦਬਾਅ ਪਾਉਂਦੇ ਹਨ ਪਰ ਇਸ ਸੰਬੰਧੀ ਅੰਤਿਮ ਫੈਸਲਾ ਪ੍ਰਧਾਨ ਮੰਤਰੀ ਦਾ ਹੀ ਹੁੰਦਾ ਹੈ।

3. **ਪੁੱਨਰਗਠਨ—** ਪ੍ਰਧਾਨ ਮੰਤਰੀ ਪ੍ਰਸ਼ਾਸਨ ਨੂੰ ਕੁਸ਼ਲਤਾ ਸਹਿਤ ਚਲਾਉਣ ਲਈ ਅਤੇ ਸਾਂਝੀ ਜਿੰਮੇਵਾਰੀ ਕਾਰਨ ਮੰਤਰੀ ਪਰਿਸ਼ਦ ਦਾ ਪੁਨਰਗਠਨ ਕਰ ਸਕਦਾ ਹੈ। ਇਸ ਦਾ ਭਾਵ ਹੈ ਕਿ ਪੁਰਾਣੇ ਮੰਤਰੀਆਂ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਨਵੇਂ ਮੰਤਰੀ ਨਿਯੁੱਕਤ ਕਰ ਸਕਦਾ ਹੈ ਜਾਂ ਮੰਤਰੀਆਂ ਵਿੱਚ ਵਿਭਾਗਾਂ ਦੀ ਨਵੇਂ ਸਿਰੇ ਤੋਂ ਵੰਡ ਜਾਂ ਅਦਲਾ-ਬਦਲੀ ਕਰ ਸਕਦਾ ਹੈ।

4. **ਮੰਤਰੀ ਮੰਡਲ ਦਾ ਮੁੱਖੀ—** ਪ੍ਰਧਾਨ ਮੰਤਰੀ, ਮੰਤਰੀ ਮੰਡਲ ਦਾ ਮੁੱਖੀ ਹੁੰਦਾ ਹੈ। ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਮੰਤਰੀ ਮੰਡਲ ਦੀਆਂ ਬੈਠਕਾਂ ਦੀ ਕਾਰਜ ਸੂਚੀ (Agenda) ਤਿਆਰ ਕਰਦਾ ਹੈ ਅਤੇ ਉਨ੍ਹਾਂ ਦੀ ਮਿਤੀ, ਸਮਾਂ ਤੇ ਸਥਾਨ ਨਿਸ਼ਚਿਤ ਕਰਦਾ ਹੈ। ਮੰਤਰੀਆਂ ਦੇ ਆਪਸੀ ਮਤਭੇਦਾਂ ਨੂੰ ਦੂਰ ਕਰਦਾ ਹੈ ਅਤੇ ਉਨ੍ਹਾਂ ਵਿੱਚ ਤਾਲਮੇਲ ਪੈਦਾ ਕਰਦਾ ਹੈ। ਹਰੇਕ ਮੰਤਰੀ ਨਿੱਜੀ ਤੌਰ 'ਤੇ ਆਪਣੇ ਵਿਭਾਗ ਦੇ ਸੰਚਾਲਨ ਲਈ ਪ੍ਰਧਾਨ ਮੰਤਰੀ ਪ੍ਰਤੀ ਜਿੰਮੇਵਾਰ ਹੈ।

5. **ਰਾਸ਼ਟਰਪਤੀ ਦੇ ਮੰਤਰੀ ਮੰਡਲ ਵਿੱਚ ਕੜੀ—** ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਮੰਤਰੀ ਮੰਡਲ ਵਿੱਚ ਇਕ ਕੜੀ ਦੀ ਭੂਮਿਕਾ ਨਿਭਾਉਂਦਾ ਹੈ। ਮੰਤਰੀ ਮੰਡਲ ਦੇ ਫੈਸਲਿਆਂ ਦੀ ਰਾਸ਼ਟਰਪਤੀ ਨੂੰ ਸੂਚਨਾ ਦੇਣੀ ਉਸ ਦਾ ਸੰਵਿਧਾਨਿਕ ਕਰਤੱਵ ਹੈ। ਰਾਸ਼ਟਰਪਤੀ ਆਪ ਵੀ ਕਿਸੇ ਵਿਭਾਗ ਬਾਰੇ ਸੂਚਨਾ ਪ੍ਰਧਾਨ ਮੰਤਰੀ ਤੋਂ ਪ੍ਰਾਪਤ ਕਰ ਸਕਦਾ ਹੈ। ਜੇਕਰ ਕੋਈ ਮੰਤਰੀ, ਰਾਸ਼ਟਰਪਤੀ ਨੂੰ ਮਿਲਣਾ ਚਾਹੇ ਜਾਂ ਸਲਾਹ ਲੈਣਾ ਚਾਹੇ ਤਾਂ ਉਹ ਪ੍ਰਧਾਨ ਮੰਤਰੀ ਰਾਹੀਂ ਹੀ ਅਜਿਹਾ ਕਰ ਸਕਦਾ ਹੈ। ਸੰਖੇਪ ਵਿੱਚ ਰਾਸ਼ਟਰਪਤੀ ਅਤੇ ਮੰਤਰੀ ਮੰਡਲ ਦੇ ਮੈਂਬਰਾਂ ਵਿੱਚ ਉਹ ਵਿਚੋਲੇ ਦਾ ਕੰਮ ਕਰਦਾ ਹੈ।

6. **ਸਦਨ ਦਾ ਨੇਤਾ—** ਪ੍ਰਧਾਨ ਮੰਤਰੀ ਨੂੰ ਲੋਕ ਸਭਾ ਦਾ ਨੇਤਾ ਮੰਨਿਆ ਜਾਂਦਾ ਹੈ। ਲੋਕ ਸਭਾ ਹਰ ਔਕੜ ਵਿੱਚ ਪ੍ਰਧਾਨ ਮੰਤਰੀ ਤੋਂ ਅਗਵਾਈ ਦੀ ਆਸ ਕਰਦੀ ਹੈ। ਪ੍ਰਧਾਨ ਮੰਤਰੀ ਦੀ ਇੱਛਾ ਵਿਰੁੱਧ ਲੋਕ ਸਭਾ ਕੁਝ ਵੀ ਨਹੀਂ ਕਰ ਸਕਦੀ ਕਿਉਂਕਿ ਉਸ ਨੂੰ ਲੋਕ ਸਭਾ ਦੇ ਬਹੁਮੱਤ ਦਾ ਸਮਰਥਨ ਪ੍ਰਾਪਤ ਹੁੰਦਾ ਹੈ। ਸਰਕਾਰ ਦੀਆਂ ਨੀਤੀਆਂ ਤੇ ਫੈਸਲਿਆਂ ਦੀ ਘੋਸ਼ਣਾ ਪ੍ਰਧਾਨ ਮੰਤਰੀ ਲੋਕ ਸਭਾ ਵਿੱਚ ਕਰਦਾ ਹੈ। ਸਪੀਕਰ, ਪ੍ਰਧਾਨ ਮੰਤਰੀ ਨਾਲ ਮਿਲ ਕੇ ਸਦਨ ਦਾ ਪ੍ਰੋਗਰਾਮ ਨਿਸ਼ਚਿਤ ਕਰਦਾ ਹੈ।

7. **ਸਰਕਾਰ ਦਾ ਮੁੱਖੀ—** ਰਾਸ਼ਟਰਪਤੀ ਦੇਸ ਦਾ ਮੁਖੀ ਹੈ, ਪਰੰਤੂ ਪ੍ਰਧਾਨ ਮੰਤਰੀ ਸਰਕਾਰ ਦਾ ਮੁੱਖੀ ਹੈ। ਪ੍ਰਧਾਨ ਮੰਤਰੀ ਭਾਰਤ ਸਰਕਾਰ ਦਾ ਮੁੱਖ ਬੁਲਾਰਾ ਤੇ ਪ੍ਰਤਿਨਿਧ ਹੁੰਦਾ ਹੈ। ਸੰਸਦ ਅਤੇ ਜਨਤਾ ਦੇ ਸਾਹਮਣੇ ਮੰਤਰੀ ਮੰਡਲ ਤੇ ਸਰਕਾਰ ਦੀ ਨੀਤੀ ਤੇ ਫੈਸਲਿਆਂ ਦਾ ਐਲਾਨ ਪ੍ਰਧਾਨ ਮੰਤਰੀ ਵਲੋਂ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਯੋਜਨਾ ਆਯੋਗ ਦਾ ਚੇਅਰਮੈਨ ਹੈ ਅਤੇ ਉਸ ਦੀ ਅਗਵਾਈ ਹੇਠ ਦੇਸ ਦੀ ਆਰਥਿਕ ਯੋਜਨਾਬੰਦੀ ਹੁੰਦੀ ਹੈ। ਸੰਖੇਪ ਵਿੱਚ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੈ ਅਤੇ ਦੇਸ ਦਾ ਅਸਲੀ ਸ਼ਾਸਕ ਹੈ।

## ਮੰਤਰੀ ਪਰਿਸ਼ਦ
## (Council of Ministers)

ਸੰਵਿਧਾਨ ਅਨੁਸਾਰ ਕੇਂਦਰੀ ਕਾਰਜਪਾਲਿਕ ਦੀਆਂ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆ ਗਈਆਂ ਹਨ। ਰਾਸ਼ਟਰਪਤੀ ਦੀਆਂ ਇਹ ਸ਼ਕਤੀਆਂ ਰਸਮੀ ਹਨ ਅਤੇ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਰਾਸ਼ਟਰਪਤੀ, ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ। ਸੰਘੀ ਮੰਤਰੀ ਪਰਿਸ਼ਦ ਕੇਂਦਰ ਦੀ ਅਸਲੀ ਕਾਰਜ ਪਾਲਿਕਾ ਹੈ। ਇਹ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ ਦੇ ਪ੍ਰਸ਼ਾਸਨ ਦਾ ਸੰਚਾਲਨ ਕਰਦੀ ਹੈ।

**ਮੰਤਰੀ ਪਰਿਸ਼ਦ ਦੀ ਨਿਯੁੱਕਤੀ—** ਰਾਸ਼ਟਰਪਤੀ ਪਹਿਲਾਂ ਪ੍ਰਧਾਨ ਮੰਤਰੀ ਦੀ ਨਿਯੁੱਕਤੀ ਕਰਦਾ ਹੈ ਅਤੇ ਫਿਰ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਜੂਜੇ ਮੰਤਰੀਆਂ ਦੀ ਨਿਯੁੱਕਤੀ ਕਰਦਾ ਹੈ। ਪ੍ਰਧਾਨ ਮੰਤਰੀ ਆਪਣੇ ਸਹਿਯੋਗੀ ਮੰਤਰੀਆ ਦੀ ਇਕ ਸੂਚੀ ਰਾਸ਼ਟਰਪਤੀ ਨੂੰ ਪੇਸ਼ ਕਰਦਾ ਹੈ। ਇਸ ਸੂਚੀ ਵਿੱਚ ਸਾਮਿਲ ਵਿਅਕਤੀਆਂ ਨੂੰ ਰਾਸ਼ਟਰਪਤੀ ਮੰਤਰੀ ਨਿਯੁੱਕਤ ਕਰਦਾ ਹੈ। ਰਾਸ਼ਟਰਪਤੀ ਆਪਣੇ ਵੱਲੋਂ ਨਾ ਤਾਂ ਕਿਸੇ ਵਿਅਕਤੀ ਨੂੰ ਮੰਤਰੀ ਨਿਯੁੱਕਤ ਕਰਨ ਤੋਂ ਇਨਕਾਰ ਕਰ ਸਕਦਾ ਹੈ। ਮੰਤਰੀਆਂ ਦੀ ਨਿਯੁੱਕਤੀ ਸੰਬੰਧੀ ਪ੍ਰਧਾਨ ਮੰਤਰੀ ਦਾ ਫੈਸਲਾ ਅੰਤਿਮ ਹੁੰਦਾ ਹੈ।

ਸਧਾਰਨ ਤੌਰ ਤੇ ਮੰਤਰੀ ਪਰਿਸ਼ਦ ਵਿੱਚ ਚਾਰ ਤਰ੍ਹਾਂ ਦੇ ਮੰਤਰੀ ਨਿਯੁੱਕਤ ਕੀਤੇ ਜਾਂਦੇ ਹਨ— ਕੈਬਨਿਟ ਮੰਤਰੀ, ਰਾਜ ਮੰਤਰੀ, ਉਪ ਮੰਤਰੀ ਅਤੇ ਸੰਸਦੀ ਸਕੱਤਰ। ਕੈਬਨਿਟ ਮੰਤਰੀ ਸਭ ਤੋਂ ਉੱਚੇ ਪੱਧਰ ਦੇ ਮੰਤਰੀ ਹੁੰਦੇ ਹਨ ਜੋ ਮੰਤਰੀ ਪਰਸ਼ਿਦ ਦੀ ਅੰਤਰਿਮ ਕਮੇਟੀ (ਮੰਤਰੀ ਮੰਡਲ) ਦੇ ਮੈਂਬਰ ਹੁੰਦੇ ਹਨ। ਇਹ ਪ੍ਰਸ਼ਾਸਕੀ ਵਿਭਾਗਾਂ ਦੇ ਸੁਤੰਤਰ ਮੁਖੀ ਹੁੰਦੇ ਹਨ। ਸਰਕਾਰ ਦੀ ਹਰੇਕ ਤਰ੍ਹਾਂ ਦੀ ਨੀਤੀ ਨਿਰਮਾਣ ਇਹ ਮੰਤਰੀ ਕਰਦੇ ਹਨ। ਰਾਜ ਮੰਤਰੀ, ਕੈਬਨਿਟ ਤੋਂ ਹੇਠ ਪੱਧਰ ਦੇ ਮੰਤਰੀ ਹੁੰਦੇ ਹਨ ਜੋ ਕੈਬਨਿਟ ਦੀਆਂ ਬੈਠਕਾਂ ਵਿੱਚ ਭਾਗ ਨਹੀਂ ਲੈਂਦੇ। ਆਮ ਤੌਰ ਤੇ ਰਾਜ ਮੰਤਰੀ ਕੈਬਨਿਟ ਮੰਤਰੀ ਦੀ ਸਹਾਇਤਾ ਲਈ ਲਗਾਏ ਜਾਂਦੇ ਹਨ। ਕਿਸੇ ਸਮੇਂ ਰਾਜ ਮੰਤਰੀ ਨੂੰ ਵਿਭਾਗ ਦਾ ਸੁਤੰਤਰ ਚਾਰਜ ਵੀ ਦਿੱਤਾ ਜਾਂਦਾ ਹੈ। ਉਪ ਮੰਤਰੀ, ਕੈਬਨਿਟ ਮੰਤਰੀ ਅਤੇ ਰਾਜ ਮੰਤਰੀ ਦੀ ਸਹਾਇਤਾ ਲਈ ਨਿਯੁੱਕਤ ਕੀਤੇ ਜਾਂਦੇ ਹਨ। ਇਹ ਕੈਬਨਿਟ ਜਾਂ ਰਾਜ ਮੰਤਰੀਆਂ ਵਲੋਂ ਸੌਂਪੇ ਗਏ ਕੰਮਾਂ ਦੀ ਦੇਖ ਭਾਲ ਕਰਦੇ ਹਨ। ਸੰਸਦੀ ਸਕੱਤਰ ਅਸਲ ਵਿਚ ਮੰਤਰੀ ਨਹੀਂ ਹੁੰਦੇ। ਸੰਵਿਧਾਨਿਕ ਤੌਰ 'ਤੇ ਉਨ੍ਹਾਂ ਨੂੰ ਕੋਈ ਪ੍ਰਸ਼ਾਸਕੀ ਜਿੰਮੇਵਾਰੀ ਨਹੀਂ ਸੌਂਪੀ ਜਾ ਸਕਦੀ। ਇਹਨਾਂ ਦਾ ਮੁੱਖ ਕੰਮ ਮਹੱਤਵਪੂਰਨ ਵਿਭਾਗਾਂ ਦੇ ਮੰਤਰੀਆਂ ਦੀ ਸੰਸਦ ਵਿੱਚ ਸਹਾਇਤਾ ਕਰਨਾ ਹੈ। ਕਈ ਵਾਰੀ ਪ੍ਰਧਾਨ ਮੰਤਰੀ ਨੂੰ ਉਪ-ਪ੍ਰਧਾਨ ਮੰਤਰੀ ਨਿਯੁੱਕਤ ਕਰਨਾ ਪੈਂਦਾ ਹੈ ਜਿਸ ਦੀ ਸਥਿਤੀ ਕੈਬਨਿਟ ਮੰਤਰੀਆਂ ਵਾਂਗ ਹੀ ਹੁੰਦੀ ਹੈ।

**ਮੰਤਰੀ ਪਰਿਸ਼ਦ ਦੇ ਕੰਮ—** ਮੰਤਰੀ ਮੰਡਲ ਦੇਸ਼ ਦੀ ਅਸਲ ਕਾਰਜਪਾਲਿਕਾ ਹੈ। ਇਹ ਰਾਸ਼ਟਰ ਦੀ ਘਰੇਲੂ ਤੇ ਵਿਦੇਸ਼ ਨੀਤੀ ਦਾ ਨਿਰਮਾਣ ਕਰਦੀ ਹੈ। ਦੇਸ਼ ਦੀਆਂ ਸਾਰੀਆਂ ਮਹੱਤਵਪੂਰਨ ਨਿਯੁੱਕਤੀਆਂ ਰਾਸ਼ਟਰਪਤੀ ਇਸ ਦੀ ਸਿਫ਼ਾਰਿਸ਼ 'ਤੇ ਕਰਦਾ ਹੈ। ਸੰਸਦ ਦੇ ਸਮਾਗਮ ਨੂੰ ਬੁਲਾਉਣ ਦਾ ਨਿਰਣਾ ਵੀ ਮੰਤਰੀ ਪਰਿਸ਼ਦ ਕਰਦੀ ਹੈ। ਰਾਸ਼ਟਰਪਤੀ ਵਲੋਂ ਸੰਸਦ ਦਿੱਤੇ ਜਾਣ ਵਾਲੇ ਭਾਸ਼ਣ ਵੀ ਤਿਆਰ ਕਰਦੀ ਹੈ। ਇਤਨਾ ਹੀ ਨਹੀਂ ਮੰਤਰੀ ਮੰਡਲ ਦਾ ਰਾਸ਼ਟਰ ਦੀ ਵਿਤੀ 'ਤੇ ਵੀ ਕੰਟਰੋਲ ਹੁੰਦਾ ਹੈ। ਵਿਤ ਮੰਤਰੀ ਲੋਕ ਸਭਾ ਵਿੱਚ ਹਰੇਕ ਸਾਲ ਬਜਟ ਪੇਸ਼ ਕਰਦਾ ਹੈ। ਨਵੇਂ ਕਰ ਲਗਾਉਣ ਜਾਂ ਪੁਰਾਣੇ ਕਰਾਂ ਵਿੱਚ ਸੋਧ ਜਾਂ ਸਮਾਪਤ ਕਰਨ ਦਾ ਅੰਤਮ ਫੈਸਲਾ ਵੀ ਮੰਤਰੀ-ਪਰਿਸ਼ਦ ਦੁਆਰਾ ਕੀਤਾ ਜਾਂਦਾ ਹੈ। ਸੰਸਦ ਤਾਂ ਇਸ ਦੀ ਰਸਮੀ ਪ੍ਰਵਾਨਗੀ ਦਿੰਦੀ ਹੈ।

**ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਵਿੱਚ ਅੰਤਰ—** ਆਮ ਤੌਰ 'ਤੇ ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਵਿੱਚ ਕੋਈ ਅੰਤਰ ਨਹੀਂ ਸਮਝਿਆ ਜਾਂਦਾ, ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਮੰਤਰੀ ਪਰਿਸ਼ਦ ਇਕ ਵੱਡੀ ਸੰਸਥਾ ਹੈ। ਜਿਸ ਵਿੱਚ ਸਾਰੀਆਂ ਸ਼੍ਰੇਣੀਆਂ ਦੇ ਮੰਤਰੀ ਸ਼ਾਮਲ ਹੁੰਦੇ ਹਨ। ਜਦੋਂ ਕਿ ਮੰਤਰੀ ਮੰਡਲ, ਮੰਤਰੀ ਪਰਿਸ਼ਦ ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ। ਜਿਸ ਵਿੱਚ ਕੇਵਲ ਕੈਬਨਿਟ ਦਰਜੇ ਦੇ ਮੰਤਰੀ ਹੀ ਸ਼ਾਮਲ ਹੁੰਦੇ ਹਨ। ਸਾਰੇ ਮਹੱਤਵਪੂਰਨ ਫੈਸਲੇ ਮੰਤਰੀ ਮੰਡਲ ਵਿੱਚ ਕੀਤੇ ਜਾਂਦੇ ਹਨ। ਮੰਤਰੀ ਪਰਿਸ਼ਦ ਨੀਤੀ ਨਿਰਮਾਣ ਵਿੱਚ ਹਿੱਸਾ ਨਹੀਂ ਲੈਂਦੀ। ਸੰਖੇਪ ਵਿੱਚ ਮੰਤਰੀ ਮੰਡਲ ਦੇ ਮੈਂਬਰ ਮੰਤਰੀ ਪਰਿਸ਼ਦ ਦੇ ਮੁਕਾਬਲੇ ਵਧੇਰੇ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਹੁੰਦੇ ਹਨ।

## ਭਾਰਤ ਦੀ ਸਰਵ ਉੱਚ ਅਦਾਲਤ (ਸੁਪਰੀਮ ਕੋਰਟ)
## (Supreme Court of India)

ਲੋਕਤੰਤਰੀ ਅਤੇ ਸੰਘਾਤਮਕ ਸ਼ਾਸਨ ਪ੍ਰਣਾਲੀ ਦੀ ਸਫ਼ਲਤਾ ਲਈ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਾਡੇ ਦੇਸ਼ ਵਿੱਚ ਸੰਘੀ ਲੋਕਤੰਤਰੀ ਸ਼ਾਸਨ ਪ੍ਰਣਾਲੀ ਹੈ। ਇਸ ਵਿੱਚ ਨਿਆਂਪਾਲਿਕਾ ਦੋ ਢੰਗਾਂ ਰਾਹੀਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੰਵਿਧਾਨ ਅਨੁਸਾਰ ਸੰਘੀ ਲੋਕਤੰਤਰੀ ਸਰਕਾਰ ਦੀ ਸਥਾਪਨਾ ਕੀਤੀ ਗਈ ਹੈ ਅਤੇ ਨਾਗਰਿਕਾਂ ਨੂੰ ਕੁਝ ਮਹੱਤਵਪੂਰਨ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ ਹਨ। ਲੋਕਤੰਤਰੀ ਸਰਕਾਰ ਵਿੱਚ ਇਕ ਅਜਿਹੀ ਸੱਤਾ ਹੋਣੀ ਚਾਹੀਦੀ ਹੈ। ਜਿਹੜੀ ਇਹ ਯਕੀਨੀ ਬਣਾਏ ਕਿ ਸਰਕਾਰ ਨਾਗਰਿਕ ਦੇ ਅਧਿਕਾਰਾਂ ਦਾ ਸਤਿਕਾਰ ਕਰੇ ਅਤੇ ਸੰਵਿਧਾਨ ਵਲੋਂ ਨਿਰਧਾਰਿਤ ਹੱਦਾਂ ਅਤੇ ਸ਼ਕਤੀਆਂ ਨੂੰ ਪਾਰ ਨਾ ਕਰੇ। ਸਾਡੇ ਦੇਸ਼ ਵਿੱਚ ਸੰਵਿਧਾਨ ਅਨੁਸਾਰ ਸੰਘਾਤਮਕ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਜਿਸ ਅਨੁਸਾਰ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਭਾਵੇਂ ਇਨ੍ਹਾਂ ਸ਼ਕਤੀਆਂ ਦੀ ਵੰਡ ਸਪਸ਼ਟ ਹੈ ਪਰ ਫਿਰ ਵੀ ਦੋਹਾਂ ਵਿੱਚ ਝਗੜੇ ਉਤਪੰਨ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਨਿਆਂਪਾਲਿਕਾ ਹੀ ਝਗੜਿਆ ਦਾ ਨਿਪਟਾਰਾ ਕਰਦੀ ਹੈ। ਇਸ ਸੰਬੰਧ ਵਿੱਚ ਸਾਡੇ ਦੇਸ਼ ਦੀ ਸੁਪਰੀਮ ਕੋਰਟ ਸੰਵਿਧਾਨ ਅਨੁਸਾਰ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਨਿਆਂਪਾਲਿਕਾ ਦੀ ਸੁਤੰਤਰਤਾ ਲਈ ਮੂਲ ਸਿਧਾਂਤ ਹੈ ਕਿ ਨਿਆਂਪਾਲਿਕਾ ਨੂੰ, ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਤੋਂ ਸੁਤੰਤਰ ਰੱਖਿਆ ਜਾਵੇ। ਮੌਨਟੇਸਕਿਊ ਨੇ ਇਸ ਦਾ ਨਾਂ ਸ਼ਕਤੀ ਦੀ ਅਲਹਿਦਗੀ (Separation of Powers) ਦਾ ਸਿਧਾਂਤ ਰੱਖਿਆ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਨਿਆਂਪਾਲਿਕਾ ਸੁਤੰਤਰ ਤੇ ਨਿਰਪੱਖ ਹੋ ਕੇ ਕੰਮ ਕਰੇ ਤਾਂ ਇਹ ਜ਼ਰੂਰੀ ਹੈ ਕਿ ਇਸ ਨੂੰ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦੇ ਨਿਯੰਤ੍ਰਣ 'ਤੇ ਪ੍ਰਭਾਵ ਤੋਂ ਮੁਕਤ ਰੱਖਿਆ ਜਾਵੇ। ਅਜਿਹਾ ਯਤਨ ਭਾਰਤ ਦੇ ਸੰਵਿਧਾਨ ਵਿੱਚ ਕੀਤਾ ਗਿਆ ਹੈ। ਭਾਰਤ ਦੀ ਸੁਪਰੀਮ ਕੋਰਟ ਬਿਨਾਂ ਪੱਖਪਾਤ ਤੋਂ ਅਤੇ ਸਰਕਾਰ ਦੇ ਕਿਸੇ ਅੰਗ ਦੇ ਪ੍ਰਭਾਵ ਤੋਂ ਸੁਤੰਤਰ ਹੋ ਕੇ ਫੈਸਲੇ ਕਰ ਸਕਦੀ ਹੈ।

**ਸੁਪਰੀਮ ਕੋਰਟ ਦਾ ਸੰਗਠਨ—** ਸਾਡੇ ਦੇਸ਼ ਵਿੱਚ ਇਕਹਿਰੀ ਨਿਆਂ ਪ੍ਰਣਾਲੀ ਹੈ। ਸੁਪਰੀਮ ਕੋਰਟ ਦੇਸ਼ ਦੀ ਸਭ ਤੋਂ ਵੱਡੀ ਅਤੇ ਸਿੱਖਰ ਦੀ ਅਦਾਲਤ ਹੈ। ਇਸ ਦੇ ਫੈਸਲੇ ਅੰਤਿਮ ਹੁੰਦੇ ਹਨ ਅਤੇ ਉਨ੍ਹਾਂ ਦੇ ਵਿਰੁੱਧ ਕਿਧਰੇ ਹੋਰ ਅਪੀਲ ਨਹੀਂ ਕੀਤੀ ਜਾ ਸਕਦੀ। ਇਸ ਦੇ ਇਲਾਵਾ ਸੁਪਰੀਮ ਕੋਰਟ ਆਪਣੀਆਂ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਦੇ ਵਿਰੁੱਧ ਅਪੀਲਾਂ ਸੁਣਦੀ ਹੈ ਅਤੇ ਫੈਸਲੇ ਕਰਦੀ ਹੈ।

ਸੁਪਰੀਮ ਕੋਰਟ ਵਿੱਚ ਅਜਕਲ੍ਹ ਮੁੱਖ ਜੱਜ ਸਮੇਤ 27 ਜੱਜ ਹਨ। ਜੱਜ ਬਣਨ ਲਈ ਹੇਠ ਲਿਖੀਆਂ ਯੋਗਤਾਵਾਂ ਜ਼ਰੂਰੀ ਹਨ—

1. ਭਾਰਤ ਦਾ ਨਾਗਰਿਕ ਹੋਵੇ।
2. ਘੱਟੋ ਘੱਟ ਪੰਜ ਸਾਲ ਕਿਸੇ ਇੱਕ ਜਾਂ ਦੋ ਉੱਚ ਅਦਾਲਤਾਂ ਵਿੱਚ ਲਗਾਤਾਰ ਜੱਜ ਰਿਹਾ ਹੋਵੇ ਜਾਂ ਅਜਿਹੀਆਂ ਅਦਾਲਤਾਂ ਵਿੱਚ ਦਸ ਸਾਲ ਲਗਾਤਾਰ ਵਕੀਲ ਰਿਹਾ ਹੋਵੇ।
3. ਰਾਸ਼ਟਰਪਤੀ ਦੇ ਵਿਚਾਰ ਅਨੁਸਾਰ ਕਨੂੰਨੀ ਮਾਹਿਰ ਹੋਵੇ।

ਜੱਜ ਆਪਣੇ ਔਹੁਦੇ ਤੇ 65 ਸਾਲ ਦੀ ਉਮਰ ਤਕ ਕੰਮ ਕਰ ਸਕਦੇ ਹਨ। ਜੱਜਾਂ ਨੂੰ ਆਪਣੇ ਕਾਰਜਕਾਲ ਤੋਂ ਪਹਿਲਾਂ ਵੀ ਹਟਾਇਆ ਜਾ ਸਕਦਾ ਹੈ। ਇਸ ਲਈ ਜੇਕਰ ਸੰਸਦ ਦੇ ਦੋਵੇਂ ਸਦਨ ਆਪਣੇ ਕੁਲ ਮੈਂਬਰਾਂ ਦੇ ਬਹੁਮੱਤ ਨਾਲ, ਪਰ ਹਾਜਰ ਅਤੇ ਵੋਟਾਂ ਪਾਉਣ ਵਾਲਿਆਂ ਦੇ 2/3 ਬਹੁਮੱਤ ਨਾਲ ਮਤਾ ਪਾਸ ਕਰਕੇ ਰਾਸ਼ਟਰਪਤੀ ਨੂੰ ਭੇਜਣ ਤਾਂ ਰਾਸ਼ਟਰਪਤੀ ਜੱਜ ਨੂੰ ਹਟਾਉਣ ਦਾ ਆਦੇਸ਼ ਜਾਰੀ ਕਰ ਸਕਦਾ ਹੈ। ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖਾਹ 250,000/- ਰੁਪਏ ਮਹੀਨਾ ਅਤੇ ਮੁੱਖ ਜੱਜ ਦੀ ਤਨਖਾਹ 280000 ਰੁਪਏ ਮਹੀਨਾ ਹੁੰਦੀ ਹੈ। ਰਿਟਾਇਰ (Retire) ਹੋਣ ਤੋਂ ਬਾਅਦ ਜੱਜ ਕਿਸੀ ਅਦਾਲਤ ਵਿੱਚ ਜਾਂ ਸਰਕਾਰੀ ਅਦਾਰੇ ਵਿੱਚ ਕੰਮ ਨਹੀਂ ਕਰ ਸਕਦਾ ਇਹ ਸ਼ਰਤ ਉਨ੍ਹਾਂ ਦੀ ਨਿਰਪੱਖਤਾ ਅਤੇ ਸੁਤੰਤਰਤਾ ਲਈ ਜ਼ਰੂਰੀ ਸਮਝੀ ਗਈ ਹੈ।

**ਸਰਵਉੱਚ ਅਦਾਲਤ (ਸੁਪਰੀਮ ਕਰੋਟ) ਦੀਆਂ ਸ਼ਕਤੀਆਂ (Powers pf the Supreme Court)**

ਸੁਪਰੀਮ ਕੋਰਟ ਨੂੰ ਸੰਵਿਧਾਨ ਵਲੋਂ ਕਈ ਪ੍ਰਕਾਰ ਦੀਆਂ ਸ਼ਕਤੀਆਂ ਮਿਲੀਆਂ ਹੋਈਆਂ ਹਨ। ਇਨ੍ਹਾਂ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ—

**(i) ਮੁਢਲਾ ਅਧਿਕਾਰ ਖੇਤਰ (Origional Jurisdiction):-** ਜਿਹੜੇ ਮੁਕੱਦਮੇ ਸਿੱਧੇ ਇਸ ਅਦਾਲਤ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ ਉਹਨਾਂ ਨੂੰ ਮੁਢਲਾ ਅਧਿਕਾਰ ਖੇਤਰ ਕਿਹਾ ਜਾਂਦਾ ਹੈ। ਹੇਠ ਲਿਖੇ ਮੁਕੱਦਮੇ ਇਸ ਦੇ ਮੁਢਲੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ।

(ੳ) ਭਾਰਤ ਸਰਕਾਰ ਅਤੇ ਦੂਜੇ ਪਾਸੇ ਇਕ ਜਾਂ ਇੱਕ ਤੋਂ ਵੱਧ ਰਾਜ ਵਿਚ ਝਗੜਾ ਹੋਣ ਤੇ।

(ਅ) ਇਕ ਪਾਸੇ ਭਾਰਤ ਸਰਕਾਰ ਨਾਲ ਇਕ ਜਾਂ ਵੱਧ ਰਾਜਾਂ ਅਤੇ ਦੂਜੇ ਪਾਸੇ ਇਕ ਜਾਂ ਵੱਧ ਰਾਜ ਹੋਣ।

(ੲ) ਦੋ ਜਾਂ ਵਧੇਰੇ ਰਾਜਾਂ ਦਾ ਆਪਸ ਵਿੱਚ ਝਗੜਾ ਹੋਣ ਤੇ।

(ਸ) ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਝਗੜੇ।

(ਹ) ਰਾਸਟਰਪਤੀ ਅਤੇ ਉਪ-ਰਾਸ਼ਟਰਪਤੀ ਦੀਆਂ ਚੋਣਾਂ ਸੰਬੰਧੀ ਝਗੜੇ।

**(ii) ਅਪੀਲੀ ਅਧਿਕਾਰ ਖੇਤਰ (Appellate Jurisdiction)**

ਸੁਪਰੀਮ ਕੋਰਟ ਨੂੰ ਅਪੀਲਾਂ ਸੁਣਨ ਦਾ ਅਧਿਕਾਰ ਬਹੁਤ ਵਿਸ਼ਾਲ ਹੈ। ਇਹ ਹਾਈ ਕੋਰਟ ਦੇ ਫੈਸਲਿਆਂ ਵਿਰੁੱਧ ਸੰਵਿਧਾਨਿਕ, ਦਿਵਾਨੀ ਤੇ ਫੌਜਦਾਰੀ ਮੁਕਦੱਮਿਆਂ ਸੰਬੰਧੀ ਅਪੀਲਾਂ ਸੁਣ ਸਕਦੀ ਹੈ। ਸੁਪਰੀਮ ਕੋਰਟ ਕਿਸੇ ਵੀ ਅਦਾਲਤ ਜਾਂ ਟ੍ਰਿਬਿਊਨਲ ਦੇ ਦਿੱਤੇ ਨਿਰਣੇ ਵਿਰੁੱਧ ਅਪੀਲ ਸੁਣਨ ਲਈ ਵਿਸ਼ੇਸ਼ ਆਗਿਆ ਦੇ ਸਕਦਾ ਹੈ।

**(iii) ਸਲਾਹਕਾਰੀ ਸ਼ਕਤੀ (Advisory Jurisdiction)**

ਭਾਰਤ ਦਾ ਰਾਸ਼ਟਰਪਤੀ ਕਿਸੇ ਵੀ ਕਨੂੰਨੀ ਜਾਂ ਸੰਵਿਧਾਨਿਕ ਮਾਮਲੇ ਸੰਬੰਧੀ ਸੁਪਰੀਮ ਕਰੋਟ ਦੀ ਸਲਾਹ ਲੈ ਸਕਦਾ ਹੈ। ਪੰਜ ਜੱਜਾਂ ਦੀ ਬੈਂਚ ਹੀ ਅਜਿਹੀ ਸਲਾਹ ਦੇ ਸਕਦੀ ਹੈ। ਇਸ ਸਲਾਹ ਨੂੰ ਮੰਨਣਾ ਰਾਸ਼ਟਰਪਤੀ ਦੀ ਇੱਛਾ 'ਤੇ ਨਿਰਭਰ ਕਰਦਾ ਹੈ।

**(iv) ਅਭਿਲੇਖ ਅਦਾਲਤ (Court of Record)**

ਸੁਪਰੀਮ ਕੋਰਟ ਇਕ ਅਭਿਲੇਖ ਅਦਾਲਤ ਹੈ। ਇਸ ਦਾ ਭਾਵ ਹੈ ਕਿ ਸੁਪਰੀਮ ਕੋਰਟ ਦੀ ਸੰਪੂਰਨ ਕੋਰਟ ਤੇ ਫੈਸਲੇ ਪ੍ਰਮਾਣ ਦੇ ਤੌਰ 'ਤੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਨ੍ਹਾਂ ਫੈਸਲਿਆਂ ਨੂੰ ਦ੍ਰਿਸ਼ਟਾਂਤ ਦੇ ਰੂਪ ਵਿੱਚ ਮੰਨਣਾ ਜ਼ਰੂਰੀ ਹੈ। ਜਦੋਂ ਕਿਸੇ ਅਦਾਲਤ ਨੂੰ ਅਭਿਲੇਖ ਅਦਾਲਤ ਦਾ ਦਰਜਾ ਪ੍ਰਾਪਰ ਹੋ ਜਾਂਦਾ ਹੈ ਤਾਂ ਉਸ ਅਦਾਲਤ ਦਾ ਅਪਮਾਨ ਕਰਨ ਵਾਲੇ ਵਿਅਕਤੀ ਨੂੰ ਸਜਾ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ।

**(v) ਨਿਆਂਇਕ ਪੁੱਨਰ ਨਿਰੀਖਣ ਦੀ ਸ਼ਕਤੀ (Judicial Review)**

ਸੁਪਰੀਮ ਕੋਰਟ ਪਾਸ ਨਿਆਂਇਕ ਪੁੱਨਰ ਨਿਰੀਖਣ ਦੀ ਮਹੱਤਵਪੂਰਨ ਸ਼ਕਤੀ ਹੈ। ਨਿਆਂਇਕ ਪੁੱਨਰ ਨਿਰੀਖਣ ਸਕਤੀ ਦਾ ਭਾਵ ਹੈ ਕਿ ਕਾਰਜਪਾਲਿਕਾ ਦੇ ਆਦੇਸ਼ਾਂ ਅਤੇ ਵਿਧਾਨਪਾਲਿਕਾ ਦੇ ਕਨੂੰਨਾਂ ਨੂੰ ਸਪਰੀਮ ਕੋਰਟ ਸੰਵਿਧਾਨਿਕ ਕਸਵੱਟੀ 'ਤੇ ਪਰਖਦੀ ਹੈ। ਜੇਕਰ ਕਾਰਜਪਾਲਿਕਾ ਦੁਆਰਾ ਦਿੱਤਾ ਗਿਆ ਕੋਈ ਆਦੇਸ਼ ਜਾਂ ਰਾਜਾਂ ਦੀਆਂ ਵਿਧਾਨ ਪਾਲਿਕਾਵਾਂ ਜਾਂ ਭਾਰਤੀ ਸੰਸਦ ਦੁਆਰਾ ਪਾਸ ਕੀਤਾ ਗਿਆ ਕੋਈ ਵੀ ਕਨੂੰਨ ਸੰਵਿਧਾਨ ਅਨੁਸਾਰ ਨਹੀਂ ਹੈ ਜਾਂ ਸੰਵਿਧਾਨ ਦੀ ਉਲੰਘਣਾ ਕਰਦਾ ਹੈ ਤਾਂ ਸੁਪਰੀਮ ਕੋਰਟ ਅਜਿਹੇ ਆਦੇਸ਼ ਜਾਂ ਕਨੂੰਨ ਨੂੰ ਅਸੰਵਿਧਾਨਿਕ ਜਾਂ ਰੱਦ ਘੋਸ਼ਿਤ ਕਰ ਸਕਦੀ ਹੈ। ਇਸ ਸ਼ਕਤੀ ਨੂੰ ਨਿਆਂਇਕ ਪੁੱਨਰ ਨਿਰੀਖਣ ਦੀ ਸ਼ਕਤੀ ਕਿਹਾ ਜਾਂਦਾ ਹੈ। ਇਸ ਸ਼ਕਤੀ ਕਾਰਨ ਹੀ ਸੁਪਰੀਮ ਕੋਰਟ ਨੂੰ ਸੰਸਦ ਦਾ ਤਾਜੀ ਸਦਨ ਕਿਹਾ ਜਾਂਦਾ ਹੈ।

ਸਾਡੇ ਵਿਚਾਰ ਅਨੁਸਾਰ ਭਾਰਤ ਦੀ ਸਰਵਉੱਚ ਅਦਾਲਤ ਆਪਣੀ ਨਿਆਂਇਕ ਪੁੱਨਰ ਨਿਰੀਖਣ ਸ਼ਕਤੀ ਦੁਆਰਾ ਭਾਰਤੀ ਲੋਕਤੰਤਰ, ਸੰਘ ਸ਼ਾਸਨ ਪ੍ਰਣਾਲੀ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਿੱਚ ਸਮਰੱਥ ਸਿੱਧ ਹੋਇਆ ਹੈ। ਸ਼੍ਰੀ ਅਲਾਦੀ ਕ੍ਰਿਸ਼ਨਾ ਸਵਾਮੀ ਆਈਗਰ ਅਨੁਸਾਰ- ਵਿਸ਼ਵ ਦੇ ਕਿਸੇ ਵੀ ਸੰਘਾਤਮਕ ਰਾਜ ਦੀ ਉਚ ਅਦਾਲਤ ਤੋਂ ਭਾਰਤੀ ਸੁਪਰੀਮ ਕੋਰਟ ਦਾ ਅਧਿਕਾਰ ਖੇਤਰ ਵਧੇਰੇ ਹੈ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 1-15 ਸ਼ਬਦਾਂ ਵਿੱਚ ਦਿਉ—**

1. (ੳ) ਲੋਕ ਸਭਾ ਦਾ ਕਾਰਜਕਾਲ ਕਿੰਨ੍ਹਾਂ ਹੁੰਦਾ ਹੈ?
   (ਅ) ਲੋਕ ਸਭਾ ਦੇ ਕੁਲ ਕਿੰਨੇ ਮੈਂਬਰ ਹੁੰਦੇ ਹਨ?
   (ੲ) ਲੋਕ ਸਭਾ ਦੇ ਸਪੀਕਰ ਦੀ ਨਿਯੁੱਕਤੀ ਕਿਵੇਂ ਹੁੰਦੀ ਹੈ?
   (ਸ) ਅਵਿਸ਼ਵਾਸ ਪ੍ਰਸਤਾਵ ਤੋਂ ਤੁਹਾਡਾ ਕੀ ਭਾਵ ਹੈ?
   (ਹ) ਲੋਕ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ?
   (ਕ) ਰਾਸ਼ਟਰਪਤੀ ਲੋਕ ਸਭਾ ਵਿੱਚ ਕਦੋਂ ਅਤੇ ਕਿੰਨੇ ਐਂਗਲੋ ਇੰਡੀਅਨ ਮੈਂਬਰ ਨਾਮਜ਼ਦ ਕਰਦਾ ਹੈ?

2. ਰਾਜ ਸਭਾ ਬਾਰੇ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿਉ—
   (ੳ) ਰਾਜ ਸਭਾ ਦੇ ਕੁੱਲ ਕਿੰਨੇ ਮੈਂਬਰ ਹੋ ਸਕਦੇ ਹਨ?
   (ਅ) ਰਾਸ਼ਟਰਪਤੀ ਕਿੰਨੇ ਮੈਂਬਰ ਅਤੇ ਕਿਹੜੇ ਖੇਤਰਾਂ ਵਿੱਚੋਂ ਨਾਮਜ਼ਦ ਕਰਦਾ ਹੈ?
   (ੲ) ਰਾਜ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?
   (ਸ) ਰਾਜ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਕਿੰਨੀ ਉਮਰ ਹੋਣੀ ਚਾਹੀਦੀ ਹੈ?
   (ਹ) ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਲ ਕਿੰਨਾ ਹੈ?
   (ਕ) ਰਾਜ ਸਭਾ ਦੇ ਮੈਂਬਰ ਕਿਵੇਂ ਅਤੇ ਕੌਣ ਚੁਣਦਾ ਹੈ?
3. ਹੇਠ ਲਿਖੀਆਂ ਹੀ ਵਿਆਖਿਆਂ ਕਰੋ—
   (ੳ) ਮਹਾਂਦੋਸ਼ ਦਾ ਮੁਕਦਮਾ
   (ਅ) ਅਧਿਆਦੇਸ਼
   (ੲ) ਮੰਤਰੀ ਮੰਡਲ ਦੀ ਸਮੂਹਿਕ ਜ਼ਿੰਮੇਵਾਰੀ ਜਾਂ ਵਿਅਕਤੀਗਤ ਜ਼ਿੰਮੇਵਾਰੀ
   (ਸ) ਰਾਸ਼ਟਰਪਤੀ ਰਾਜ ਦਾ ਨਾਂ-ਮਾਤਰ ਮੁੱਖੀ
   (ਹ) ਰਾਸ਼ਟਰਪਤੀ ਦੀ ਚੋਣ ਲਈ ਚੋਣ ਮੰਡਲ ਦੀ ਬਣਤਰ
   (ਕ) ਰਾਜ ਸਭਾ ਦੇ ਮੈਂਬਰ ਕਿਵੇਂ ਅਤੇ ਕੌਣ ਚੁਣਦਾ ਹੈ?
4. ਹੇਠ ਲਿਖਿਆਂ ਦਾ ਉੱਤਰ ਦਿਉ—
   (ੳ) ਪ੍ਰਧਾਨ ਮੰਤਰੀ ਦੀ ਨਿਯੁੱਕਤੀ ਕਿਵੇਂ ਹੁੰਦੀ ਹੈ?
   (ਅ) ਰਾਸ਼ਟਰਪਤੀ ਦੀਆਂ ਕਿੰਨੇ ਪ੍ਰਕਾਰ ਦੀਆਂ ਸੰਕਟਕਾਲੀਨ ਸ਼ਕਤੀਆਂ ਹਨ?
   (ੲ) ਸਰਵਉੱਚ ਅਦਾਲਤ (ਸੁਪਰੀਮ ਕੋਰਟ) ਦੇ ਜੱਜਾਂ ਦੀ ਨਿਯੁੱਕਤੀ ਕਿਵੇਂ ਹੁੰਦੀ ਹੈ?
   (ਸ) ਸੁਪਰੀਮ ਕੋਰਟ ਦੇ ਜੱਜਾਂ ਦਾ ਕਾਰਜਕਾਲ ਕਿੰਨਾ ਹੁੰਦਾ ਹੈ?
5. ਹੇਠ ਲਿਖਿਆਂ ਦੀ ਵਿਆਖਿਆ ਕਰੋ—
   (ੳ) ਨਿਆਇਕ ਪੁਨਰ ਨਿਰੀਖਣ
   (ਅ) ਮੁੱਢਲਾ ਜਾਂ ਪ੍ਰਾਰੰਭਿਕ ਅਧਿਕਾਰ ਖੇਤਰ
   (ੲ) ਸੁਤੰਤਰ ਨਿਆਂਪਾਲਿਕਾ
   (ਸ) ਅਭਿਲੇਖ ਅਦਾਲਤ
   (ਹ) ਸਲਾਹਕਾਰੀ ਅਧਿਕਾਰ ਖੇਤਰ
   (ਕ) ਵਿਸ਼ੇਸ਼ ਅਪੀਲਾਂ ਸੁਣਨ ਦਾ ਅਧਿਕਾਰ

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਉ—**

1. ਸੰਸਦ ਵਿੱਚ ਇਕ ਬਿੱਲ ਕਨੂੰਨ ਕਿਵੇਂ ਬਣਦਾ ਹੈ?
2. ਸੰਸਦ ਦੀਆਂ ਕਿਸੇ ਚਾਰ ਸ਼ਕਤੀਆਂ ਦਾ ਵਰਣਨ ਕਰੋ।
3. ਲੋਕ ਸਭਾ ਦੇ ਸਪੀਕਰ ਦੀ ਲੋਕ ਸਭਾ ਵਿੱਚ ਨਿਭਾਈ ਜਾਂਦੀ ਭੂਮਿਕਾ ਬਾਰੇ ਨੋਟ ਲਿਖੋ।
4. ਮੰਤਰੀ ਮੰਡਲ ਤੇ ਮੰਤਰੀ ਪਰਿਸ਼ਦ ਵਿੱਚ ਭੇਦ ਦੱਸੋ।
5. ਕੇਂਦਰੀ ਮੰਤਰੀ ਪਰਿਸ਼ਦ ਵਿੱਚ ਕਿੰਨੇ ਪ੍ਰਕਾਰ ਦੇ ਮੰਤਰੀ ਹੁੰਦੇ ਹਨ?

6. ਪ੍ਰਧਾਨ ਮੰਤਰੀ ਦੇ ਕੋਈ ਚਾਰ ਮਹੱਤਵਪੂਰਨ ਕੰਮਾਂ ਦਾ ਵੇਰਵਾ ਦਿਉ?
7. ਭਾਰਤ ਦੇ ਉਪ-ਰਾਸ਼ਟਰਪਤੀ ਦੇ ਅਹੁਦੇ ਦਾ ਸੰਖੇਪ ਵੇਰਵਾ ਦਿਉ?
8. ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਦਾ ਸੰਖੇਪ ਵੇਰਵਾ ਦਿਉ?
9. ਸੁਪਰੀਮ ਕੋਰਟ ਦੇ ਮੁੱਢਲੇ ਅਧਿਕਾਰ ਖੇਤਰ ਦਾ ਵਰਣਨ ਕਰੋ।

*****

## ਪਾਠ-12

# ਰਾਜ ਸਰਕਾਰ

## (STATE GOVERNMENT)

ਭਾਰਤ ਵਿੱਚ ਸੰਘਾਤਮਕ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਘਾਤਮਕ ਪ੍ਰਨਾਲੀ ਵਿੱਚ ਸਰਕਾਰਾਂ ਦੋ ਵੱਖ-ਵੱਖ ਪੱਧਰਾਂ ਤੇ ਕੰਮ ਕਰਦੀਆਂ ਹਨ—ਕੇਂਦਰੀ ਅਤੇ ਰਾਜ ਪੱਧਰ ਤੇ। ਸੰਘੀ ਜਾਂ ਕੇਂਦਰੀ ਸਰਕਾਰ ਸਮੁੱਚੇ ਦੇਸ਼ ਦਾ ਸ਼ਾਸਨ ਪ੍ਰਬੰਧ ਚਲਾਉਂਦੀ ਹੈ। ਰਾਜ ਸਰਕਾਰਾਂ ਆਪਣੇ ਨਿਸ਼ਚਤ ਖੇਤਰ ਵਿੱਚ ਸ਼ਾਸਨ ਪ੍ਰਬੰਧ ਕਰਦੀਆਂ ਹਨ। ਭਾਰਤੀ ਸੰਵਿਧਾਨ ਦੁਆਰਾ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਕੇਂਦਰੀ ਸਰਕਾਰ, ਕੇਂਦਰੀ ਸੂਚੀ ਉੱਤੇ ਅਤੇ ਰਾਜ ਸਰਕਾਰਾਂ ਰਾਜ ਸੂਚੀ ਤੇ ਕਨੂੰਨ ਬਣਾ ਸਕਦੀਆਂ ਹਨ।

ਭਾਰਤ ਵਿੱਚ ਇਸ ਸਮੇਂ 29 ਰਾਜ ਸਰਕਾਰਾਂ ਕੰਮ ਕਰਦੀਆਂ ਹਨ। ਇਹਨਾਂ 29 ਰਾਜਾਂ ਤੋਂ ਇਲਾਵਾ 7 ਸੰਘੀ ਖੇਤਰ ਵੀ ਹਨ। ਇਨ੍ਹਾਂ ਵਿੱਚੋਂ ਦਿੱਲੀ ਨੂੰ ਰਾਸ਼ਟਰੀ ਰਾਜਧਾਨੀ ਖੇਤਰ ਘੋਸ਼ਿਤ ਕੀਤਾ ਗਿਆ ਹੈ। ਦਿੱਲੀ ਦੀ ਆਪਣੀ ਵਿਧਾਨ ਸਭਾ ਹੈ ਜਿਸ ਦੇ 70 ਮੈਂਬਰ ਹਨ। ਦਿੱਲੀ ਦੇ ਮੁੱਖ ਮੰਤਰੀ ਦੀ ਅਗਵਾਈ ਹੇਠ ਸੱਤ ਮੈਂਬਰੀ, ਮੰਤਰੀ ਪਰਿਸ਼ਦ ਹੈ। ਬਾਕੀ ਦੇ ਸੰਘੀ ਖੇਤਰਾਂ ਦੇ ਪ੍ਰਸ਼ਾਸਨ ਪੂਰੀ ਤਰ੍ਹਾਂ ਕੇਂਦਰੀ ਸਰਕਾਰ ਦੇ ਨਿਯੰਤ੍ਰਣ ਅਧੀਨ ਹਨ। ਕੁਝ ਸੰਘੀ ਖੇਤਰਾਂ ਦੇ ਪ੍ਰਸ਼ਾਸਨ ਦਾ ਮੁੱਖੀ ਉਪ-ਰਾਜਪਾਲ ਹੈ ਅਤੇ ਕੁਝ ਦਾ ਚੀਫ਼-ਕਮਿਸ਼ਨਰ ਹੁੰਦਾ ਹੈ।

| ਭਾਰਤੀ ਸੰਘ ਦੇ ਰਾਜ | | ਸੰਘੀ ਖੇਤਰ |
|---|---|---|
| 1. ਉੱਤਰ ਪ੍ਰਦੇਸ਼ | 15. ਹਰਿਆਣਾ | 1. ਦਿੱਲੀ |
| 2. ਬਿਹਾਰ | 16. ਜੰਮੂ ਤੇ ਕਸ਼ਮੀਰ | 2. ਚੰਡੀਗੜ੍ਹ |
| 3. ਮਹਾਂਰਾਸ਼ਟਰ | 17. ਹਿਮਾਚਲ ਪ੍ਰਦੇਸ਼ | 3. ਦੱਮਨਦਿਉ |
| 4. ਆਂਧਰਾ ਪ੍ਰਦੇਸ਼ | 18. ਮਣੀਪੁਰ | 4. ਲਕਸ਼ਦੀਪ |
| 5. ਪੱਛਮੀ ਬੰਗਾਲ | 19. ਮੇਘਾਲਿਆ | 5. ਪਾਂਡੀਚਰੀ |
| 6. ਮੱਧ ਪ੍ਰਦੇਸ਼ | 20. ਤ੍ਰਿਪੁੱਰਾ | 6. ਦਾਦਰ, ਨਗਰ ਹਵੇਲੀ |
| 7. ਤਾਮਿਲਨਾਡੂ | 21. ਗੋਆ | 7. ਅੰਡੇਮਾਨ ਅਤੇ ਨਿਕੋਬਾਰ |
| 8. ਕਰਨਾਟਰ | 22. ਅੱਰੁਣਾਚਲ ਪ੍ਰਦੇਸ਼ | |
| 9. ਗੁਜਰਾਤ | 23. ਸਿੱਕਿੱਮ | |
| 10. ਰਾਜਸਥਾਨ | 24. ਮਿਜ਼ੋਰਮ | |
| 11. ਉੜੀਸਾ | 25. ਨਾਗਾਲੈਂਡ | |
| 12. ਕੇਰਲ | 26. ਛਤੀਸਗੜ੍ਹ | |
| 13. ਆਸਾਮ | 27. ਉਤਰਾਖੰਡ | |
| 14. ਪੰਜਾਬ | 28. ਝਾਰਖੰਡ | |
| | 29. ਤੇਲੰਗਾਨਾ | |

# ਰਾਜ ਵਿਧਾਨਪਾਲਿਕਾ
# (STATE-LEGISLATURE)

ਭਾਰਤ ਸੰਵਿਧਾਨ ਅਧੀਨ ਰਾਜ ਦੇ ਲੋਕਾਂ ਲਈ ਕਨੂੰਨ ਬਣਾਉਣ ਲਈ ਰਾਜ ਵਿਧਾਨ ਪਾਲਿਕਾ ਦਾ ਪ੍ਰਬੰਧ ਕੀਤਾ ਗਿਆ ਹੈ। ਬਿਹਾਰ, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਕਰਨਾਟਕ, ਮਹਾਰਾਸ਼ਟਰ ਅਤੇ ਝਾਰਖੰਡ ਸਮੇਤ ਛੇ ਰਾਜਾਂ ਵਿੱਚ ਦੋ ਸਦਨੀ ਵਿਧਾਨਪਾਲਿਕਾ ਹੈ। ਬਾਕੀ ਦੇ ਸਾਰੇ ਰਾਜਾਂ ਵਿੱਚ ਇਕ ਸਦਨੀ ਵਿਧਾਨਪਾਲਿਕਾ ਹੈ। ਰਾਜਾਂ ਦੇ ਹੇਠਲੇ ਸਦਨ ਨੂੰ ਵਿਧਾਨ ਸਭਾ ਅਤੇ ਉਪਰਲੇ ਸਦਨ ਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਵਿਧਾਨ ਸਭਾ ਰਾਜ ਦੇ ਲੋਕਾਂ ਦੁਆਰਾ ਪ੍ਰਤੱਖ ਅਤੇ ਵਿਧਾਨ-ਪਰਿਸ਼ਦ ਅਪ੍ਰਤਖ ਸੰਵਿਧਾਨਿਕ ਢੰਗ ਨਾਲ ਚੁਣੀ ਜਾਂਦੀ ਹੈ।

## ਵਿਧਾਨ ਸਭਾ

ਮੌਲਿਕ ਸੰਵਿਧਾਨ ਅਨੁਸਾਰ ਰਾਜ ਵਿਧਾਨ ਸਭਾ ਦੇ ਘਟੋ ਘੱਟ 60 ਅਤੇ ਵੱਧ ਤੋਂ ਵੱਧ 500 ਮੈਂਬਰ ਹੋ ਸਕਦੇ ਹਨ। ਇਸ ਸਮੇਂ ਪੰਜਾਬ ਦੀ ਵਿਧਾਨ ਸਭਾ ਦੇ 117 ਮੈਂਬਰ ਹਨ। ਵਿਧਾਨ ਸਭਾ ਦੇ ਮੈਂਬਰਾਂ ਦੀ ਨਿਯੁਕਤੀ ਪ੍ਰਤੱਖ ਰੂਪ ਨਾਲ ਲੋਕਾਂ ਦੁਆਰਾ ਕੀਤੀ ਜਾਂਦੀ ਹੈ। ਵਿਧਾਨ ਸਭਾ ਦਾ ਮੈਂਬਰ ਬਣਨ ਲਈ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ।

1. ਭਾਰਤ ਦਾ ਨਾਗਰਿਕ ਹੋਵੇ।
2. ਘੱਟੋ ਘਟ 25 ਸਾਲ ਦੀ ਉਮਰ ਹੋਵੇ।
3. ਉਹ ਪਾਗਲ ਜਾਂ ਦੀਵਾਲੀਆ ਨਾ ਹੋਵੇ।
4. ਕੇਂਦਰੀ ਜਾਂ ਰਾਜ ਸਰਕਾਰ ਅਧੀਨ ਕਿਸੇ ਲਾਭਕਾਰੀ ਅਹੁਦੇ ਤੇ ਕੰਮ ਨਾ ਕਰਨਾ ਹੋਵੇ।

ਵਿਧਾਨ ਸਭਾ ਦਾ ਕਾਰਜਕਾਲ 5 ਸਾਲ ਹੁੰਦਾ ਹੈ। ਰਾਜਪਾਲ ਇਸ ਕਾਰਜਕਾਲ ਤੋਂ ਪਹਿਲਾ ਵੀ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ। ਰਾਸ਼ਟਰਪਤੀ, ਰਾਸ਼ਟਰੀ ਸੰਕਟਕਾਲ ਸਮੇਂ ਇਸ ਦੀ ਮਿਆਦ ਇਕ ਸਾਲ ਵਧਾ ਵੀ ਸਕਤੀ ਹੈ। ਰਾਜ ਵਿਧਾਨ ਸਭਾ ਦੀ ਕਾਰਵਾਈ ਚਲਾਉਣ ਲਈ ਕੁਲ ਮੈਂਬਰਾਂ ਦਾ 1/10 ਭਾਗ ਇਸਦਾ ਕੋਰਮ ਨਿਸ਼ਚਤ ਕੀਤਾ ਗਿਆ ਹੈ।

**ਵਿਧਾਨ ਪਰਿਸ਼ਦ—** ਰਾਜ ਦੀ ਵਿਧਾਨਪਾਲਿਕਾ ਦੇ ਉਪਰਲੇ ਸਦਨ ਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਘੱਟ ਤੋਂ ਘਟ ਸੰਖਿਆ 40 ਨਿਸ਼ਚਤ ਕੀਤੀ ਗਈ ਹੈ। ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਸੰਖਿਆ ਵਿਧਾਨ ਸਭਾ ਦੇ ਮੈਂਬਰਾ ਦੇ ਇਕ ਤਿਹਾਈ ਤੋਂ ਵੱਧ ਨਹੀਂ ਹੋਣੀ ਚਾਹੀਦੀ। ਵਿਧਾਨ ਪਰਿਸ਼ਦ ਦੇ ਇਕ ਤਿਹਾਈ ਮੈਂਬਰ ਨਗਰ ਪਰਿਸ਼ਜ, ਜ਼ਿਲਾ ਪਰਿਸ਼ਦ ਅਤੇ ਸੰਸਦ ਦੁਆਰਾ ਨਿਰਧਾਰਿਤ ਸਥਾਨਿਕ ਸੰਸਧਾਵਾਂ ਦੇ ਮੈਂਬਰਾਂ ਦੁਆਰਾ, ਇਕ ਤਿਹਾਈ ਭਾਗ ਰਾਜ ਵਿਧਾਨ ਸਭਾ ਦੇ ਮੈਂਬਰਾਂ ਦੁਆਰਾ, 1/12 ਭਾਗ ਰਾਜ ਦੇ ਸਨਾਤਕਾਂ (graduates) ਦੁਆਰਾ ਜਿਨ੍ਹਾਂ ਨੂੰ ਡਿਗਰੀ ਪ੍ਰਾਪਤ ਕੀਤਿਆਂ ਘੱਟੋ ਘਟ ਤਿੰਨ ਸਾਲ ਹੋ ਗਏ ਹੋਣ। 1/12 ਹਿੱਸਾ ਸੀਨੀਅਰ ਸੈਕੰਡਰੀ ਅਤੇ ਉੱਚ ਵਿਦਿਅਕ ਸੰਸਥਾਵਾਂ ਦੇ ਅਧਿਆਪਕਾਂ ਦੁਆਰਾ ਵਿਧਾਨ ਪਰਿਸ਼ਦ ਦੇ ਮੈਂਬਰ ਚੁਣੇ ਜਾਂਦੇ ਹਨ। ਬਾਕੀ ਦੇ 1/6 ਮੈਂਬਰ ਰਾਜਾਲ ਦੁਆਰਾ ਕਲਾ ਸਾਹਿਤ ਵਿਗਿਆਨ, ਸਮਾਜਿਕ ਸੇਵਾ ਦੇ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਵਿੱਚੋਂ ਨਾਮਜਦ ਕੀਤੇ ਜਾਂਦੇ ਹਨ।

ਵਿਧਾਨ ਪਰਿਸ਼ਦ ਦੇ ਮੈਂਬਰਾ ਦੀਆਂ ਯੋਗਤਾਵਾਂ ਵੀ ਵਿਧਾਨ ਸਭਾ ਦੇ ਮੈਂਬਰਾਂ ਵਾਲੀਆਂ ਹਨ। ਸਿਰਫ ਇਨ੍ਹਾਂ ਦੀ ਘੱਟੋ ਘਟ ਉਮਰ 30 ਸਾਲ ਹੋਣੀ ਚਾਹੀਦੀ ਹੈ। ਇਹ ਇਕ ਸਥਾਈ ਸਦਨ ਹੈ ਇਸ ਦੇ 1/3 ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ। ਵਿਧਾਨ ਪਰਿਸ਼ਦ ਦੇ ਮੈਂਬਰਾ ਦਾ

ਕਾਰਜਕਾਲ ਛੇ ਸਾਲ ਹੈ। ਵਿਧਾਨ ਪਰਿਸ਼ਦ ਆਪਣੇ ਮੈਂਬਰਾਂ ਵਿੱਚੋਂ ਹੀ ਸਦਨ ਦੀ ਕਾਰਵਾਈ ਚਲਾਉਣ ਲਈ ਸਭਾਪਤੀ ਅਤੇ ਉਪ ਸਭਾਪਤੀ ਚੁਣਦੀ ਹੈ। ਸਭਾਪਤੀ ਦੀ ਗੈਰ ਹਾਜਰੀ ਵਿੱਚ ਉਪ ਸਭਾਪਤੀ ਹੀ ਉਸ ਦੇ ਕਾਰਜ ਸੰਭਾਲਦਾ ਹੈ।

**ਵਿਧਾਨ ਪਾਲਿਕਾ ਦੀਆਂ ਸ਼ਕਤੀਆਂ (Power of state legisiture)** ਰਾਜ ਵਿਧਾਨ ਸਭਾ ਦੀਆਂ ਸ਼ਕਤੀਆਂ ਹੇਠ ਲਿਖੀਆਂ ਹਨ:

1. **ਵਿਧਾਨਿਕ ਸ਼ਕਤੀਆਂ (Legislative powers):** ਰਾਜ ਦੀ ਵਿਧਾਨ ਪਾਲਿਕਾ ਨੂੰ ਕਨੂੰਨੀ, ਵਿੱਤੀ, ਕਾਰਜ ਪਾਲਿਕਾ, ਸੰਵਿਧਾਨਿਕ ਸੋਧਾਂ, ਚੋਣਾਂ ਅਤੇ ਸੰਬੰਧੀ ਮਹੱਤਵਪੂਰਨ ਸ਼ਕਤੀਆਂ ਪ੍ਰਾਪਤ ਹਨ। ਰਾਜ ਸੂਚੀ ਅਤੇ ਸਮਵਰਤੀ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ ਤੇ ਇਹ ਕਨੂੰਨ ਬਣਾ ਸਕਦੀ ਹੈ। ਸਮਵਰਤੀ ਸੂਚੀ ਤੇ ਬਣਾਇਆ ਗਿਆ ਇਸ ਦਾ ਕਨੂੰਨ ਜੇਕਰ ਸੰਸਦੀ ਕਨੂੰਨ ਨਾਲ ਟਕਰਾਉਂਦਾ ਹੈ ਤਾਂ ਰਾਜ ਦਾ ਕਨੂੰਨ ਉਸ ਹੱਦ ਤਕ ਰੱਦ ਕਰ ਦਿੱਤਾ ਜਾਂਦਾ ਹੈ ਜਿਸ ਹੱਦ ਤੱਕ ਉਹ ਸੰਸਦੀ ਕਨੂੰਨ ਨਾਲ ਟਕਰਾਉਂਦਾ ਹੈ।

2. **ਵਿੱਤੀ ਸ਼ਕੀਤਆਂ (Financial powers):-** ਰਾਜ ਦੇ ਵਿੱਤੀ ਮਾਮਲਿਆਂ ਤੇ ਵਿਧਾਨ ਸਭਾ ਦਾ ਪੂਰਾ ਨਿਯੰਤ੍ਰਣ ਹੁੰਦਾ ਹੈ। ਹਰ ਸਾਲ ਰਾਜ ਦਾ ਬਜਟ ਵਿਧਾਨ ਸਭਾ ਦਾ ਸਾਹਮਣੇ ਸਰਕਾਰ ਵਲੋਂ ਪੇਸ਼ ਕੀਤਾ ਜਾਂਦਾ ਹੈ। ਇਸ ਬਜਟ ਰਾਹੀਂ ਵਿਧਾਨ ਸਭਾ ਸਰਕਾਰੀ ਖਜਾਨੇ ਵਿੱਚੋਂ ਧਨ ਕਢਾਉਣ ਅਤੇ ਉਸ ਦੇ ਵਿੱਚ ਧਨ ਪਾਉਣ ਦੀ ਪ੍ਰਵਾਨਗੀ ਦਿੰਦੀ ਹੈ। ਕਰ ਲਗਾਉਣ, ਘਟਾਉਣ ਜਾਂ ਸਮਾਪਤ ਕਰਨ ਦੀ ਸ਼ਕਤੀ ਵਿਧਾਨ ਸਭਾ ਪਾਸ ਹੁੰਦੀ ਹੈ। ਵਿਧਾਨ ਸਭਾ ਦੁਆਰਾ ਪਾਸ ਕੀਤੇ ਬਜਟ ਨੂੰ ਵਿਧਾਨ ਪਰਿਸ਼ਦ ਵੱਲੋਂ 14 ਦਿਨਾਂ ਅੰਦਰ ਵਾਪਸ ਭੇਜਣਾ ਹੁੰਦਾ ਹੈ।

3. **ਕਾਰਜਪਾਲਿਕਾ ਤੇ ਕੰਟਰੋਲ (Control over executive):-** ਸੰਵਿਧਾਨ ਅਨੁਸਾਰ ਰਾਜ ਦੀ ਮੰਤਰੀ ਪਰਿਸ਼ਦ ਆਪਣੇਂ ਕੰਮਾਂ ਕਾਜਾਂ ਅਤੇ ਨੀਤੀਆਂ ਲਈ ਵਿਧਾਨ ਸਭਾ ਦੇ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਜ਼ਿੰਮੇਵਾਰੀ ਦਾ ਭਾਵ ਹੈ ਕਿ ਵਿਧਾਨ ਸਭਾ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਮੰਤਰੀ ਪਰਿਸ਼ਦ ਨੂੰ ਅਹੁਦੇ ਤੋਂ ਹਟਾ ਸਕਦੀ ਹੈ। ਮੰਤਰੀਆਂ ਤੋਂ ਪ੍ਰਸ਼ਨ ਪੁੱਛ ਕੇ, ਸਥਗਨ ਅਤੇ ਧਿਆਨ ਦਿਵਾਉ ਮਤੇ ਅਤੇ ਨਿੰਦਾ ਪ੍ਰਸਤਾਵ ਦੁਆਰਾ ਵਿਧਾਨ ਸਭਾ ਕਾਰਜਪਾਲਿਕਾ ਤੇ ਨਿਯੰਤ੍ਰਣ ਰਖਦੀ ਹੈ।

4. **ਮਿਲੇਜੁਲੇ ਕੰਮ (Miscellaneous):-** ਸੰਵਿਧਾਨ ਵਿੱਚ ਕੀਤੀਆਂ ਜਾਣ ਵਾਲੀਆਂ ਕੁਝ ਸੋਧਾਂ ਅਜਿਹਿਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਾਸ ਕਰਨ ਲਈ ਭਾਰਤ ਦੇ ਰਾਜਾਂ ਦੀਆਂ ਘੱਟੋ-ਘੱਟ ਅਧੇ ਰਾਜਾਂ ਦੀਆਂ ਵਿਧਾਨ-ਸਭਾਵਾਂ ਦੁਆਰਾ ਮਤਾ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਰਾਜ ਵਿਧਾਨ ਸਭਾ ਦੇ ਮੈਂਬਰ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਵਿੱਚ ਭਾਗ ਲੈਂਦੇ ਹਨ। ਵਿਧਾਨ ਸਭਾ ਆਪਣੇ ਸਪੀਕਰ ਅਤੇ ਡਿਪਟੀ ਸਪੀਕਰ ਦੀ ਚੋਣ ਕਰਦੀ ਹੈ। ਵਿਧਾਨ ਸਭਾ ਆਪਣੇ ਮੈਂਬਰਾਂ ਦੇ ਵਿਰੁੱਧ ਸਦਨ ਦੀ ਮਰਿਆਦਾ ਭੰਗ ਕਰਨ ਜਾਂ ਦਰਸ਼ਕਾਂ ਦੁਆਰਾ ਸਦਨ ਦਾ ਨਿਰਾਦਰ ਕਰਨ ਤੇ ਅਨੁਸ਼ਾਸਨੀ ਕਾਰਵਾਈ ਕਰ ਸਕਦੀ ਹੈ।

**ਦੋਹਾਂ ਸਦਨਾਂ ਦੇ ਆਪਸੀ ਸੰਬੰਧ:-** ਸੰਸਦ ਦੇ ਦੋਹਾਂ ਸਦਨਾਂ ਦੀ ਤਰ੍ਹਾਂ ਰਾਜ ਵਿਧਾਨਪਾਲਿਕਾ ਦੇ ਵੀ ਦੋਵੇਂ ਸਦਨਾਂ ਦੀਆਂ ਸ਼ਕਤੀਆਂ ਵੀ ਬਰਾਬਰ ਨਹੀਂ ਹਨ। ਵਿੱਤੀ ਬਿਲ ਕੇਵਲ ਵਿਧਾਨ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹੈ। ਵਿਧਾਨਸਭਾ ਦੁਆਰਾ ਪਾਸ, ਵਿੱਤੀ ਬਿੱਲ ਕੇਵਲ ਉਸ ਦੀਆਂ ਸਿਫ਼ਾਰਸ਼ਾਂ ਲਈ ਹੀ ਭੇਜਿਆ ਜਾਂਦਾ ਹੈ। ਇਨ੍ਹਾਂ ਸ਼ਿਫ਼ਾਰਿਸ਼ਾਂ ਨੂੰ ਵਿਧਾਨ ਸਭਾ ਪ੍ਰਵਾਨ ਜਾਂ ਅਪ੍ਰਵਾਨ

ਕਰ ਸਕਦੀ ਹੈ। ਉਸਦੀਆਂ ਸਿਫ਼ਾਰਿਸ਼ਾਂ ਸਹਿਤ 14 ਦਿਨਾਂ ਅੰਦਰ ਹੀ ਵਿਧਾਨ ਸਭਾ ਕੋਲ ਭੇਜੀਆਂ ਜਾਂਦੀਆਂ ਹਨ। ਜੇਕਰ ਇਹ ਸਮਾਂ ਨਿਕਲ ਜਾਂਦਾ ਹੈ ਤਾਂ ਵਿੱਤ ਬਿੱਲ ਵਿਧਾਨ ਪਰਿਸ਼ਦ ਵੱਲੋਂ ਪਾਸ ਸਮਝਿਆ ਜਾਂਦਾ ਹੈ ਅਤੇ ਗਵਰਨਰ ਦੀ ਮੰਨਜ਼ੂਰੀ ਪਿੱਛੋਂ ਵਿੱਤ ਬਿੱਲ ਕਨੂੰਨ ਦਾ ਰੂਪ ਧਾਰਨ ਕਰ ਲੈਂਦਾ ਹੈ।

ਸਧਾਰਨ ਬਿੱਲ ਰਾਜ ਵਿਧਾਨ ਪਾਲਿਕਾ ਦੇ ਕਿਸੇ ਵੀ ਸਦਨ ਵਿੱਚ ਪੇਸ਼ ਹੋ ਸਕਦਾ ਹੈ। ਵਿਧਾਨ ਸਭਾ ਦੁਆਰਾ ਪਾਸ ਹੋਣ ਤੋਂ ਬਾਅਦ ਬਿੱਲ ਵਿਧਾਨ ਪਰਿਸ਼ਦ ਕੋਲ ਭੇਜਿਆ ਜਾਂਦਾ ਹੈ। (1) ਜੇਕਰ ਵਿਧਾਨ ਪਰਿਸ਼ਦ ਬਿੱਲ ਨੂੰ ਰੱਦ ਕਰ ਦੇਵੇ ਜਾਂ (2) ਉਸ ਵਿੱਚ ਪਰਿਵਰਤਨ ਕਰ ਦੇਵੇ ਤੇ ਇਸ ਨੂੰ ਪਾਸ ਕਰਕੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਵਿਧਾਨ ਸਭਾ ਕੋਲ ਵਾਪਸ ਨਾ ਭੇਜੇ ਤਾਂ ਹੇਠਲਾ ਸਦਨ ਉਸ ਬਿੱਲ ਨੂੰ ਦੁਬਾਰਾ ਪਾਸ ਕਰਕੇ ਰਾਜਪਾਲ ਦੇ ਦਸਤਖਤ ਲਈ ਭੇਜ ਸਕਦਾ ਹੈ। ਵਿਧਾਨ ਪਾਲਿਕਾ ਦੁਆਰਾ ਪਾਸ ਕੀਤੇ ਬਿੱਲ ਨੂੰ ਰਾਜਪਾਲ ਰਾਸ਼ਟਰਪਤੀ ਦੀ ਸਲਾਹ ਲਈ ਭੇਜ ਸਕਦਾ ਹੈ। ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਅਜਿਹਾ ਬਿੱਲ ਕਨੂੰਨ ਬਣਦਾ ਹੈ।

ਸੰਵਿਧਾਨ ਅਨੁਸਾਰ ਰਾਜ ਦੀ ਮੰਤਰੀ ਪਰਿਸ਼ਦ, ਵਿਧਾਨ ਸਭਾ ਸਾਹਮਣੇ ਜ਼ਿੰਮੇਵਾਰ ਹੈ। ਵਿਵਹਾਰ ਵਿੱਚ ਮੰਤਰੀ ਪਰਿਸ਼ਦ ਉਦੋਂ ਤਕ ਆਪਣੀ ਪਦਵੀ ਤੇ ਰਹਿੰਦੀ ਹੈ ਜਦੋਂ ਤਕ ਉਸ ਨੂੰ ਵਿਧਾਨ ਸਭਾ ਵਿੱਚ ਬਹੁਮੱਤ ਦਾ ਸਮਰਥਨ ਪ੍ਰਾਪਤ ਹੈ। ਵਿਧਾਨ ਸਭਾ, ਅਵਿਸ਼ਵਾਸ ਦਾ ਮਤਾ ਪਾਸ ਕਰਕੇ ਵੀ ਮੰਤਰੀ ਪਰਿਸ਼ਦ ਨੂੰ ਹਟਾ ਸਕਦੀ ਹੈ। ਵਿਧਾਨ ਪਰਿਸ਼ਦ ਨੂੰ ਕੇਵਲ ਮੰਤਰੀ ਪਰਿਸ਼ਦ ਦੀਆਂ ਨੀਤੀਆਂ ਤੇ ਕਾਰਜਾਂ ਦੀ ਆਲੋਚਨਾ ਕਰਨ ਦਾ ਅਧਿਕਾਰ ਹੈ।

## ਰਾਜ ਦੀ ਕਾਰਜਪਾਲਿਕਾ

## (State- Executive)

ਰਾਜਾਂ ਦੀ ਕਾਰਜਪਾਲਿਕਾ ਕੇਂਦਰੀ ਕਾਰਜਪਾਲਿਕਾ ਨਾਲ ਮਿਲਦੀ ਜੁਲਦੀ ਹੈ। ਕੇਂਦਰ ਦੀ ਕਾਰਜਪਾਲਿਕਾ ਵਾਂਗ ਇਹ ਵੀ ਸੰਸਦੀ ਪ੍ਰਣਾਲੀ ਦੇ ਸਿਧਾਂਤਾਂ ਅਤੇ ਅਧਾਰਿਤ ਹੈ। ਰਾਜ ਵਿੱਚ ਵੀ ਕੇਂਦਰ ਵਾਂਗ ਦੋ ਤਰ੍ਹਾਂ ਦੀ ਨਾਂ-ਮਾਤਰ ਅਤੇ ਅਸਲੀ ਕਾਰਜਪਾਲਿਕ ਹੁੰਦੀ ਹੈ। ਰਾਜਾ ਦੇ ਰਾਜਪਾਲ, ਨਾਂ-ਮਾਤਰ ਕਾਰਜਪਾਲਿ ਹਨ। ਮੁੱਖ ਮੰਤਰੀ ਸਹਿਤ ਮੰਤਰੀ ਪਰਿਸ਼ਦ ਰਾਜ ਦੀ ਅਸਲੀ ਕਾਰਜ ਪਾਲਿਕਾ ਹੈ। ਸੰਵਿਧਾਨ ਅਨੁਸਾਰ ਰਾਜਾਂ ਵਿੱਚ ਕਾਰਜਪਾਲਿਕਾ ਸ਼ਕਤੀਆਂ ਰਾਜਪਾਲ ਨੂੰ ਸੌਂਪੀਆਂ ਗਈਆਂ ਹਨ। ਰਾਜਪਾਲ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ। ਰਾਜ ਦੀ ਕਾਰਜਪਾਲਿਕਾ ਵਿੱਚ ਰਾਜਪਾਲ, ਮੁੱਖ ਮੰਤਰੀ ਪਰਿਸ਼ਦ ਸ਼ਾਮਿਲ ਹਨ।

### ਰਾਜਪਾਲ

### (Governor)

ਰਾਜ ਦਾ ਸੰਵਿਧਾਨਿਕ ਮੁਖੀ ਰਾਜਪਾਲ ਹੁੰਦਾ ਹੈ। ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਪੰਜ ਸਾਲਾਂ ਲਈ ਕੀਤੀ ਜਾਂਦੀ ਹੈ। ਰਾਸ਼ਟਰਪਤੀ ਪੰਜਾਂ ਸਾਲਾਂ ਤੋਂ ਪਹਿਲਾਂ ਵੀ ਰਾਜਪਾਲ ਨੂੰ ਪਦਵੀ ਤੋਂ ਹਟਾ ਸਕਦਾ ਹੈ ਅਤੇ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਵੀ ਉਸ ਨੂੰ ਔਹਦੇ 'ਤੇ ਰੱਖ ਸਕਦਾ ਹੈ। ਰਾਜਪਾਲ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਦੀ ਖੁਸ਼ੀ ਤਕ ਔਹਦੇ ਤੇ ਰਹਿੰਦਾ ਹੈ। ਰਾਸ਼ਤਰਪਤੀ ਇਕ ਵਿਅਕਤੀ ਨੂੰ ਇਕ ਤੋਂ ਵੱਧ ਰਾਜਾ ਦਾ ਰਾਜਪਾਲ ਨਿਯੁਕਤ ਕਰ ਸਕਦਾ ਹੈ।

ਵਰਤਮਾਨ ਸਮੇਂ ਵਿੱਚ ਰਾਜਪਾਲ ਦੀ ਤਨਖਾਹ ਤਿੰਨ ਲੱਖ ਪੰਜਾਹ ਹਜਾਰ ਰੁਪਏ ਮਹੀਨਾ ਹੈ। ਰਾਜਪਾਲ ਨੂੰ ਰਿਹਾਇਸ ਲਈ ਮੁਫ਼ਤ ਰਾਜ ਭਵਨ ਅਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਰਾਜਪਾਲ ਬਣਨ ਲਈ ਹੇਠ ਲਿਖੀਆਂ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ: ਭਾਰਤ ਦਾ ਨਾਗਰਿਕ ਹੋਵੇ, 35 ਸਾਲਾਂ ਦੀ ਉਮਰ ਤੋਂ ਵੱਧ ਦਾ ਹੋਵੇ ਅਤੇ ਕਿਸੇ ਲਾਹੇਵੰਦ ਔਹਦੇ ਤੇ ਕੰਮ ਨਾ ਕਰਦਾ ਹੋਵੇ।

**ਰਾਜਪਾਲ ਦੀਆਂ ਸ਼ਕਤੀਆਂ (Powers of the Governor)**

ਰਾਜਪਾਲ ਨੂੰ ਰਾਜ ਦਾ ਸੰਵਿਧਾਨਿਕ ਮੁੱਖੀਆ ਹੋਣ ਦੇ ਨਾਤੇ ਹੇਠ ਲਿਖੀਆਂ ਸ਼ਕਤੀਆਂ ਪ੍ਰਾਪਤ ਹਨ:

1. **ਕਾਰਜਕਾਰੀ ਸ਼ਕਤੀਆਂ (Executive Powers):-** ਰਾਜ ਦਾ ਮੁੱਖ ਕਾਰਜ ਸਾਧਕ ਹੋਣ ਦੇ ਨਾਤੇ ਰਾਜ ਦਾ ਪ੍ਰਬੰਧ ਉਸ ਦੇ ਨਾਂ 'ਤੇ ਚਲਾਇਆ ਜਾਂਦਾ ਹੈ। ਰਾਜ ਦੇ ਸ਼ਾਸਨ ਨੂੰ ਚਲਾਉਣ ਲਈ ਉਹ ਜ਼ਿੰਮੇਵਾਰ ਹੈ। ਰਾਜ ਵਿੱਚ ਸ਼ਾਂਤੀ ਤੇ ਵਿਵਸਥਾ ਬਣਾਈ ਰੱਖਣੀ ਉਸ ਦੀ ਮੁੱਖ ਜ਼ਿੰਮੇਵਾਰੀ ਹੈ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਸ ਨੂੰ ਸਲਾਹ ਤੇ ਸਹਾਇਤਾ ਦੇਣ ਲਈ ਮੁੱਖ-ਮੰਤਰੀ ਸਹਿਤ ਮੰਤਰੀ-ਪਰਿਸ਼ਦ ਹੁੰਦੀ ਹੈ। ਰਾਜਪਾਲ ਅਜਿਹੇ ਵਿਅਕਤੀ ਨੂੰ ਮੁੱਖ-ਮੰਤਰੀ ਨਿਯੁਕਤ ਕਰਦਾ ਹੈ ਜੋ ਵਿਧਾਨ ਸਭਾ ਵਿੱਚ ਬਹੁਮੱਤ ਦਲ ਦਾ ਨੇਤਾ ਹੁੰਦਾ ਹੈ ਜਾਂ ਜਿਸ ਨੂੰ ਵਿਧਾਨ ਸਭਾ ਦਾ ਬਹੁਮੱਤ ਪ੍ਰਾਪਤ ਹੁੰਦਾ ਹੈ। ਵਿੱਰਲੀ ਸਥਿਤੀ ਵਿੱਚ ਹੀ ਰਾਜਪਾਲ ਨੂੰ ਆਪਣੀ ਵਿਵੇਕਸ਼ੀਲ (Discretionary) ਸ਼ਕਤੀ ਰਾਹੀਂ ਮੁੱਖ ਮੰਤਰੀ ਨਿਯੁਕਤ ਕਰਨ ਦਾ ਮੌਕਾ ਮਿਲਦਾ ਹੈ। ਮੁੱਖ ਮੰਤਰੀ ਦੀ ਸਲਾਹ ਤੇ ਰਾਜਪਾਲ ਬਾਕੀ ਦੇ ਮੰਤਰੀ ਨਿਯੁਕਤ ਕਰਦਾ ਹੈ। ਰਾਜਪਾਲ ਰਾਜ ਵਿੱਚ ਐਡਵੋਕੇਟ ਜਨਰਲ, ਲੋਕ ਸੇਵਾ ਆਯੋਗ ਦੇ ਚੇਅਰਮੈਨ ਤੇ ਮੈਂਬਰਾਂ, ਰਾਜ ਦੀਆਂ ਕਾਰਪੋਰੇਸ਼ਨਾ ਤੇ ਬੋਰਡਾਂ ਦੇ ਚੇਅਰਮੈਨਾਂ ਅਤੇ ਮੈਂਬਰਾਂ ਆਦਿ ਦੀ ਨਿਯੁਕਤੀ ਮੰਤਰੀ-ਪਰਿਸ਼ਦ ਦੀ ਸਲਾਹ ਨਾਲ ਕਰਦਾ ਹੈ। ਰਾਸ਼ਟਰਪਤੀ ਰਾਜ ਦੀ ਹਾਈਕੋਰਟ ਵਿੱਚ ਜੱਜ ਨਿਯੁਕਤ ਕਰਨ ਸਮੇਂ ਰਾਜਪਾਲ ਦੀ ਸਲਾਹ ਲੈਂਦੇ ਹਨ।

2. **ਵਿਧਾਨਿਕ ਸ਼ਕਤੀਆਂ (Legistative powers):-** ਰਾਜਪਾਲ ਰਾਜ ਦੀ ਵਿਧਾਨਪਾਲਿਕਾ ਦਾ ਇੱਕ ਅੰਗ ਹੁੰਦਾ ਹੈ। ਉਸ ਨੂੰ ਕਈ ਪ੍ਰਕਾਰ ਦੀਆਂ ਵਿਧਾਨਕ ਸ਼ਕਤੀਆਂ ਪ੍ਰਾਪਤ ਹਨ। ਰਾਜ ਦੀ ਵਿਧਾਨਪਾਲਿਕਾ ਦੇ ਅਧਿਵੇਸ਼ਨ ਬੁਲਾਉਂਦਾ ਅਤੇ ਸਮਾਪਤ ਕਰਦਾ ਹੈ। ਅਧਿਵੇਸ਼ਨ ਦੇ ਸਮੇਂ ਵਿੱਚ ਵਾਧਾ ਕਰ ਸਕਦਾ ਹੈ। ਹਰ ਸਾਲ ਰਾਜਪਾਲ ਵਿਧਾਨ ਮੰਡਲ ਗੇ ਅਧਿਵੇਸ਼ਨ ਦੇ ਅਰੰਭ ਵਿੱਚ ਉਦਘਾਟਨੀ ਭਾਸ਼ਨ ਦਿੰਦਾ ਹੈ। ਇਸ ਭਾਸ਼ਨ ਵਿੱਚ ਸਰਕਾਰ ਦੇ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਕੰਮਾਂ, ਲਾਗੂ ਕੀਤੀਆਂ ਜਾਣ ਵਾਲੀਆਂ ਨੀਤੀਆਂ ਅਤੇ ਕਾਰਜ ਕ੍ਰਮਾਂ ਦਾ ਵੇਰਵਾ ਹੁੰਦਾ ਹੈ। ਰਾਜਪਾਲ ਵਿਧਾਨਪਾਲਿਕਾ ਦੇ ਵਿਚਾਰ ਅਧੀਨ ਮਾਮਲੇ ਸੰਬੰਧੀ ਜਾਂ ਕਿਸੇ ਹੋਰ ਵਿਸ਼ੇ ਨਾਲ ਸੰਬੰਧਿਤ ਸੰਦੇਸ਼ ਭੇਜ ਸਕਦਾ ਹੈ। ਵਿਧਾਨ ਪਰਿਸ਼ਦ ਵਿੱਚ 1/6 ਮੈਂਬਰ ਨਾਮਜ਼ੱਦ ਕਰਦਾ ਹੈ। ਵਿਦਾਨ ਪਾਲਿਕਾ ਦੁਆਰਾ ਪਾਸ ਹਰੇਕ ਬਿੱਲ ਨੂੰ ਰਾਜਪਾਲ ਦੀ ਪ੍ਰਵਾਨਗੀ ਪ੍ਰਾਪਤ ਕਰਨੀ ਜ਼ਰੂਰੀ ਹੁੰਦੀ ਹੈ। ਰਾਜਪਾਲ ਬਿੱਲ 'ਤੇ ਦੁਬਾਰਾ ਵਿਚਾਰ ਕਰਨ ਲਈ ਵਿਧਾਨਪਾਲਿਕਾ ਨੂੰ ਵਾਪਸ ਭੇਜ ਸਕਦਾ ਹੈ। ਪਰ ਜੇਕਰ ਬਿੱਲ ਦੁਬਾਰਾ ਪਾਸ ਹੋ ਕੇ ਆ ਜਾਵੇ ਤਾਂ ਉਸ ਨੂੰ ਇਸ ਤੇ ਹਸਤਾਖਰ ਕਰਨੇ ਪੈਂਦੇ ਹਨ। ਉਹ ਕੁਝ ਬਿੱਲ ਰਾਸ਼ਟਰਪਤੀ ਦੀ ਸਲਾਹ ਲਈ ਵੀ ਭੇਜ ਸਕਦਾ ਹੈ। ਅਜਿਹੇ ਬਿਲ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਪਾਸ ਸਮਝੇ ਜਾਂਦੇ ਹਨ। ਜਦੋਂ ਵਿਧਾਨਪਾਲਿਕਾ ਦਾ ਅਧਿਵੰਸ਼ਨ ਨਾ ਹੋ ਰਿਹਾ ਹੋਵੇ ਤਾ ਰਾਜਪਾਲ ਲੋੜ ਪੈਣ

ਤੇ ਅਧਿਆਦੇਸ਼ ਵੀ ਜ਼ਾਰੀ ਕਰ ਸਕਦਾ ਹੈ। ਇਹ ਅਧਿਆਦੇਸ਼ (Ordinance) ਵਿਧਾਨ ਪਾਲਿਕਾ ਦੁਆਰਾ ਬਣਾਏ ਕਨੂੰਨ ਦੇ ਸਮਾਨ ਹੀ ਲਾਗੂ ਹੁੰਦਾ ਹੈ। ਵਿਧਾਨਪਲਿਕਾ ਦੇ ਅਧਿਵੇਸ਼ਨ ਦੇ ਸ਼ੁਰੂ ਹੋਣ ਦੇ ਛੇ ਹਫਤਿਆਂ ਵਿੱਚ ਹੀ ਅਜਿਹੇ ਅਧਿਆਦੇਸ਼ ਦੀ ਪ੍ਰਵਾਨਗੀ ਹੁੰਦੀ ਹੈ ਤਾਂ ਅਧਿਆਦੇਸ਼ ਸਮਾਪਤ ਹੋ ਜਾਂਦਾ ਹੈ। ਰਾਜਪਾਲ ਵਿਧਾਨ ਸਭਾ ਨੂੰ ਇਸ ਦੇ ਕਾਰਜਕਾਲ ਸਮਾਪਤ ਹੋਣ ਤੋਂ ਪਹਿਲਾਂ ਵੀ ਭੰਗ ਕਰ ਸਕਦਾ ਹੈ।

3. **ਵਿੱਤੀ ਤੇ ਨਿਆਂਇਕ ਸ਼ਕਤੀਆਂ (Financial and Judicial powers):-** ਰਾਜਪਾਲ ਦੀ ਅਗੇਤਰੀ ਪ੍ਰਵਾਨਗੀ ਨਾਲ ਵਿਧਾਨ ਸਭਾ ਵਿੱਚ ਬਿੱਲ ਪੇਸ਼ ਕੀਤਾ ਜਾਂਦਾ ਹੈ। ਹਰੇਕ ਸਾਲ ਰਾਜਪਾਲ ਰਾਜ ਦਾ ਬਜਟ ਵਿਧਾਨ ਸਭਾ ਵਿੱਚ ਪੇਸ਼ ਕਰਾਉਂਦਾ ਹੈ। ਰਾਜਪਾਲ ਨੂੰ ਧਨ ਬਿੱਲ ਪਾਸ ਹੋਣ ਉਪਰੰਤ ਪ੍ਰਵਾਨਗੀ ਦੇਣੀ ਪੈਂਦੀ ਹੈ। ਇਸ ਦਾ ਰਾਜ ਦੇ ਅਚਨਚੇਤ ਫੰਡ ਉੱਤੇ ਨਿਯੰਤ੍ਰਣ ਹੁੰਦਾ ਹੈ। ਇਸ ਫੰਡ ਵਿੱਚੋਂ ਆਪਣੀ ਇੱਛਾ ਅਨੁਸਾਰ ਧਨ ਖਰਚ ਕਰ ਸਕਦਾ ਹੈ।

ਸ਼ੈਸਨ ਜੱਜ ਅਤੇ ਅਧੀਨ ਜੱਜਾਂ ਦੀ ਨਿਯੁਕਤੀ ਤਰੱਕੀ ਅਤੇ ਬਦਲੀ ਰਾਜਪਾਲ ਦੇ ਹੱਥਾਂ ਵਿੱਚ ਹੁੰਦੀ ਹੈ। ਰਾਜਪਾਲ ਰਾਜ ਦੇ ਕਨੂੰਨ ਤੋੜਨ ਵਾਲਿਆਂ ਦੀ ਸਜਾ ਨੂੰ ਘਟਾ ਜਾਂ ਪੂਰਨ ਮੁਆਫ਼ ਕਰ ਸਕਦਾ ਹੈ। ਉਹ ਰਾਜਨੀਤਿਕ ਕੈਦੀਆਂ ਨੂੰ ਅਜਾਦ ਕਰ ਸਕਦਾ ਹੈ।

4. **ਵਿਵੇਕਸ਼ੀਲ (ਇਛੁੱਕ) ਸ਼ਕਤੀਆਂ (Discretionary powers):-** ਰਾਜਪਾਲ ਨੂੰ ਕੁਝ ਮਹੱਤਵਪੂਰਨ ਵਿਵੇਕਸ਼ੀਲ ਸ਼ਕਤੀਆਂ ਪ੍ਰਾਪਤ ਹਨ। ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਰਾਜਪਾਲ ਆਪਣੀ ਇੱਛਾ ਅਨੁਸਾਰ ਕਰਦਾ ਹੈ। ਰਾਜਪਾਲ ਹੇਠ ਲਿਖੇ ਮਾਮਲਿਆਂ ਵਿੱਚ ਵਿਵੇਕਸ਼ੀਲ ਸ਼ਕਤੀਆਂ ਦੀ ਵਰਤੋਂ ਕਰਦਾ ਹੈ:

(ੳ) ਮੁੱਖ ਮੰਤਰੀ ਜੀ ਨਿਯੁਕਤੀ ਸਮੇਂ ਜਦੋਂ ਵਿਧਾਨ ਸਭਾ ਵਿੱਚ ਕਿਸੇ ਵੀ ਦਲ ਨੂੰ ਬਹੁਮਤ ਪ੍ਰਾਪਤ ਨਹੀਂ ਹੁੰਦਾ।

(ਅ) ਇਹ ਫੈਸਲਾ ਕਰਨ ਸਮੇਂ ਕਿ ਰਾਜ ਸਰਕਾਰ ਸੰਵਿਧਾਨ ਅਨੁਸਾਰ ਚਲ ਰਹੀ ਹੈ ਜਾਂ ਨਹੀਂ।

(ੲ) ਕੇਂਦਰੀ ਸਰਕਾਰ ਦੀਆਂ ਅੱਖਾਂ, ਕੰਨ, ਮੂੰਹ, ਅਤੇ ਬਾਹਾਂ ਦੇ ਰੂਪ ਵਿੱਚ ਕੰਮ ਕਰਨ ਸਮੇਂ।

(ਸ) ਵੱਖ-ਵੱਖ ਵਿਭਾਗਾਂ ਬਾਰੇ ਜਾਣਕਾਰੀ ਲੈਣ ਸਮੇਂ।

ਰਾਜਪਾਲ ਦੇ ਸੰਬੰਧ ਮੰਤਰੀ ਪਰਿਸ਼ਦ ਨਾਲ ਉਸ ਤਰ੍ਹਾਂ ਹੀ ਹਨ ਜਿਵੇਂ ਰਾਸ਼ਟਰਪਤੀ ਦੇ ਆਪਣੀ ਕੇਂਦਰੀ ਮੰਤਰੀ ਪਰਿਸ਼ਦ ਨਾਲ ਹਨ ਪਰ ਦੋਹਾਂ ਵਿੱਚ ਇੱਕ ਮੌਲਿਕ ਭੇਦ ਹੈ। ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ ਪਰ ਰਾਜਪਾਲ ਲਈ ਕੁਝ ਪ੍ਰਸਥਿਤਿਆਂ ਵਿੱਚ ਅਜਿਹਾ ਕਰਨਾ ਜ਼ਰੂਰੀ ਨਹੀਂ। ਰਾਜਪਾਲ ਆਪਣੀਆਂ ਵਿਵੇਕਸ਼ੀਲ ਸ਼ਕਤੀਆਂ ਦੀ ਵਰਤੋਂ ਆਪਣੀ ਇੱਛਾ ਅਨੁਸਾਰ ਕਰ ਸਕਦਾ ਹੈ। ਰਾਸ਼ਟਰਪਤੀ ਪਾਸ ਅਜਿਹੀਆਂ ਵਿਵੇਕਸ਼ੀਲ ਸ਼ਕਤੀਆਂ ਨਹੀਂ ਹਨ।

**ਰਾਸ਼ਟਰਪਤੀ ਸ਼ਾਸਨ**:- ਸੰਵਿਧਾਨ ਅਨੁਸਾਰ ਜੇਕਰ ਰਾਜਪਾਲ ਰਾਸ਼ਟਰਪਤੀ ਨੂੰ ਇਹ ਰਿਪੋਰਟ ਕਰੇ ਜਾਂ ਰਾਸ਼ਟਰਪਤੀ ਨੂੰ ਕਿਸੇ ਹੋਰ ਭਰੋਸੇ ਯੋਗ ਵਸੀਲੇ ਤੋਂ ਸੂਚਨਾ ਮਿਲੇ ਕਿ ਰਾਜ ਸਰਕਾਰ ਸੰਵਿਧਾਨਿਕ ਨਿਯਮਾਂ ਦੇ ਅਨੁਸਾਰ ਨਹੀਂ ਚਲ ਰਹੀ ਤਾਂ ਉਹ ਰਾਸ਼ਟਰਪਤੀ ਸ਼ਾਸਨ ਦੀ ਘੋਸ਼ਣਾ ਕਰ ਸਕਦਾ ਹੈ। ਅਜਿਹੀ ਘੋਸ਼ਣਾ ਉਪਰੰਤ ਰਾਸ਼ਟਰਪਤੀ, ਰਾਜ ਦੀ ਮੰਤਰੀ ਪ੍ਰੀਸ਼ਦ ਨੂੰ ਤੋੜ ਦਿੰਦਾ ਹੈ ਅਤੇ ਵਿਧਾਨ **ਸਭਾ** ਨੂੰ ਭੰਗ ਕਰ ਸਕਦਾ ਹੈ ਜਾਂ ਸਥਗਿਤ ਕਰ ਸਕਦਾ ਹੈ। ਰਾਸ਼ਟਰਪਤੀ ਸ਼ਾਸਨ ਦੇ ਦੌਰਾਨ ਰਾਜਪਾਲ ਰਾਜ ਦਾ ਅਸਲੀ ਕਾਰਜਸਾਧਕ ਹੋ ਜਾਂਦਾ ਹੈ, ਭਾਵੇਂ ਉਹ ਕੇਂਦਰੀ ਸਰਕਾਰ ਦੇ ਏਜੰਟ ਦੇ

ਰੂਪ ਵਿੱਚ ਕੰਮ ਕਰਦਾ ਹੈ। ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋਣ ਦੌਰਾਨ ਰਾਜ ਦੀਆਂ ਸਾਰੀਆਂ ਕਾਰਜਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਨੂੰ ਪ੍ਰਾਪਤ ਹੁੰਦੀਆਂ ਹਨ ਅਤੇ ਵਿਧਾਨਿਕ ਸ਼ਕਤੀਆਂ ਸੰਸਦ ਨੂੰ ਮਿਲ ਜਾਂਦੀਆਂ ਹਨ।

ਸੰਵਿਧਾਨ ਅਨੁਸਾਰ ਰਾਸ਼ਟਰਪਤੀ ਵੱਲੋਂ ਕੀਤੀ ਗਈ ਸੰਕਟਕਾਲੀਨ ਘੋਸ਼ਣਾ ਸੰਸਦ ਵੱਲੋਂ ਇਕ ਮਹੀਨੇ ਅੰਦਰ ਪ੍ਰਵਾਨ ਕੀਤੀ ਜਾਣੀ ਚਾਹੀਦੀ ਹੈ। ਸਧਾਰਨ ਤੌਰ 'ਤੇ ਇਹ ਆਪਤੀਕਾਲ ਛੇ ਮਹੀਨਿਆਂ ਲਈ ਹੁੰਦਾ ਹੈ, ਪਰ ਸੰਸਦ ਇਸ ਨੂੰ ਅਗਲੇ ਛੇ ਮਹੀਨਿਆਂ ਲਈ ਵਧਾ ਸਕਦੀ ਹੈ। ਜੇਕਰ ਸੰਕਟਕਾਲ ਨੂੰ ਇਕ ਸਾਲ ਤੋਂ ਵੱਧ ਲਈ ਵਧਾਉਣਾ ਜ਼ਰੂਰੀ ਹੋ ਜਾਏ ਤਾਂ ਸੰਵਿਧਾਨ ਵਿੱਚ ਸੋਧ ਕਰਕੇ ਹੀ ਅਜਿਹਾ ਕੀਤਾ ਜਾ ਸਕਦਾ ਹੈ।

## ਰਾਜ ਦਾ ਮੁੱਖ-ਮੰਤਰੀ
## (Chief Minister)

ਸੰਵਿਧਾਨ ਅਨੁਸਾਰ ਰਾਜਪਾਲ ਨੂੰ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਣ ਲਈ, ਉਸ ਦੀ ਸਹਾਇਤਾ ਤੇ ਸਲਾਹ ਲਈ ਮੁੱਖ-ਮੰਤਰੀ ਸਹਿਤ ਮੰਤਰੀ ਪਰਿਸ਼ਦ ਦਾ ਪ੍ਰੱਬਧ ਕੀਤਾ ਗਿਆ ਹੈ। ਸਧਾਰਨ ਚੋਣਾਂ ਤੋਂ ਬਾਅਦ ਰਾਜਪਾਲ ਵਿਧਾਨ ਸਭਾ ਵਿੱਚ ਬਹੁਮੱਤ ਦਲ ਦੇ ਨੇਤਾ ਨੂੰ ਜਾਂ ਅਜਿਹੇ ਨੇਤਾ ਨੂੰ ਜਿਸਨੂੰ ਵਿਧਾਨ ਸਭਾ ਵਿੱਚ ਬਹੁਮੱਤ ਪ੍ਰਾਪਤ ਹੋਵੇ, ਸਰਕਾਰ ਬਣਾਉਣ ਦਾ ਸਦਾ ਪੱਤਰ ਦਿੰਦਾ ਹੈ। ਅਜਿਹੇ ਵਿਅਕਤੀ ਨੂੰ ਰਾਜਪਾਲ ਵੱਲੋਂ ਮੁੱਖ-ਮੰਤਰੀ ਨਿਯੁੱਕਤ ਕੀਤਾ ਜਾਂਦਾ ਹੈ। ਮੁੱਖ-ਮੰਤਰੀ ਦੀ ਸਿਫ਼ਾਰਿਸ਼ ਤੇ ਰਾਜਪਾਲ ਬਾਕੀ ਦੇ ਮੰਤਰੀਆਂ ਦੀ ਨਿਯੁੱਕਤੀ ਕਰਦਾ ਹੈ। ਸਧਾਰਨ ਤੌਰ ਤੇ ਰਾਜਪਾਲ ਮੁੱਖ-ਮੰਤਰੀ ਸਹਿਤ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਹੀ ਸਰਕਾਰੀ ਕੰਮ ਕਾਜ ਕਰਦਾ ਹੈ। ਮੁੱਖ ਮੰਤਰੀ ਅਤੇ ਮੰਤਰੀ ਪਰਿਸ਼ਦ ਆਪਣੇ ਕਾਰਜਾਂ ਅਤੇ ਨੀਤੀਆਂ ਲਈ ਵਿਧਾਨ ਸਭਾ ਸਾਹਮਣੇ ਜਿੰਮੇਵਾਰ ਹੁੰਦੀ ਹੈ। ਇਹ ਉਦੋਂ ਤੱਕ ਔਹਦੇ ਤੇ ਰਹਿੰਦੇ ਹਨ ਜਦੋਂ ਤੱਕ ਇਨ੍ਹਾਂ ਨੂੰ ਵਿਧਾਨ ਸਭਾ ਦਾ ਵਿਸ਼ਵਾਸ ਪ੍ਰਾਪਤ ਹੁੰਦਾ ਹੈ। ਵਿਧਾਨ ਸਭਾ ਮੰਤਰੀ ਪਰਿਸ਼ਦ ਵਿਰੁੱਧ ਅਵਿਸ਼ਵਾਸ ਦਾ ਮੱਤਾ ਪਾਸ ਕਰਕੇ ਇਸ ਨੂੰ ਪਦਵੀ ਤੋਂ ਹਟਾ ਸਕਦੀ ਹੈ।

**ਮੰਤਰੀ ਪਰਿਸ਼ਦ ਦਾ ਧੁਰਾ**:- ਰਾਜ ਦੇ ਸ਼ਾਸਨ ਪ੍ਰਬੰਧ ਦਾ ਅਸਲੀ ਕਰਤਾ ਧਰਤਾ ਮੁੱਖ-ਮੰਤਰੀ ਹੀ ਹੁੰਦਾ ਹੈ। ਮੁੱਥ-ਮੰਤਰੀ ਆਪਣੀ ਪਾਰਟੀ ਦਾ ਸਰਵ-ਸ੍ਰੇਸ਼ਟ ਨੇਤਾ, ਵਿਧਾਨ ਸਭਾ ਅਤੇ ਸਰਕਾਰ ਦੀ ਅਗਵਾਈ ਕਰਨ ਵਾਲਾ ਅਤੇ ਰਾਜ ਦਾ ਸਿਰਕੱਢ ਨੇਤਾ ਹੁੰਦਾ ਹੈ। ਮੁੱਖ ਮੰਤਰੀ ਪਰਿਸ਼ਦ ਵਿੱਚ ਸੂਰਜ ਵਾਂਗ ਹੁੰਦਾ ਹੈ ਜਿਸ ਦੇ ਆਲ਼ੇ-ਦੁਆਲ਼ੇ ਮੰਤਰੀ ਚੱਕਰ ਲਗਾਉਂਦੇ ਹਨ। ਮੰਤਰੀਆਂ ਦੀ ਨਿਯੁੱਕਤੀ ਅਤੇ ਉਨ੍ਹਾਂ ਵਿੱਚ ਵਿਭਾਗਾਂ ਦੀ ਵੰਡ ਰਾਜਪਾਲ, ਮੁੱਖ-ਮੰਤਰੀ ਦੀ ਸਿਫ਼ਾਰਿਸ਼ ਅਨੁਸਾਰ ਹੀ ਕਰਦਾ ਹੈ। ਮੁੱਖ-ਮੰਤਰੀ ਹਾਲਾਤਾਂ ਅਤੇ ਜ਼ਰੂਰਤ ਅਨੁਸਾਰ ਮੰਤਰੀ ਪਰਿਸ਼ਦ ਦਾ ਪੁਨਰਗਠਨ ਕਰ ਸਕਦਾ ਹੈ। ਇਸ ਪ੍ਰਕਿਰਿਆ ਵਿੱਚ ਵਰਤਮਾਨ ਮੰਤਰੀਆਂ ਨੂੰ ਹਟਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਥਾਂ ਨਵੇਂ ਮੰਤਰੀ ਨਿਯੁੱਕਤ ਕੀਤੇ ਜਾ ਸਕਦੇ ਹਨ ਜਾ ਮੰਤੀਰਆਂ ਦੇ ਆਪਸੀ ਵਿਭਾਗਾਂ ਵਿੱਚ ਪੁਨਰ ਵੰਡ ਕੀਤੀ ਜਾ ਸਕਦੀ ਹੈ। ਮੁੱਖ-ਮੰਤਰੀ, ਮੰਤਰੀਆਂ ਵਿੱਚ ਤਾਲਮੇਲ ਤੇ ਸਹਿਯੋਗ ਦੀ ਭਾਵਨਾ ਪੈਦਾ ਕਰਦਾ ਹੈ। ਉਸ ਮੰਤਰੀ ਪਰਿਸ਼ਦ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਮੁੱਖ ਮੰਤਰੀ, ਰਾਜਪਾਲ ਅਤੇ ਮੰਤਰੀ ਪਰਿਸ਼ਦ ਵਿੱਚ ਇਕ ਕੱੜੀ ਦੀ ਭੂਮਿਕਾ ਨਿਭਾਉਂਦਾ ਹੈ। ਮੁੱਖ ਮੰਤਰੀ, ਰਾਜਪਾਲ ਦਾ ਮੁੱਖ ਸਲਾਹਕਾਰ ਹੁੰਦਾ ਹੈ ਅਤੇ ਰਾਜ ਦੇ ਸਮੁੱਚੇ ਸ਼ਾਸਨ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਰਾਜ ਸਰਕਾਰ ਅਧੀਨ ਉੱਚ ਨੌਕਰੀਆਂ ਦੀ ਨਿਯੁੱਕਤੀ ਰਾਜਪਾਲ ਮੁੱਖ ਮੰਤਰੀ ਦੀ ਸਲਾਹ ਨਾਲ ਕਰਦਾ ਹੈ। ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰਾਂ ਅਤੇ ਹੋਰ ਕਈ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਅਤੇ ਮੈਂਬਰਾਂ ਦੀ ਨਿਯੁੱਕਤੀ ਰਾਜਪਾਲ, ਮੁੱਖ ਮੰਤਰੀ ਦੀ ਸਿਫ਼ਾਰਿਸ ਤੇ ਕਰਦਾ ਹੈ। ਸੰਖੇਪ ਵਿੱਚ ਮੁੱਖ ਮੰਤਰੀ ਰਾਜ ਪ੍ਰਸ਼ਾਸਨ ਦਾ ਇਕ ਧੁਰਾ ਹੈ ਜਿਸ ਦੇ ਆਲ਼ੇ-ਦਆਲ਼ੇ ਰਾਜ ਦਾ ਸਾਰਾ ਪ੍ਰਸ਼ਾਸਨ ਘੁੰਮਦਾ ਹੈ।

## ਮੰਤਰੀ ਪਰਿਸ਼ਦ
## (Council of Ministers)

ਸੰਵਿਧਾਨ ਅਨੁਸਾਰ ਰਾਜਪਾਲ ਨੂੰ ਉਸਦੇ ਪ੍ਰਸ਼ਾਸਨਿਕ ਕਾਰਜਾਂ ਵਿੱਚ ਸਲਾਹ ਅਤੇ ਸਹਾਇਤਾ ਕਰਨ ਲਈ ਮੁੱਖ-ਮੰਤਰੀ ਸਹਿਤ, ਮੰਤਰੀ ਪਰਿਸ਼ਦ ਹੋਏਗੀ। ਮੰਤਰੀ ਪਰਿਸ਼ਦ ਅਤੇ ਮੁੱਖ-ਮੰਤਰੀ ਰਾਜ ਦੀ ਅਸਲੀ ਕਾਰਜਪਾਲਿਕਾ ਅਤੇ ਰਾਜਪਾਲ ਇਸ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ। ਰਾਜਪਾਲ ਆਪਣੀਆਂ ਵਿਵੇਕਸ਼ੀਲ ਸ਼ਕਤੀਆਂ ਨੂੰ ਛਡਕੇ ਬਾਕੀ ਸਾਰੇ ਪ੍ਰਸ਼ਾਸਨਿਕ ਕੰਮ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਹੀ ਕਰਦਾ ਹੈ। ਅਸਲ ਵਿੱਚ ਮੰਤਰੀ ਪਰਿਸ਼ਦ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਂਦੀ ਹੈ। ਮੁੱਖ-ਮੰਤਰੀ ਦੀ ਸਿਫ਼ਾਰਿਸ਼ 'ਤੇ ਹੀ ਰਾਜਪਾਲ ਤੇ ਮੰਤਰੀ ਪਰਿਸ਼ਦ ਹੀ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਂਦੀ ਹੈ। ਮੁੱਖ-ਮੰਤਰੀ ਦੀ ਸਿਫ਼ਾਰਿਸ਼ ਤੇ ਹੀ ਰਾਜਪਾਲ, ਮੰਤਰੀ ਪਰਿਸ਼ਦ ਦੇ ਮੈਂਬਰਾਂ ਦੀ ਨਿਯੁੱਕਤੀ ਕਰਦੇ ਹਨ ਜਾਂ ਉਨ੍ਹਾਂ ਨੂੰ ਔਹਦੇ ਤੋਂ ਹਟਾਉਂਦੇ ਹਨ।

ਮੰਤਰੀ ਪਰਿਸ਼ਦ ਦਾ ਕੋਈ ਨਿਸ਼ਚਿਤ ਕਾਰਜਕਾਲ ਨਹੀਂ ਹੁੰਦਾ। ਇਹ ਰਾਜਪਾਲ ਦੀ ਖ਼ੁਸ਼ੀ ਤੱਕ ਔਹਦੇ 'ਤੇ ਰਹਿੰਦੀ ਹੈ ਜਾਂ ਜਦੋਂ ਤੱਕ ਉਸ ਨੂੰ ਵਿਧਾਨ ਸਭਾ ਦਾ ਵਿਸ਼ਵਾਸ ਪ੍ਰਾਪਤ ਰਹਿੰਦਾ ਹੈ। ਮੰਤਰੀ ਪਰਿਸ਼ਦ ਦਾ ਆਕਾਰ ਨਿਸ਼ਚਿਤ ਨਹੀਂ ਹੁੰਦਾ। ਇਸ ਦਾ ਆਕਾਰ ਰਾਜਨੀਤਿਕ ਪ੍ਰਸਿਥਿਤੀਆਂ ਅਤੇ ਮੁੱਖ-ਮੰਤਰੀ ਦੀ ਇੱਛਾ ਤੇ ਨਿਰਭਰ ਕਰਦਾ ਹੈ। ਸਾਧਾਰਨ ਤੌਰ ਤੇ ਮੰਤਰੀ ਪਰਿਸ਼ਦ ਵਿੱਚ ਕੁਝ ਕੈਬਨਿਟ ਮੰਤਰੀ, ਰਾਜ ਮੰਤਰੀ, ਉਪ ਮੰਤਰੀ ਅਤੇ ਸੰਸਦੀ ਸਕੱਤਰ ਹੁੰਦੇ ਹਨ।

ਮੰਤਰੀ ਪਰਿਸ਼ਦ ਦਾ ਪ੍ਰਮੁੱਖ ਕਾਰਜ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਣਾ ਹੈ। ਰਾਜ ਦੇ ਪ੍ਰਸ਼ਾਸਨ ਨੂੰ ਚਲਾਉਣ ਅਤੇ ਰਾਜ ਦੇ ਵਿਕਾਸ ਲਈ ਮੰਤਰੀ ਪਰਿਸ਼ਦ ਨੀਤਿਆਂ ਦਾ ਨਿਰਮਾਣ ਕਰਦੀ ਹੈ। ਸਰਕਾਰ ਲਈ ਲੋੜੀਂਦੇ ਕਨੂੰਨ ਘੜਨ ਅਤੇ ਵਿਧਾਨਪਾਲਿਕ ਤੋਂ ਪਾਸ ਕਰਾਉਣ ਦਾ ਕੰਮ ਕਰਦੀ ਹੈ। ਵਿੱਤ ਮੰਤਰੀ ਤੋਂ ਬਜਟ ਤਿਆਰ ਕਰਵਾ ਕੇ ਵਿਧਾਨ ਸਭਾ ਵਿੱਚ ਪੇਸ਼ ਕਰਾਉਂਦੀ ਹੈ ਅਤੇ ਫਿਰ ਇਸ ਨੂੰ ਉਸ ਤੋਂ ਪਾਸ ਕਰਾਉਂਦੀ ਹੈ। ਰਾਜ ਦੀਆਂ ਸਾਰੀਆਂ ਉਚੇਰੀਆਂ ਨਿਯੁੱਕਤੀਆਂ ਰਾਜਪਾਲ ਇਸ ਦੀ ਸਿਫ਼ਾਰਿਸ਼ ਤੇ ਕਰਦਾ ਹੈ। ਸੰਖੇਪ ਵਿੱਚ ਮੰਤਰੀ ਪਰਿਸ਼ਦ ਰਾਜ ਦੇ ਸ਼ਾਸਨ ਪ੍ਰਬੰਧ ਦਾ ਇਕ ਧੁਰਾ ਹੁੰਦਾ ਹੈ। ਇਸ ਤਰ੍ਹਾਂ ਇਹ ਰਾਜ ਸਰਕਾਰ ਦਾ ਸਭ ਤੋਂ ਮਹੱਤਵਪੂਰਨ ਅੰਗ ਹੁੰਦੀ ਹੈ।

## ਮੰਤਰੀ-ਪਰਿਸ਼ਦ ਅਤੇ ਵਿਧਾਨਪਾਲਿਕਾ ਦੇ ਆਪਸੀ ਸੰਬੰਧ
## (Relationship betweenCoucil of Ministers and State Legislature)

ਸੰਸਦੀ ਸ਼ਾਸਨ ਪ੍ਰਨਾਲੀ ਅਧੀਨ ਵਿਧਾਨ ਪਾਲਿਕਾ ਅਤੇ ਮੰਤਰੀ ਪਰਿਸ਼ਦ ਵਿਚ ਗੂੜ੍ਹਾ ਸੰਬੰਧ ਹੁੰਦਾ ਹੈ। ਵਿਧਾਨ ਪਾਲਿਕਾ ਦੇ ਮੈਂਬਰ ਹੀ ਮੰਤਰੀ ਪਰਿਸ਼ਦ ਦੇ ਮੈਂਬਰ ਬਣ ਸਕਦੇ ਹਨ। ਜੇਕਰ ਕੋਈ ਮੰਤਰੀ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੁੰਦਾ ਤਾਂ ਉਸ ਨੂੰ ਛੇ ਮਹੀਨਿਆਂ ਅੰਦਰ-ਅੰਦਰ ਹੀ ਇਸ ਦਾ ਮੈਂਬਰ ਬਣਨਾ ਪੈਂਦਾ ਹੈ, ਨਹੀਂ ਤਾਂ ਉਹ ਮੰਤਰੀ ਪੱਦ ਤੇ ਨਹੀਂ ਰਹਿ ਸਕਦਾ। ਸੰਵਿਧਾਨ ਅਨੁਸਾਰ

ਮੰਤਰੀ ਪਰਿਸ਼ਦ ਵਿਧਾਨ ਸਭਾ ਦੇ ਸਾਹਮਣੇ ਜ਼ਿੰਮੇਵਾਰ ਹੁੰਦੀ ਹੈ। ਇਹ ਉਦੋਂ ਤਕ ਅਹੁਦੇ ਤੇ ਰਹਿੰਦੀ ਹੈ ਜਦੋਂ ਤਕ ਇਸਨੂੰ ਵਿਧਾਨ ਸਭਾ ਦਾ ਬਹੁਮਤ ਪ੍ਰਾਪਤ ਹੋਵੇ।

ਵਿਦਾਨ ਸਭਾ ਦੇ ਮੈਂਬਰ ਮੰਤਰੀ ਪਰਿਸ਼ਦ ਕੋਲੋਂ ਰਾਜ ਦੇ ਪ੍ਰਸ਼ਾਸਨ ਬਾਰੇ ਕੋਈ ਵੀ ਪ੍ਰਸ਼ਨ ਪੁੱਛ ਸਕਦੇ ਹਨ ਜਾਂ ਰਾਜ ਪ੍ਰਬੰਧ ਬਾਰੇ ਜ਼ਰੂਰੀ ਜਾਣਕਾਰੀ ਲੈ ਸਕਦੇ ਹਨ। ਮੰਤਰੀ ਪਰਿਸ਼ਦ ਨੂੰ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਲਈ ਵਿਧਾਨ ਸਭਾ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ।

ਸੰਖੇਪ ਵਿੱਚ ਰਾਜ ਵਿੱਚ ਮੰਤਰੀ ਪਰਿਸ਼ਦ ਅਤੇ ਵਿਧਾਨ ਪਾਲਿਕਾ ਵਿੱਚ ਬਹੁਤ ਗੂੜ੍ਹਾ ਸੰਬੰਧ ਹੁੰਦਾ ਹੈ।

## ਰਾਜ ਦੀ ਉੱਚ-ਅਦਾਲਤ
## (High Court)

ਭਾਰਤ ਦੇ ਨਿਆਂਇਕ ਪ੍ਰਬੰਧ ਅਧੀਨ ਹਰੇਕ ਰਾਜ ਵਿੱਚ ਇੱਕ ਹਾਈ ਕੋਰਟ ਦੀ ਵਿਵਸਥਾ ਕੀਤੀ ਗਈ ਹੈ। ਸਧਾਰਨ ਤੌਰ 'ਤੇ ਇਕ ਰਾਜ ਲਈ ਇਕ ਹਾਈ ਕੋਰਟ ਹੁੰਦਾ ਹੈ। ਪਰੰਤੂ ਸੰਸਦ, ਕਨੂੰਨ ਦੁਆਰਾ ਦੋ ਜਾਂ ਦੋ ਤੋਂ ਵੱਧ ਰਾਜਾਂ ਅਤੇ ਕੇਂਦਰੀ ਪ੍ਰਸ਼ਾਸਿਤ ਖੇਤਰਾਂ ਲਈ ਸਾਂਝੀ ਹਾਈ ਕੋਰਟ ਦੀ ਵਿਵਸਥਾ ਵੀ ਕਰ ਸਕਦੀ ਹੈ। ਉਦਾਹਰਣ ਲਈ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਲਈ ਇਕ ਸਾਂਝੀ ਹਾਈ ਕੋਰਟ ਹੈ। ਗੁਹਾਟੀ ਹਾਈ ਕੋਰਟ ਛੇ ਰਾਜਾਂ-ਆਸਾਮ, ਮਨੀਪੁਰ, ਨਾਗਾਲੈਂਡ, ਮੇਘਾਨਿਆ, ਤ੍ਰਿਪੁਰਾ ਤੇ ਮਿਜ਼ੋਰਮ ਅਤੇ ਕੇਂਦਰੀ ਖੇਤਰ ਅਰੁਣਾਚਲ ਪ੍ਰਦੇਸ਼ ਲਈ ਸਥਾਪਿਤ ਕੀਤਾ ਗਿਆ ਹੈ।

ਸੰਵਿਧਾਨ ਅਨੁਸਾਰ ਹਾਈ ਕੋਰਟ ਵਿੱਚ ਇਕ ਮੁੱਖ ਜੱਜ ਅਤੇ ਕੁਝ ਹੋਰ ਜੱਜ ਹੁੰਦੇ ਹਨ। ਹਾਈ ਕੋਰਟ ਦੇ ਜੱਜਾਂ ਦੀ ਸੰਖਿਆ ਨਿਸ਼ਚਿਤ ਨਹੀਂ ਗਈ ਹੈ। ਹਾਈ ਕੋਰਟ ਦੇ ਜੱਜਾਂ ਦੀ ਸੰਖਿਆ ਰਾਸ਼ਟਰਪਤੀ ਦੀ ਇੱਛਾ 'ਤੇ ਛੱਡ ਦਿੱਤੀ ਗਈ ਹੈ। ਇਸ ਲਈ ਰਾਜਾਂ ਦੇ ਹਾਈ ਕੋਰਟਾਂ ਦੇ ਜੱਜਾਂ ਦੀ ਸੰਖਿਆ ਸਮਾਨ ਨਹੀਂ ਹੈ। ਉਦਾਹਰਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜੱਜਾਂ ਦੀ ਸੰਖਿਆ 26 ਹੈ, ਜਦਕਿ ਹਿਮਾਚਲ ਪ੍ਰਦੇਸ਼ ਦੀ ਹਾਈਕੋਰਟ ਵਿੱਚ ਕੇਵਲ ਪੰਜ ਜੱਜ ਹਨ। ਹਾਈ ਕੋਰਟ ਦੇ ਜੱਜਾਂ ਦੀ ਨਿਯੁੱਕਤੀ ਭਾਰਤ ਦੇ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਕਰਨ ਸਮੇਂ ਰਾਸ਼ਟਰਪਤੀ ਭਾਰਤ ਦੇ ਮੁੱਖ ਜੱਜ ਅਤੇ ਰਾਜ ਦੇ ਗਵਰਨਰ ਦੀ ਸਲਾਹ ਲੈਂਦੇ ਹਨ। ਬਾਕੀ ਦੇ ਜੱਜਾਂ ਦੀ ਨਿਯੁਕਤੀ ਕਰਨ ਸਮੇਂ ਉਪਰੋਕਤ ਦੋ ਅਧਿਕਾਰਿਆਂ ਤੋਂ ਇਲਾਵਾ ਰਾਸ਼ਟਰਪਤੀ ਦੁਆਰਾ ਹਾਈਕੋਰਟ ਦੇ ਮੁੱਖ ਜੱਜ ਦੀ ਸਲਾਹ ਵੀ ਲਈ ਜਾਂਦੀ ਹੈ।

**ਹਾਈ ਕੋਰਟ ਦਾ ਜੱਜ ਬਣਨ ਲਈ ਲੋੜੀਂਦੀਆਂ ਯੋਗਤਾਵਾਂ ਇਹ ਹਨ:**

**(i)** ਭਾਰਤ ਦਾ ਨਾਗਿਰਕ ਹੋਵੇ।

**(ii)** ਦਸ ਸਾਲ ਤਕ ਕਿਸੇ ਅਧੀਨ ਅਦਾਲਤ ਵਿੱਚ ਜੱਜ ਰਿਹਾ ਹੋਵੇ ਜਾਂ ਕਿਸੇ ਹਾਈ ਕੋਰਟ ਵਿੱਚ ਦਸ ਸਾਲ ਤਕ ਵਕਾਲਤ ਕੀਤੀ ਹੋਵੇ।

ਹਾਈ ਕੋਰਟ ਦਾ ਜੱਜ ਨਿਯੁਕਤ ਹੋ ਜਾਣ ਤੋਂ ਬਾਅਦ 62 ਸਾਲਾਂ ਦੀ ਉਮਰ ਤਕ ਆਪਣੇ ਅਹੁਦੇ 'ਤੇ ਰਹਿ ਸਕਦਾ ਹੈ। ਹਾਈ ਕੋਰਟ ਦੇ ਮੁੱਖ ਜੱਜ ਦੀ ਤਨਖਾਹ 2,50,000 ਰੁਪਏ ਅਤੇ ਬਾਕੀ ਜੱਜਾਂ ਦੀ ਤਨਖਾਹ 22,5000 ਰੁਪਏ ਹੁੰਦੀ ਹੈ। ਜੱਜਾਂ ਦੀ ਇਹ ਤਨਖਾਹ ਨੌਕਰੀ ਦੌਰਾਨ ਘਟਾਈ ਨਹੀਂ ਜਾ ਸਕਦੀ। ਜੱਜਾਂ ਨੂੰ ਮੁਫਤ ਨਿਵਾਸ ਸਥਾਨ ਅਤੇ ਕੁਝ ਹੋਰ ਸਹੂਲਤਾਂ ਵੀ ਪ੍ਰਾਪਤ ਹੁੰਦੀਆਂ

ਹਨ। ਜੇਕਰ ਰਾਸ਼ਟਰਪਤੀ ਉਚਿਤ ਸਮਝੇ ਤਾਂ ਹਾਈ ਕੋਰਟ ਵਿੱਚ ਦੋ ਸਾਲਾਂ ਦੇ ਸਮੇਂ ਲਈ ਵਾਧੂ ਜੱਜਾਂ ਦੀ ਨਿਯੁਕਤੀ ਕਰ ਸਕਦਾ ਹੈ। ਹਾਈ ਕੋਰਟ ਦੇ ਜੱਜਾਂ ਨੂੰ ਦੂਜੇ ਰਾਜਾਂ ਦੀਆਂ ਹਾਈ ਕੋਰਟਾਂ ਵਿੱਚ ਬਦਲਿਆ ਜਾ ਸਕਦਾ ਹੈ।

**ਉੱਚ-ਅਦਾਲਤ ਦੀਆਂ ਸ਼ਕਤੀਆਂ (Powers of the High Court)**

ਹਾਈ ਕੋਰਟ ਨੂੰ ਹੇਠ ਲਿਖੀਆਂ ਮੁੱਖ ਸ਼ਕਤੀਆਂ ਜਾਂ ਅਧਿਕਾਰ ਖੇਤਰ ਪ੍ਰਾਪਤ ਹਨ: ਮੌਲਿਕ, ਅਪੀਲੀ ਅਤੇ ਪ੍ਰਸ਼ਾਸ਼ਨਿਕ। ਇਨ੍ਹਾਂ ਸ਼ਕਤੀਆਂ ਦਾ ਵਰਣਨ ਇਸ ਪ੍ਰਕਾਰ ਹੈ:

1. **ਮੌਲਿਕ ਸ਼ਕਤੀਆਂ (Original Jurisdiction):-** ਹਾਈ ਕੋਰਟ ਨੂੰ ਕੁਝ ਮਹੱਤਵਪੂਰਨ ਮਾਮਲਿਆਂ ਉੱਤੇ ਮੌਲਿਕ ਸਕਤੀਆਂ ਪ੍ਰਾਪਤ ਹਨ। ਮੌਲਿਕ ਸ਼ਕਤੀਆਂ ਤੋਂ ਭਾਵ ਹੈ ਕਿ ਕੁਝ ਮਾਮਲਿਆਂ ਸੰਬੰਧੀ ਮੁਕੱਦਮੇ ਸਿੱਧੇ ਹਾਈ ਕੋਰਟ ਵਿੱਚ ਦਰਜ ਕੀਤੇ ਜਾਂਦੇ ਹਨ। ਜਿਵੇਂ ਕਿ ਮੋਲਿਕ ਅਧਿਕਾਰਾਂ ਨਾਲ ਸੰਬੰਧਿਤ ਕੋਈ ਵੀ ਮੁਕੱਦਮਾ ਸਿੱਧਾ ਹੋਈ ਕੋਰਟ ਵਿੱਚ ਹੀ ਲਿਜਾਇਆ ਜਾ ਸਕਦਾ ਹੈ। ਹਾਈ ਕੋਰਟ ਪੰਜ ਪ੍ਰਕਾਰ ਦੇ ਆਦੇਸ਼ਾਂ ਦੁਆਰਾ ਨਾਗਰਿਕ ਦੇ ਅਧਿਕਾਰਾਂ ਦੀ ਰੱਖਿਆ ਕਰਦੀ ਹੈ। ਸੰਵਿਧਾਨਿਕ ਉਲੱਘਣਾ ਵਾਲੇ ਮਾਮਲੇ ਸਿੱਧੇ ਹਾਈ ਕੋਰਟ ਵਿਚ ਹੀ ਲਿਜਾਏ ਜਾ ਸਕਦੇ ਹਨ। ਜੇਕਰ ਹਾਈ ਕੋਰ ਸਮਝੇ ਕਿ ਸੰਸਦੀ ਜਾਂ ਰਾਜ ਵਿਧਾਨ ਪਾਲਿਕਾ ਦਾ ਕੋਈ ਕਨੂੰਨ ਜਾਂ ਕੇਂਦਰੀ ਜਾਂ ਰਾਜ ਦੀ ਕਾਰਜਪਾਲਿਕਾ ਦਾ ਕੋਈ ਆਦੇਸ਼ ਸੰਵਿਧਾਨ ਦੇ ਕਿਸੇ ਅਨੁਛੇਦ ਦੀ ਉਲੱਘਣਾ ਕਰਦਾ ਹੈ ਜਾਂ ਸੰਵਿਧਾਨ ਦੇ ਵਿਰੁਧ ਹੈ ਤਾਂ ਅਜਿਹੇ ਕਨੂੰਨ ਜਾਂ ਆਦੇਸ਼ ਨੂੰ ਹਾਈ ਕੋਰਟ ਗੈਰ-ਸੰਵਿਧਾਨਿਕ ਕਰਾਰ ਦੇ ਕੇ ਰੱਦ ਕਰ ਸਕਦੀ ਹੈ।

2. **ਅਪੀਲੀ ਸ਼ਕਤੀਆਂ (Appellate Jurisdiction):-** ਹਾਈ ਕੋਰਟ ਨੂੰ ਆਪਣੇ ਅਧੀਨ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਤਿੰਨ ਪ੍ਰਕਾਰ ਦੀਆਂ ਅਪੀਲਾਂ ਸੁਣਨ ਦਾ ਅਧਿਕਾਰ ਹੈ; ਦੀਵਾਨੀ, ਫੌਜਦਾਰੀ ਅਤੇ ਸੰਵਿਧਾਨਿਕ। ਦੀਵਾਨੀ ਅਪੀਲ ਉਨ੍ਹਾਂ ਮਾਮਲਿਆਂ ਵਿੱਚ ਸੁਣਦੀ ਹੈ ਜਿਨ੍ਹਾਂ ਵਿੱਚ ਪੰਜ ਹਜਾਰ ਤੋਂ ਵੱਧ ਰਕਮ ਜਾਂ ਸੰਪਤੀ ਦਾ ਪ੍ਰਸ਼ਨ ਸੰਬੰਧਿਤ ਹੋਵੇ। ਫੌਜਦਰੀ ਅਪੀਲਾਂ ਉਸ ਨੂੰ ਕਿਹਾ ਜਾਂਦਾ ਹੈ ਜਿਥੇ ਹੇਠਲੀ ਅਦਾਲਤ ਨੇ ਕਿਸੇ ਦੋਸ਼ੀ ਨੂੰ ਚਾਰ ਸਾਲ ਤੋਂ ਵੱਧ ਦੀ ਕੈਦ ਜਾਂ ਮੌਤ ਦੀ ਸਜਾ ਦਿੱਤੀ ਹੈ। ਸੰਵਿਧਾਨ ਦੀ ਉਲੰਘਣਾ ਦਾ ਪ੍ਰਸ਼ਨ ਜਾਂ ਵਿਆਖਿਆ ਦੇ ਪ੍ਰਦੇਸ਼ ਨਾਲ ਸਬੰਧਤ ਮਾਮਲਿਆਂ ਦੀਆਂ ਅਪੀਲਾਂ ਵੀ ਸਿਧੀਆਂ ਹਾਈ ਕੋਰਟ ਕੋਲ ਜਾਂਦੀਆਂ ਹਨ।

3. **ਪ੍ਰਸ਼ਾਸਨਿਕ ਸ਼ਕਤੀਆਂ (Administrative Powers):-** ਹਾਈ ਕੋਰਟ ਨੂੰ ਬਹੁਤ ਸਾਰੀਆਂ ਪ੍ਰਸ਼ਾਸਨਿਕ ਸ਼ਕਤੀਆਂ ਵੀ ਪ੍ਰਾਪਤ ਹਨ। ਹਾਈ ਕੋਰਟ ਆਪਣੇ ਅਧੀਨ ਸਾਰੀਆਂ ਅਦਾਲਤਾਂ ਦੀ ਕਾਰਵਾਈ ਤੇ ਨਿਗਰਾਨੀ ਅਤੇ ਪ੍ਰਸ਼ਾਸਨਿਕ ਨਿਯੰਤ੍ਰਣ ਰਖਦੀ ਹੈ। ਉਨ੍ਹਾਂ ਦੀ ਕਾਰਜ ਪ੍ਰਣਾਲੀ, ਰਿਕਾਰਡ, ਹਿਸਾਬ ਕਿਤਾਬ ਸੰਬੰਧੀ ਨਿਯਮ ਬਣਾਉਂਦੀ ਹੈ। ਉਨ੍ਹਾਂ ਤੋਂ ਰਿਕਾਰਡ ਮੰਗਵਾ ਕੇ ਜਾਂਚ ਪੜਤਾਲ ਕਰ ਸਕਦੀ ਹੈ ਜਾਂ ਜੱਜ, ਆਪ ਅਧੀਨ ਅਦਾਲਤਾਂ, ਵਿੱਚ ਜਾ ਕੇ ਉਨ੍ਹਾਂ ਦੇ ਕਾਰਜਾਂ ਦੀ ਜਾਂਚ ਪੜਤਾਲ ਕਰਦੇ ਹਨ। ਹਾਈ ਕੋਰਟ ਆਪਣੀਆਂ ਅਧੀਨ ਅਦਾਲਤਾਂ ਵਿੱਚ ਮੁਕੱਦਮਿਆਂ ਦੀ ਅਦਲਾ-ਬਦਲੀ ਕਰ ਸਕਦੀ ਹੈ।

4. **ਰਿਕਾਰਡ ਕੋਰਟ (Court of Record):-** ਹਾਈ ਕੋਰਟ ਨੂੰ ਰਿਕਾਰਡ ਕੋਰਟ ਮੰਨਿਆਂ ਜਾਂਦਾ ਹੈ। ਇਸ ਦਾ ਭਾਵ ਹੈ ਕਿ ਹਾਈ ਕੋਰਟ ਦੇ ਫੈਸਲੇ ਲਿਖਿਤ ਰੂਪ ਵਿੱਚ ਰਿਕਾਰਡ ਕੀਤੇ ਜਾਂਦੇ ਹਨ ਅਤੇ ਹੇਠਲੀਆਂ ਅਦਾਲਤਾਂ ਲਈ ਅਜਿਹੇ ਫੈਸਲੇ ਦ੍ਰਿਸ਼ਟਾਂਤ ਹੁੰਦੇ ਹਨ। ਜਿੰਨ੍ਹਾਂ ਦੇ ਅਧਾਰ 'ਤੇ ਆਉਣ ਵਾਲੇ ਸਮੇਂ ਵਿੱਚ ਵੀ ਫੈਸਲੇ ਕੀਤੇ ਜਾਂਦੇ ਹਨ।

## ਅਧੀਨ ਅਦਾਲਤਾਂ
## (Subordinate Courts)

ਭਾਰਤ ਦੇ ਰਾਜਾ ਵਿੱਚ ਅਧੀਨ ਅਦਾਲਤਾਂ ਦਾ ਪ੍ਰਬੰਧ ਕੀਤੀ ਗਿਆ ਹੈ। ਲੋਕਾਂ ਨੂੰ ਨਿਆਂ ਦੁਆਉਣ ਲਈ ਅਧੀਨ ਅਦਾਲਤਾ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਲਈ ਲੋਕਾਂ ਦਾ ਇਨ੍ਹਾਂ ਅਦਾਲਤਾਂ ਦੀ ਨਿਰਪੱਖਤਾ ਅਤੇ ਸੁਤੰਤਰਤਾ ਵਿੱਚ ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ।

ਜ਼ਿਲ੍ਹਾ ਪੱਧਰ ਤੇ ਸੈਸ਼ਨ ਜੱਜ ਦੀ ਅਦਾਲਤ ਸਭ ਤੋਂ ਵੱਡੀ ਅਦਾਲਤ ਹੁੰਦੀ ਹੈ ਜਿਸ ਦਾ ਮੁੱਖੀ ਸੈਸ਼ਨ ਜੱਜ ਹੁੰਦਾ ਹੈ। ਸੈਸ਼ਨ ਜੱਜ ਦੀ ਨਿਯੁਕੱਤੀ ਰਾਜਪਾਲ, ਹਾਈ ਕੋਰਟ ਦੇ ਮੁੱਖ ਜੱਜ ਦੀ ਸਲਾਹ ਨਾਲ ਕਰਦਾ ਹੈ। ਰਾਜ ਨਿਆਂਇਕ ਸੇਵਾ ਵਿੱਚ ਆਉਣ ਲਈ ਇੱਕ ਉਮੀਦਵਾਰ ਨੂੰ ਘਟੋ ਘਟ ਤਿੰਨ ਸਾਲ ਦੀ ਵਕਾਲਤ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ। ਇਨ੍ਹਾਂ ਚੁਣੇ ਹੋਏ ਨਿਆਂਇਕ ਅਧਿਕਾਰੀਆਂ ਨੂੰ ਪਹਿਲਾਂ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਫਿਰ ਉਨ੍ਹਾਂ ਨੂੰ ਅਹੁਦੇ 'ਤੇ ਲਗਾਇਆ ਜਾਂਦਾ ਹੈ।

ਸੈਸ਼ਨ ਜੱਜ ਅਤੇ ਹੋਰ ਰਾਜ ਨਿਆਂਇਕ ਸੇਵਾ ਦੇ ਜੱਜ ਹਾਈ ਕੋਰਟ ਦੀ ਨਿਗਰਾਨੀ ਹੇਠ ਕੰਮ ਕਰਦੇ ਹਨ। ਹਾਈ ਕੋਰਟ ਇਨ੍ਹਾਂ ਸਾਰੇ ਅਧੀਨ ਜੱਜਾਂ ਨੂੰ ਨਿਯੰਤ੍ਰਣ ਵਿੱਚ ਰੱਖਦੀ ਹੈ। ਇਨ੍ਹਾਂ ਜੱਜਾਂ ਦੀਆਂ ਬਦਲੀਆਂ ਤਰੱਕੀਆਂ ਜਾਂ ਇਨ੍ਹਾਂ ਦੀਆਂ ਸੇਵਾਵਾਂ ਨਾਲ਼ ਸੰਬੰਧਿਤ ਹੋਰ ਮਾਮਲਿਆਂ ਉੱਤੇ ਹਾਈ ਕੋਰਟ ਫੈਸਲੇ ਕਰਦੀ ਹੈ। ਭਾਰਤ ਦੇ ਸਾਰੇ ਰਾਜਾਂ ਵਿੱਚ ਅਧੀਨ ਅਦਾਲਤਾਂ ਦਾ ਲਗਭਗ ਇਹੀ ਨਮੂਨਾ ਹੈ।

## ਲੋਕ ਅਦਾਲਤਾਂ
## (Lok Adalat)

ਗਰੀਬ, ਸ਼ੋਸ਼ਿਤ ਅਤੇ ਲਤਾੜੇ ਗਏ ਭਾਰਤੀ ਲੋਕਾਂ ਨੂੰ ਛੇਤੀ ਨਿਆਂ ਦਿਵਆਉਣ ਦੇ ਉਦੇਸ਼ ਲਈ ਸਾਡੇ ਦੇਸ਼ ਵਿੱਚ ਕੁਝ ਸਮਾਂ ਪਹਿਲਾਂ ਲੋਕ ਅਦਾਲਤਾਂ ਹੋਂਦ ਵਿੱਚ ਆਈਆਂ ਹਨ। ਮਾਨਯੋਗ ਮੁੱਖ ਨਿਆਂਧੀਸ਼ ਪੀ.ਐਨ.ਭਗਵਤੀ ਲੋਕ ਅਦਾਲਤਾਂ ਦੀ ਧਾਰਨਾ ਦੇ ਬਾਨੀ ਮੰਨੇ ਜਾਂਦੇ ਹਨ। ਜਦੋਂ ਉਹ ਗੁਜਰਾਤ ਹਾਈ ਕੋਰਟ ਦੇ ਮੁੱਖ ਜੱਜ ਸਨ ਤਾਂ ਉਨ੍ਹਾਂ ਦੇ ਗਰੀਬਾਂ ਅਤੇ ਦਲਿਤ ਲੋਕਾਂ ਲਈ ਮੁਫ਼ਤ ਕਨੂੰਨੀ ਸਹਾਇਤਾ ਦੀ ਯੋਜਨਾ ਬਣਾਈ ਸੀ। ਇਸੇ ਯੋਜਨਾ ਅਧੀਨ ਗੁਜਰਾਤ ਵਿੱਚ ਲੋਕ ਅਦਾਲਤਾਂ ਦੀ ਪ੍ਰਨਾਲੀ ਪ੍ਰਚਲਿਤ ਹੋਈ। 6 ਅਕਤੂਬਰ 1985 ਨੂੰ ਪਹਿਲੀ ਲੋਕ ਅਦਾਲਤ ਦੀ ਮੀਟਿੰਗ ਦਿੱਲੀ ਵਿਖੇ ਹੋਈ। ਇਸ ਲੋਕ ਅਦਾਲਤ ਨੇ ਇੱਕ ਦਿਨ ਵਿੱਚ 150 ਹਾਦਸੇ ਝਗੜਿਆਂ ਨੂੰ ਮੁਆਵਜ਼ਾ ਦੇ ਕੇ ਨਜਿੱਠਿਆ।

ਅਗਸਤ 1987 ਤਕ ਇਨ੍ਹਾਂ ਅਦਾਲਤਾਂ ਨੂੰ ਕੋਈ ਕਨੂੰਨੀ ਮਾਨਤਾ ਪ੍ਰਾਪਤ ਨਹੀਂ ਸੀ। ਇਸ ਲਈ ਇਹ ਅਦਾਲਤਾਂ ਨਿਆਂ ਪ੍ਰਨਾਲੀ ਦਾ ਭਾਗ ਨਹੀਂ ਸਮਝੀਆਂ ਜਾਂਦੀਆਂ ਹਨ। ਲੋਕ ਅਦਾਲਤਾਂ ਕਿਸੇ ਨਿਸ਼ਚਿਤ ਕਨੂੰਨ ਅਨੁਸਾਰ ਮੁਕੱਦਿਮਿਆਂ ਦਾ ਨਿਰਣਾ ਨਹੀਂ ਕਰਦੀਆਂ ਸਨ

ਅਗਸਤ 1987 ਵਿੱਚ ਭਾਰਤੀ ਸੰਸਦ ਨੇ 'ਕਨੂੰਨੀ ਸੇਵਾਵਾਂ ਦੀਆ ਸੰਸਥਾਵਾਂ ਦਾ ਕਨੂੰਨ' ਪਾਸ ਕੀਤਾ, ਜਿਸ ਅਧੀਨ ਤਿੰਨ ਸੂਤਰੀ ਕਨੂੰਨੀ ਸੰਸਥਾਵਾਂ ਦੀ ਵਿਵਸਥਾ ਕੀਤੀ ਗਈ ਹੈ ਜੋ ਇਸ ਪ੍ਰਕਾਰ ਹੈ:-

1. ਰਾਸ਼ਟਰੀ ਕਨੂੰਨੀ ਸੇਵਾ ਸੰਸਥਾ
2. ਰਾਜ ਕਨੂੰਨੀ ਸੇਵਾ ਸੰਸਥਾ
3. ਜ਼ਿਲ੍ਹਾਂ ਕਨੂੰਨੀ ਸੇਵਾ ਸੰਸਥਾ

ਇਥੇ ਇਹ ਵਰਨਣ ਯੋਗ ਹੈ ਕਿ 1987 ਦੇ ਸੰਸਦੀ ਕਨੂੰਨ ਨੇ ਲੋਕ ਅਦਾਲਤਾਂ ਸੰਬੰਧੀ ਨਿਯਮ ਬਣਾਉਣ ਦੀ ਸ਼ਕਤੀ ਕੇਂਦਰੀ ਅਤੇ ਰਾਜ ਸਰਕਾਰ ਨੂੰ ਦਿੱਤੀ ਹੈ। ਜਿਹੜੇ ਨਿਯਮ ਕੇਂਦਰੀ ਸਰਕਾਰ ਦੁਆਰਾ ਬਣਾਏ ਜਾਣਗੇ ਉਨ੍ਹਾਂ ਨੂੰ ਸੰਸਦ ਦੇ ਸਾਹਣੇ ਪੇਸ਼ ਕਰਨਾ ਜ਼ਰੂਰੀ ਹੈ। ਜਿਹੜੇ ਨਿਯਮ ਰਾਜ ਸਰਕਾਰ ਦੁਆਰਾ ਲੋਕ ਅਦਾਲਤਾਂ ਸੰਬੰਥੀ ਬਣਾਏ ਜਾਂਦੇ ਹਨ ਉਨ੍ਹਾਂ ਨੂੰ ਰਾਜ ਵਿਧਾਨ ਮੰਡਲ ਦੇ ਸਾਹਮਣੇ ਪੇਸ਼ ਕਰਨਾ ਜ਼ਰੂਰੀ ਹੈ।

## ਕੇਂਦਰ ਅਤੇ ਰਾਜਾਂ ਦੇ ਸੰਬੰਧ

## (Centre-State Relations)

ਸੰਵਿਧਾਨ ਅਨੁਸਾਰ ਭਾਰਤ ਰਾਜਾਂ ਦੀ ਇਕ ਯੂਨੀਅਨ ਹੈ। ਭਾਵੇਂ ਸੰਘ ਸ਼ਬਦ ਦੀ ਵਰਤੋਂ ਭਾਰਤੀ ਸੰਵਿਧਾਨ ਵਿੱਚ ਨਹੀਂ ਕੀਤੀ ਗਈ। ਪਰ ਫਿਰ ਵੀ ਭਾਰਤ ਨੂੰ ਸੰਘ ਰਾਜ ਮੰਨਿਆ ਜਾਂਦਾ ਹੈ। ਭਾਰਤੀ-ਸੰਵਿਧਾਨ ਵਿੱਚ ਉਹ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ ਜੋ ਕਿ ਸੰਘ ਰਾਜ ਵਿੱਚ ਹੁੰਦੀਆਂ ਹਨ, ਜਿਵੇਂ ਕਿ ਲਿਖਤੀ ਅਤੇ ਕਠੋਰ ਸੰਵਿਧਾਨ, ਦੋਹਰਾ ਸ਼ਾਸਨ ਪ੍ਰਬੰਧ, ਦੋ ਸਦਨੀ ਵਿਧਾ ਮੰਡਲ, ਕੇਂਦਰ ਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਅਤੇ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ। ਸੱਘਾਤਮਕ ਸਰਕਾਰ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਬਹੁਤ ਜ਼ਰੂਰੀ ਹੈ। ਭਾਰਤ ਦੇ ਸੰਵਿਧਾਨ ਦੇ 11 ਅਤੇ 12ਵੇਂ ਭਾਗ ਵਿੱਚ ਸੰਘ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਹਨਾਂ ਦੇ ਸੰਬੰਧ ਤਿੰਨ ਤਰ੍ਹਾਂ ਦੇ ਹੁੰਦੇ ਹਨ।

1. **ਵਿਧਾਨਕ ਸੰਬੰਧ (Legislative Relations):-** ਸੰਵਿਧਾਨ ਦੀ ਸਤਵੀਂ ਅਨੁਸੂਚੀ ਅਨੁਸਾਰ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ ਸੰਘ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ। ਸੰਘ ਸੂਚੀ ਵਿੱਚ ਕੌਮੀ ਮਹੰਤਵ ਦੇ 97 ਵਿਸ਼ੇ ਸ਼ਾਮਿਲ ਹਨ। ਇਹਨਾਂ ਤੇ ਕੇਵਲ ਕੇਂਦਰੀ ਸਰਕਾਰ ਹੀ ਕਨੂੰਨ ਬਣਾ ਸਕਦੀ ਹੈ। ਇਹ ਮਹੱਤਵਪੂਰਨ ਵਿਸ਼ੇ ਜਿਹਾ ਕਿ ਵਿਦੇਸ਼ੀ ਸੰਬੰਧ, ਯੁੱਧ ਤੇ ਸ਼ਾਂਤੀ, ਰੇਲਵੇ, ਐਟਮੀ ਸ਼ਕਤੀ, ਡਾਕਤਾਰ ਤੇ ਟੈਲੀਫੋਨ ਆਦਿ ਹਨ। ਰਾਜ ਸੂਚੀ ਵਿੱਚ 61 ਵਿਸ਼ੇ ਰੱਖੇ ਗਏ ਹਨ। ਇਨ੍ਹਾਂ ਵਿਸ਼ਿਆਂ ਤੇ ਕੇਵਲ ਰਾਜ ਸਰਕਾਰਾਂ ਹੀ ਕਨੂੰਨ ਬਣਾ ਸਕਦੀਆਂ ਹਨ। ਇਹ ਵਿਸ਼ੇ: ਖੇਤੀਬਾੜੀ, ਜਨਤਕ ਸਿਹਤ, ਸੜਕਾਂ ਦੇ ਪੁਲ, ਜੇਲ੍ਹਾਂ, ਸਥਾਨਕ ਪ੍ਰਸ਼ਾਸਨ ਆਦਿ ਹਨ। ਰਾਜ ਸਭਾ ਦੇ ਪ੍ਰਸਤਾਵ ਪਾਸ ਕਰਨ 'ਤੇ, ਵਿਧਾਨ ਮੰਡਲਾਂ ਬੇਨਤੀ ਕਰਨ ਅੰਤਰਰਾਸ਼ਟਰੀ ਸੰਧੀਆਂ ਜਾਂ ਸਮਝੋਤਿਆਂ ਨੂੰ ਲਾਗੂ ਕਰਨ ਤੇ, ਰਾਸ਼ਟਰੀ ਜਾਂ ਸੰਵਿਧਾਨਿਕ ਸੰਕਟ ਸਮੇਂ; ਸੰਸਦ (ਕੇਂਦਰੀ ਵਿਧਾਨਪਾਲਿਕਾ) ਵੀ ਰਾਜ ਸੂਚੀ ਵਿੱਚ ਦਰਜ ਵਿਸ਼ਿਆਂ 'ਤੇ ਕਨੂੰਨ ਬਣਾ ਸਕਦੀ ਹੈ।

ਇਸੇ ਤਰ੍ਹਾਂ ਤੀਜੀ ਸੂਚੀ ਜਿਸ ਨੂੰ ਸਮਵਰਤੀ ਸੂਚੀ ਕਿਹਾ ਜਾਂਦਾ ਹੈ, ਵਿੱਚ 52 ਵਿਸ਼ੇ ਹਨ। ਸਿੱਖਿਆ ਪਰਿਵਾਰ ਨਿਯੋਜਨ, ਨਾਪ ਤੋਲ, ਵਸੀਅਤ, ਪੁਸਤਕਾਂ, ਪ੍ਰੈਸ, ਮਜ਼ਦੂਰ ਕਲਿਆਣ ਆਦਿ ਵਿਸ਼ੇ ਇਸ ਸੂਚੀ ਵਿੱਚ ਸਾਮਿਲ ਹਨ। ਇਨ੍ਹਾਂ ਵਿਸ਼ਿਆਂ ਤੇ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦੋਵੇਂ ਹੀ ਕਨੂੰਨ ਬਣਾ ਸਕਦੀਆਂ ਹਨ। ਸੰਵਿਧਾਨ ਅਨੁਸਾਰ ਜੇਕਰ ਕੇਂਦਰ ਅਤੇ ਰਾਜ ਸਰਕਾਰ ਦਾ ਕਿਸੇ ਕਨੂੰਨ ਤੇ ਟਕਰਾਅ ਹੋ ਜਾਵੇ ਤਾਂ ਕੇਂਦਰੀ ਸਰਕਾਰ ਦਾ ਕਨੂੰਨ ਅੰਤਮ ਮੰਨਿਆ ਜਾਵੇਗਾ। ਇਨ੍ਹਾਂ ਤਿੰਨਾਂ ਸੂਚੀਆਂ ਤੋਂ ਇਲਾਵਾ ਬਾਕੀ ਦੀਆਂ ਬਚੀਆਂ ਸ਼ਕਤੀਆਂ ਕੇਂਦਰੀ ਸਰਕਾਰ ਨੂੰ ਸੌਂਪਿਆ ਗਈਆਂ ਹਨ।

2. **ਪ੍ਰਸ਼ਾਸਨਿਕ ਸੰਬੰਧ (Administrative Realations):-** ਸੰਵਿਧਾਨ ਦੁਆਰਾ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਪ੍ਰਸ਼ਾਸਕੀ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਪ੍ਰਸ਼ਾਸਕੀ ਸ਼ਕਤੀਆਂ ਦੀ ਵੰਡ ਕਰਨ ਸਮੇਂ ਕੇਂਦਰੀ ਸਰਕਾਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ। ਰਾਸ਼ਟਰੀ ਹਿਤਾਂ ਨੂੰ ਮੁੱਖ

ਰਖਦੇ ਹੋਏ ਰਾਜ ਸਰਕਾਰਾਂ ਦੇ ਪ੍ਰਸ਼ਾਸਨ ਤੇ ਕੇਂਦਰੀ ਸਰਕਾਰ ਦਾ ਪੂਰਾ ਕੰਟਰੋਲ ਸਥਾਪਿਤ ਕੀਤਾ ਗਿਆ ਹੈ। ਉਦਾਹਰਣ ਵਜੋਂ ਰਾਜਪਾਲ ਦੀ ਨਿਯੁਕਤੀ ਕੇਂਦਰ ਦੁਆਰਾ ਕੀਤੀ ਜਾਂਦੀ ਹੈ। ਜਿਥੇ ਰਾਜਪਾਲ ਰਾਜ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ ਉਥੇ ਉਹ ਸੰਘ ਸਰਕਾਰ ਦੀ ਪ੍ਰਤੀਨਿਧਤਾ ਵੀ ਕਰਦਾ ਹੈ। ਇਸੇ ਤਰ੍ਹਾਂ ਸਰਵ ਭਾਰਤੀ ਸੇਵਾਵਾਂ ਦੀ ਨਿਯੁਕਤੀ ਵੀ ਕੇਂਦਰੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਕੇਂਦਰੀ ਸਰਕਾਰ, ਕੇਂਦਰੀ ਜਾਇਦਾਦ ਰੇਲ ਮਾਰਗਾਂ ਤੇ ਸੰਚਾਰ ਦੇ ਸਾਥਨਾਂ ਦੀ ਸੰਭਾਲ ਲਈ ਰਾਜ ਸਰਕਾਰਾਂ ਨੂੰ ਨਿਰਦੇਸ਼ ਜਾਰੀ ਕਰ ਸਰਦੀ ਹੈ ਜਿੰਨ੍ਹਾਂ ਦਾ ਪਾਲਣ ਕਰਨਾ ਰਾਜ ਸਰਕਾਰ ਲਈ ਜ਼ਰੂਰੀ ਹੁੰਦਾ ਹੈ।

3. **ਵਿੱਤੀ ਸੰਬੰਧ (Financial Relations):-** ਸੰਵਿਧਾਨ ਨੇ ਕੇਂਦਰੀ ਅਤੇ ਰਾਜ ਸਰਕਾਰਾਂ ਵਿੱਚ ਵਿੱਤੀ ਸੋਮਿਆਂ ਦੀ ਵੰਡ ਕੀਤੀ ਹੈ। ਸੰਘ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ 'ਤੇ ਕੇਂਦਰੀ ਸਰਕਾਰ ਅਤੇ ਰਾਜ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ 'ਤੇ ਰਾਜ ਸਰਕਾਰਾਂ ਕਰ ਲਗਾਉਂਦੀਆਂ ਹਨ। ਕੇਂਦਰੀ ਸਰਕਾਰ ਦੀ ਆਮਦਨ ਦੇ ਸਾਧਨ ਰਾਜ ਸਰਕਾਰਾਂ ਨਾਲੋਂ ਵਥੇਰੇ ਹੁੰਦੇ ਹਨ। ਸੰਘੀ ਸਰਕਾਰ ਪਾਸ ਕਾਫ਼ੀ ਧਨ ਹੁੰਦਾ ਹੈ। ਕੁਝ ਕਰਾਂ ਦੀ ਵੰਡ ਇਹ ਰਾਜ ਸਰਕਾਰਾਂ ਵਿੱਚ ਕਰਦੀ ਹੈ। ਭਾਰਤ ਦੇ ਸਾਰੇ ਰਾਜ ਵਿੱਤੀ ਸਹਾਇਤਾ ਲਈ ਕੇਂਦਰ ਦੇ ਅਨੁਦਾਨ 'ਤੇ ਵਿਰਭਰ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਆਪਣੀ ਆਮਦਨ ਨਾਲ ਗੁਜ਼ਾਰਾ ਨਹੀਂ ਹੁੰਦਾ। ਸੰਵਿਧਾਨ ਅਨੁਸਾਰ ਰਾਜਾਂ ਨੂੰ ਗ੍ਰਾਂਟਾਂ ਦੇਣ ਤੇ ਕਰਜੇ ਲੈਣ, ਰਾਸ਼ਟਰਪਤੀ ਵੱਲੋਂ ਵਿੱਤੀ ਸੰਕਟ ਦ ਘੋਸ਼ਣਾ ਕਰਨ, ਵਿੱਤੀ ਅਯੋਗ ਦੀ ਸਥਾਪਨਾ ਕਰਨ ਆਦਿ ਦੀ ਵਿਵਸਥਾ ਕੀਤੀ ਗਈ ਹੈ। ਸੰਵਿਧਾਨ ਬਣਾਉਣ ਵਾਲਿਆਂ ਨੇ ਕੇਂਦਰ ਦੀ ਰਾਜਾਂ ਉੱਤੇ ਵਿੱਤੀ ਮਾਮਲਿਆਂ ਵਿੱਚ ਸ੍ਰੇਸ਼ਠਤਾ ਸਥਾਪਿਤ ਕੀਤੀ ਹੈ। ਵਰਤਮਾਨ ਸਮੇਂ ਵਿੱਚ ਭਾਰਤ ਦੇ ਸਾਰੇ ਰਾਜਾਂ ਦਾ ਵਿਕਾਸ ਕੇਂਦਰ ਦੀ ਵਿੱਤੀ ਸਹਾਇਤਾ 'ਤੇ ਨਿਰਭਰ ਕਰਦਾ ਹੈ।

ਸੰਖੇਪ ਵਿੱਚ ਰਾਜ ਦੇ ਮੁਕਾਬਲੇ ਕੇਂਦਰ ਨੂੰ ਵਿਧਾਨਕ, ਪ੍ਰਸ਼ਾਸਨਕੀ ਅਤੇ ਵਿੱਤੀ ਖੇਤਰ ਵਿੱਚ ਵਧੇਰੇ ਸ਼ਕਤੀ ਸਾਲੀ ਬਣਾਇਆ ਹੈ। ਅੱਜ-ਕਲ੍ਹ ਕੁਝ ਰਾਜ ਨੇਤਾ ਅਤੇ ਵਿਦਵਾਨ, ਕੇਂਦਰ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਤੇ ਪੁਨਰਵਿਚਾਰ ਕਰਨ ਲਈ ਜੋਰ ਪਾ ਰਹੇ ਹਨ। ਇਹਨਾਂ ਦਾ ਵਿਚਾਰ ਹੈ ਕਿ ਨਵੀਆਂ ਪ੍ਰਸਿਥਤੀਆਂ ਦੇ ਆਧਾਰ ਤੇ ਕੇਂਦਰ ਅਤੇ ਰਾਜ ਦੇ ਸੰਬੰਧਾਂ ਨੂੰ ਮੁੜ ਨਿਰਧਾਰਿਤ ਕਰਨਾ ਚਾਹਿਦਾ ਹੈ। ਜਿਸ ਦੇ ਅਧਾਰ 'ਤੇ ਇੱਕ ਸੱਚੇ ਅਤੇ ਸਹਿਯੋਗੀ ਸੰਘ ਦੀ ਸਥਾਪਨਾ ਹੋ ਸਕੇ।

## ਅਭਿਆਸ

(ੳ)ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ (1-15 ਸ਼ਬਦਾਂ) ਵਿੱਚ ਦਿਉ:-

1. ਰਾਜ ਵਿਧਾਨ ਮੰਡਲ ਦੇ ਕਿੰਨੇ ਸਦਨ ਹੁੰਦੇ ਹਨ? ਉਨ੍ਹਾਂ ਦੇ ਨਾਂ ਦੱਸੋ।
2. ਰਾਜ ਵਿਧਾਨ ਸਭਾ ਬਾਰੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :
   - (ੳ) ਮੈਂਬਰ ਬਣਨ ਲਈ ਕੀ ਯੋਗਤਾਵਾਂ ਹਨ?
   - (ਅ) ਇਸ ਦੇ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਕਿੰਨੇ ਮੈਂਬਰ ਹੋ ਸਕਦੇ ਹਨ?
   - (ੲ) ਸਧਾਰਨ ਬਿੱਲ ਨੂੰ ਕਾਨੂੰਨ ਬਨਣ ਲਈ ਕਿਨ੍ਹਾਂ ਪ੍ਰਸਥਿਤੀਆਂ ਵਿੱਚੋਂ ਲੰਘਣਾ ਪੈਂਦਾ ਹੈ?
   - (ਸ) ਵਿਧਾਨ ਸਭਾ ਦਾ ਮੈਂਬਰ ਬਣਨ ਦੀ ਘੱਟੋ-ਘੱਟ ਉਮਰ ਕਿੰਨੀ ਹੈ?
   - (ਹ) ਸਪੀਕਰ ਕਿਵੇਂ ਚੁਣਿਆ ਜਾਂਦਾ ਹੈ?
3. ਰਾਜ ਦੀ ਵਿਧਾਨ ਪਰਿਸ਼ਦ ਬਾਰੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ—
   - (ੳ) ਵਿਧਾਨ ਪਰਿਸ਼ਦ ਦੇ ਕਿੰਨੇ ਮੈਂਬਰ ਹੋ ਸਕਦੇ ਹਨ?

(ਅ) ਇਸ ਦਾ ਮੈਂਬਰ ਬਣਨ ਲਈ ਕੀ ਯੋਗਤਾਵਾਂ ਹਨ?

(ੲ) ਵਿਧਾਨ ਪਰਿਸ਼ਦ ਕਿਵੇਂ ਸੰਗਠਤ ਹੁੰਦੀ ਹੈ?

(ਸ) ਵਿਧਾਨ ਪਰਿਸ਼ਦ ਦਾ ਕਾਰਜ ਕਾਲ ਦੱਸੋ।

(ਹ) ਕਿਨ੍ਹਾਂ ਦੋ ਰਾਜਾਂ ਵਿੱਚ ਵਿਧਾਨ ਪਰਿਸ਼ਦ ਅੱਜ ਕਲ੍ਹ ਸਥਾਪਿਤ ਹੈ?

4. ਰਾਜ ਵਿਧਾਨ ਮੰਡਲ ਦੀਆਂ ਚਾਰ ਸ਼ਕਤੀਆਂ ਦਾ ਵਰਣਨ ਕਰੋ।

5. ਰਾਜ ਦੇ ਰਾਜਪਾਲ ਦੀ ਨਿਯੁਕਤੀ ਕਿਵੇਂ ਕੀਤੀ ਜਾਂਦੀ ਹੈ?

6. ਮੁੱਖ ਮੰਤਰੀ ਦੀ ਨਿਯੁਕਤੀ ਕਿਵੇਂ ਅਤੇ ਕਿਸ ਦੁਆਰਾ ਕੀਤੀ ਜਾਂਦੀ ਹੈ?

7. ਸੰਵਿਧਾਨਿਕ ਸੰਕਟ ਸਮੇਂ ਰਾਜਪਾਲ ਦੀ ਕੀ ਸਥਿਤੀ ਹੁੰਦੀ ਹੈ?

8. ਰਾਜਪਾਲ ਦਾ ਕਾਰਜਕਾਲ ਕਿੰਨਾ ਹੁੰਦਾ ਹੈ?

9. **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਲਾਈਨ ਵਿੱਚ ਦਿਉ:-**

(ੳ) ਹਾਈਕੋਰਟ ਦੇ ਜੱਜਾਂ ਦਾ ਕਾਰਜਕਾਲ ਕਿੰਨਾਂ ਹੁੰਦਾ ਹੈ?

(ਅ) ਹਾਈਕੋਰਟ ਦੇ ਜੱਜਾਂ ਦੀਆਂ ਕੀ ਯੋਗਤਾਵਾਂ ਹਨ?

(ੲ) ਹਾਈਕੋਰਟ ਦੇ ਵਿੱਚ ਕਿੰਨੇ ਜੱਜ ਹੁੰਦੇ ਹਨ?

(ਸ) ਲੋਕ ਅਦਾਲਤਾਂ ਤੋਂ ਤੁਹਾਡਾ ਕੀ ਭਾਵ ਹੈ?

(ਹ) ਹਾਈਕੋਰਟ ਦੀਆਂ ਦੋ ਸ਼ਕਤੀਆਂ ਦਾ ਵਰਣਨ ਕਰੋ।

(ਕ) ਕੀ ਤੁਹਾਡੇ ਰਾਜ ਵਿੱਚ ਦੋ ਸਦਨੀ ਵਿਧਾਨ ਪਾਲਿਕਾ ਹੈ?

**(ਅ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ:-**

1. ਰਾਜ ਦੇ ਰਾਜਪਾਲ ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਦਾ ਵੇਰਵਾ ਦਿਉ।
2. ਰਾਜ ਦੇ ਮੁੱਖ-ਮੰਤਰੀ ਦੀ ਨਿਯੁਕਤੀ ਦਾ ਵਰਨਣ ਕਰੋ।
3. ਵਿਧਾਨ ਮੰਡਲ ਦੀਆਂ ਚਾਰ ਸ਼ਕਤੀਆਂ ਦਾ ਵਰਨਣ ਕਰੋ।
4. ਰਾਜਪਾਲ ਦੀਆਂ ਇੱਛੁਕ ਸ਼ਕਤੀਆਂ ਦਾ ਵਰਨਣ ਕਰੋ।
5. ਮੰਤਰੀ–ਮੰਡਲ ਦੇ ਚਾਰ ਕਾਰਜਾਂ ਦੀ ਵਿਆਖਿਆ ਕਰੋ।
6. ਸੰਵਿਧਾਨਿਕ ਸੰਕਟ ਦੀ ਘੋਸ਼ਣਾ ਸਮੇਂ ਰਾਜ ਦੇ ਪ੍ਰਸ਼ਾਸਨ 'ਤੇ ਕੀ ਅਸਰ ਪੈਂਦਾ ਹੈ?
7. ਵਿਧਾਨ ਮੰਡਲ ਅਤੇ ਮੰਤਰੀ ਮੰਡਲ ਦੇ ਆਪਸੀ ਸੰਬੰਧਾਂ ਦੀ ਵਿਵੇਚਨਾ ਕਰੋ।
8. ਲੋਕ ਅਦਾਲਤਾਂ ਦੇ ਕਾਰਜਾਂ/ਸ਼ਕਤੀਆਂ ਦੀ ਵਿਆਖਿਆ ਕਰੋ।
9. ਹਾਈਕੋਰਟ ਦੇ ਮੌਲਿਕ ਅਧਿਕਾਰਾਂ ਅਤੇ ਪ੍ਰਬੰਧਕੀ ਅਧਿਕਾਰ ਖੇਤਰ ਦੀ ਵਿਵੇਚਨਾ ਕਰੋ।

*****

# ਪਾਠ-13

# ਭਾਰਤੀ ਲੋਕਤੰਤਰ ਦਾ ਸਰੂਪ

## (INDIAN DEMOCRACY AT WORK)

ਅਜਾਦੀ ਤੋਂ ਬਾਅਦ ਭਾਰਤ ਵਿੱਚ ਸੰਵਿਧਾਨ ਅਧੀਨ ਲੋਕਤੰਤਰੀ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭਤਾਸ਼ਾਲੀ, ਲੋਕਤੰਤਰੀ, ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਲੋਕਤੰਤਰ ਨੂੰ ਅੰਗਰੇਜ਼ੀ ਵਿੱਚ ਡੈਮੋਕ੍ਰੇਸੀ ਕਿਹਾ ਜਾਂਦਾ ਹੈ। ਡੈਮੋਕ੍ਰੇਸੀ ਗਰੀਕ ਭਾਸ਼ਾ ਦੇ ਦੋ ਸ਼ਬਦਾਂ–ਡਿਮੋਸ ਅਤੇ ਕ੍ਰੇਤੀਆ ਨਾਲ ਮਿਲ ਕੇ ਬਣਿਆ ਹੈ। ਡਿਮੋਸ ਦਾ ਅਰਥ ਲੋਕ ਅਤੇ ਕ੍ਰੇਤੀਆ ਦਾ ਭਾਵ ਸ਼ਾਸਨ ਹੁੰਦਾ ਹੈ। ਡੈਮੋਕ੍ਰੇਸੀ ਦਾ ਸ਼ਾਬਦਿਕ ਅਰਥ ਲੋਕਾਂ ਦਾ ਸ਼ਾਸਨ ਹੈ। ਸੰਖੇਪ ਵਿੱਚ, ਲੋਕ–ਤੰਤਰ ਵਿੱਚ ਲੋਕ ਆਪਣੇ ਆਪ 'ਤੇ ਸ਼ਾਸਨ ਕਰਦੇ ਹਨ। ਲਿੰਕਨ ਅਨੁਸਾਰ ਲੋਕ–ਤੰਤਰ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸ਼ਾਸਨ ਹੁੰਦਾ ਹੈ।

ਲੋਕਤੰਤਰ, ਸੁਤੰਤਰਤਾ, ਸਮਾਨਤਾ, ਭਾਈਚਾਰਾ, ਕਨੂੰਨ ਦਾ ਸ਼ਾਸਨ, ਉੱਤਰਦਾਈ ਸਰਕਾਰ, ਨੀਯਤਕਾਲੀ ਚੋਣਾਂ, ਬਹੁਮੱਤ ਦਾ ਸ਼ਾਸਨ, ਨਾਗਰਿਕਾਂ ਦੇ ਅਧਿਕਾਰ ਅਤੇ ਸੁਤਤਰ ਦੇ ਨਿਰਪੱਖ ਨਿਆਂਪਾਲਿਕਾ ਦੀ ਸਥਾਪਨਾ ਦੇ ਸਿਧਾਂਤਾਂ 'ਤੇ ਆਧਾਰਿਤ ਹੈ।

ਲੋਕਤੰਤਰ ਦੇ ਦੋ ਰੂਪ ਹਨ– ਪ੍ਰਤੱਖ ਅਤੇ ਅਪ੍ਰਤੱਖ। ਪ੍ਰਤੱਖ ਲੋਕਤੰਤਰ ਵਿੱਚ ਲੋਕ ਆਪਣੇ 'ਤੇ ਆਪ ਸ਼ਾਸਨ ਕਰਦੇ ਹਨ। ਇਸ ਵਿੱਚ ਜਨਤਾ ਤੇ ਸਰਕਾਰ ਇਕ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਕੋਈ ਅੰਤਰ ਨਹੀਂ ਹੁੰਦਾ। ਅਪ੍ਰਤੱਖ ਲੋਕਤੰਤਰ ਵਿੱਚ ਲੋਕ ਆਪਣੇ ਪ੍ਰਤੀਨਿਧੀਆਂ ਰਾਹੀਂ ਸ਼ਾਸਨ ਕਰਦੇ ਹਨ। ਸੰਸਾਰ ਦੇ ਸਾਰੇ ਰਾਸ਼ਟਰੀ ਰਾਜਾਂ ਵਿੱਚ ਜਿਥੇ ਕਿਤੇ ਵੀ ਲੋਕਤੰਤਰੀ ਸਰਕਾਰ ਦੀ ਸਥਾਪਨਾ ਹੋਈ ਹੈ, ਉੱਥੇ ਅਪ੍ਰਤੱਖ ਲੋਕਤੰਤਰ ਹੀ ਹੈ। ਅਜਿਹੇ ਲੋਕਤੰਤਰ ਵਿੱਚ ਲੋਕ ਆਪਣੇ ਪ੍ਰਤੀਨਿਧਾਂ ਦੀ ਚੋਣ ਸਮੇਂ-ਸਮੇਂ 'ਤੇ ਕਰਦੇ ਰਹਿੰਦੇ ਹਨ। ਇਹ ਪ੍ਰਤੀਨਿੱਧ ਲੋਕਾਂ ਲਈ ਕਨੂੰਨ ਦਾ ਨਿਰਮਾਣ ਅਤੇ ਸਰਕਾਰ ਦਾ ਸੰਚਾਲਨ ਕਰਦੇ ਹਨ। ਅਜਿਹੀ ਸਰਕਾਰ ਨੂੰ ਪ੍ਰਤੀਨਿਧ ਲੋਕਤੰਤਰੀ ਸਰਕਾਰ ਕਿਹਾ ਜਾਂਦਾ ਹੈ।

### ਲੋਕਤੰਤਰ ਦੀ ਸਫਲਤਾ ਲਈ ਸ਼ਰਤਾਂ

ਲੋਕਤੰਤਰੀ ਸ਼ਾਸਨ ਪ੍ਰਨਾਲੀ ਸਭ ਤੋਂ ਉੱਤਮ ਸਮਝੀ ਜਾਂਦੀ ਹੈ। ਵਰਤਮਾਨ ਸਮੇਂ ਵਿੱਚ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਲੋਕਤੰਤਰੀ ਸ਼ਾਸਨ ਪ੍ਰਨਾਲੀ ਨੂੰ ਅਪਣਾਇਆ ਹੈ। ਲੋਕਤੰਤਰੀ ਸਰਕਾਰ ਬਹੁਤ ਹੀ ਹਰਮਨ ਪਿਆਰੀ ਬਣ ਚੁਕੀ ਹੈ। ਪਰ ਲੋਕਤੰਤਰੀ ਸ਼ਾਸਨ ਪ੍ਰਨਾਲੀ ਹਰੇਕ ਦੇਸ਼ ਵਿੱਚ ਪੂਰਨ ਤੌਰ 'ਤੇ ਸਫਲ ਨਹੀਂ ਹੋਈ। ਇਸ ਦਾ ਮੁੱਖ ਕਾਰਨ ਹੈ ਕਿ ਲੋਕਤੰਤਰ ਦੀ ਸਫਲਤਾ ਲਈ ਵਿਸ਼ੇਸ਼ ਵਾਤਾਵਰਨ ਅਤੇ ਸ਼ਰਤਾਂ ਦੀ ਹੋਂਦ ਦੀ ਲੋੜ ਹੈ। ਲੋਕਤੰਤਰ ਦੀ ਸਫਲਤਾ ਲਈ ਸਮਾਜ ਵਿੱਚ ਵਿਸ਼ੇਸ਼ ਪ੍ਰਕਾਰ ਦਾ ਵਾਤਾਵਰਣ ਤੇ ਪ੍ਰਸਥਿਤੀਆਂ: ਉਚ ਕੋਟੀ ਦੇ ਨੇਤਾ, ਉਨ੍ਹਾਂ ਦੀ ਉਚੀ ਸੋਚ ਤੇ ਸੁਚਾ ਵਿਵਹਾਰ ਅਤੇ ਚੇਤਨ ਅਤੇ ਸੁਲਝੇ ਹੋਏ ਨਾਗਰਿਕ ਹੋਣੇ ਜ਼ਰੂਰੀ ਹਨ।

ਲੋਕਤੰਤਰ ਦੀ ਸਫਲਤਾ ਲਈ ਹਰੇਕ ਨਾਗਰਿਕ ਚੰਗੇ ਆਚਰਨ ਵਾਲਾ, ਚੇਤੰਨ ਤੇ ਬੁਧੀਵਾਲਾ, ਪੜ੍ਹਿਆ–ਲਿਖਿਆ, ਵਿਵੇਕਸ਼ੀਲ ਤੇ ਸਮਝਦਾਰ, ਜਿੰਮੇਵਾਰ ਅਤੇ ਜਨਤਕ ਮਾਮਲਿਆਂ ਵਿੱਚ ਦਿਲਚਸਪੀ ਰਖਣ ਵਾਲਾ ਹੋਣਾ ਚਾਹੀਦਾ ਹੈ। ਸਮਾਜ ਵਿੱਚ ਚੰਗੇ ਤੇ ਯੋਗ ਨੇਤਾ, ਸਮਾਜਿਕ ਅਤੇ ਆਰਥਿਕ ਸਮਾਨਤਾ, ਸੁਤੰਤਰ ਤੇ ਨਿਰਪੱਖ ਪ੍ਰੈਮ ਅਤੇ ਨਿਆਂਪਾਲਿਕਾ, ਚੰਗੇ ਰਾਜਨੀਤਿਕ ਸੰਗਠਿਤ ਦਲ ਅਤੇ ਨਾਗਰਿਕਾਂ ਵਿੱਚ

ਸਹਿਣਸ਼ੀਲਤਾ ਅਤੇ ਸਹਿਯੋਗ ਦਾ ਹੋਣਾ ਲੋਕਤੰਤਰ ਦੀ ਸਫਲਤਾ ਲਈ ਜ਼ਰੂਰੀ ਸ਼ਰਤਾਂ ਹਨ। ਜੇ ਐਸ. ਮਿਲ ਅਨੁਸਾਰ ਲੋਕਤੰਤਰ ਨੂੰ ਸਫਲ ਬਣਾਉਣ ਲਈ ਲੋਕਾਂ ਵਿੱਚ ਲੋਕਤੰਤਰੀ ਸ਼ਾਸਨ ਨੂੰ ਕਾਇਮ ਕਰਨ ਦੀ ਇੱਛਾ ਅਤੇ ਉਸ ਨੂੰ ਚਲਾਉਣ ਦੀ ਯੋਗਤਾ, ਲੋਕਤੰਤਰ ਦੀ ਰੱਖਿਆ ਲਈ ਸਦਾ ਯਤਨਸ਼ੀਲ ਰਹਿਣਾ ਅਤੇ ਨਾਗਰਿਕਾਂ ਵਿੱਚ ਅਧਿਕਾਰਾਂ ਦੀ ਰੱਖਿਆ ਅਤੇ ਕਰਤੱਵਾਂ ਦੀ ਪਾਲਣਾ ਕਰਨ ਦੀ ਇੱਛਾ ਬੇਹੱਦ ਜ਼ਰੂਰੀ ਹਨ।

## ਭਾਰਤੀ ਲੋਕਤੰਤਰ ਦੀ ਸਫਲਤਾ

ਲੰਮੀ ਗੁਲਾਮੀ ਅਤੇ ਰਜਵਾੜਾ ਸ਼ਾਹੀ ਦੇ ਸ਼ਾਸਨ ਤੋਂ ਬਾਅਦ ਅਤੇ ਦੇਸ਼ ਦੀ ਅਜਾਦੀ ਪਿਛੋਂ ਭਾਰਤ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਸ਼ਾਸਨ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ। ਭਾਰਤ ਅਤੇ ਦੂਜੇ ਦੇਸਾਂ ਦੇ ਰਾਜਨੀਤੀਵਾਨਾਂ ਨੇ ਭਾਰਤੀ ਲੋਕਤੰਤਰ ਦੀ ਸਫਲਤਾ ਤੇ ਭਵਿੱਖ ਸੰਬੰਧੀ ਸ਼ੰਕਾ ਪ੍ਰਗਟਾਈ। ਭਾਰਤ ਤੇ ਲੋਕਾਂ ਵਿੱਚ ਅਗਿਆਨਤਾ, ਅਨਪੜ੍ਹਤਾ, ਫਿਰਕਾਪ੍ਰੱਸਤੀ, ਜਾਤਵਾਦ, ਪ੍ਰਾਂਤਵਾਦ, ਭਾਸ਼ਾਵਾਦ, ਆਰਥਿਕ ਅਤੇ ਸਮਾਜਿਕ ਅਸਮਾਨਤਾ ਤੇ ਗਰੀਬੀ ਆਦਿ ਬੁਰਾਈਆਂ ਦੀ ਭਰਮਾਰ ਸੀ। ਲੋਕਤੰਤਰ ਨੂੰ ਅਸਫਲ ਕਰਨ ਦੇ ਸਾਰੇ ਤੱਤ ਤੇ ਤੱਥ ਭਾਰਤ ਵਿੱਚ ਮੌਜੂਦ ਸਨ। ਲੋਕਤੰਤਰ ਨੂੰ ਸਫਲ ਬਣਾਉਣ ਲਈ ਲੋੜੀਂਦੀਆਂ ਪ੍ਰਸਿਥਤੀਆਂ ਅਤੇ ਸ਼ਰਤਾਂ ਨਾਂਹ ਵਰਗੀਆਂ ਸਨ। ਇਹਨਾਂ ਨਾ-ਪਖੀ ਤੱਤਾਂ ਦੇ ਬਾਵਜੂਦ ਭਾਰਤ ਦੇ ਲੋਕਤੰਤਰ ਦੀ 67 ਸਾਲ ਦੀ ਕਾਰਜਸ਼ੀਲਤਾ ਵਿੱਚ ਭਾਰਤੀ ਲੋਕਤੰਤਰ ਦੀ ਸਫਲਤਾ ਦਾ ਸੰਕੇਤ ਮਿਲਦਾ ਹੈ। ਭਾਰਤ ਦੇ ਲੋਕਾਂ ਦੀ ਜਾਗਰੂਪਕਤਾ, ਲੋਕਤੰਤਰ ਪ੍ਰਤੀ ਪਿਆਰ ਤੇ ਸਤਿਕਾਰ, ਸੱਤਾਵਾਦੀ ਸ਼ਾਸਨ ਪ੍ਰਤੀ ਘਿਰਣਾ, ਭਾਰਤ ਦੀ ਧਰਮ ਨਿਰਪੱਖਤਾ ਦੀ ਭਾਵਨਾ ਆਦਿ ਨੇ ਭਾਰਤੀ ਲੋਕਤੱਤਰ ਨੂੰ ਸਫਲ ਬਣਾਉਣ ਵਿੱਚ ਲੋੜੀਂਦੀ ਭੂਮਿਕਾ ਨਿਭਾਹੀ ਹੈ।

ਨਿਰਸੰਦੇਹ ਭਾਰਤ ਦੇ ਲੋਕਤੰਤਰ ਵਿੱਚ ਬਹੁਤ ਸਾਰੀਆਂ ਊਣਤਾਈਆਂ ਹਨ। ਭਾਰਤੀ ਲੋਕਤੰਤਰ ਦੀਆਂ ਕੁਝ ਊਣਤਾਈਆਂ ਬਹੁਤ ਖਤਰਨਾਕ ਵੀ ਹਨ। ਪਰ ਇਸ ਦੇ ਬਾਵਜੂਦ ਭਾਰਤੀ ਲੋਕਤੰਤਰ ਸਥਿਰ ਅਤੇ ਮਜ਼ਬੂਤ ਹੈ। ਜਦੋਂ ਅਸੀਂ ਭਾਰਤ ਦੇ ਗੁਆਂਢ ਦੇ ਨਜ਼ਦੀਕੀ ਦੇਸਾਂ ਵਿੱਚ ਲੋਕਤੰਤਰ ਦਾ ਜਨਾਜਾ ਨਿਕਲਦਾ ਅਤੇ ਵਿਕਾਸਸ਼ੀਲ ਦੇਸਾਂ ਵਿੱਚ ਲੋਕਤੰਤਰ ਨੂੰ ਲੜਖੜਾਉਦੇ ਦੇਖਦੇ ਹਾਂ ਅਤੇ ਦੂਜੇ ਪਾਸੇ ਜਦੋਂ ਅਸੀਂ ਭਾਰਤੀ ਲੋਕਤੰਤਰ ਨੂੰ ਸਥਿਰ ਅਤੇ ਸਫਲਤਾ ਨਾਲ ਵਿਚਰਦਾ ਦੇਖਦੇ ਹਾਂ ਤਾਂ ਸਾਡਾ ਦਿਲ ਖੁਸ਼ੀ ਤੇ ਗੌਰਵ ਨਾਲ ਭਰ ਜਾਂਦਾ ਹੈ।

## ਭਾਰਤੀ ਲੋਕਤੰਤਰੀ ਸਰੂਪ ਦੀਆਂ ਵਿਸ਼ੇਸ਼ਤਾਵਾਂ:-

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੁੱਤਸ਼ਾਲੀ, ਲੋਕਤੰਤਰੀ, ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਲੋਕਤੰਤਰੀ ਸ਼ਾਸਨ ਪ੍ਰਣਾਲੀ ਦੇ ਸਿਧਾਂਤਾਂ ਅਨੁਸਾਰ ਕਈ ਵਿਵਸਥਾਵਾਂ ਸੰਵਿਧਾਨ ਵਿੱਚ ਕੀਤੀਆਂ ਗਈਆਂ ਹਨ। ਉਨ੍ਹਾਂ ਵਿਵਸਥਾਵਾਂ ਨੇ ਹੀ ਭਾਰਤੀ ਸ਼ਾਸਨ ਵਿਵਸਥਾ (Indian Polity) ਨੂੰ ਲੋਕਤੰਤਰੀ ਸਰੂਪ ਪ੍ਰਦਾਨ ਕੀਤਾ ਹੈ। ਸ਼ਾਸਨ ਵਿਵਸਥਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਭਾਰਤ ਦੇ ਅਸਲੀ ਲੋਕਤੰਤਰੀ ਸਰੂਪ ਨੂੰ ਦਰਸਾਉਂਦੀਆਂ ਹਨ:

1. **ਲੋਕਤੰਤਰੀ ਸੰਵਿਧਾਨ:-** ਭਾਰਤ ਵਿੱਚ ਲੋਕਤੰਤਰੀ ਸੰਵਿਧਾਨ ਦੀ ਵਿਵਸਥਾ ਕੀਤੀ ਗਈ ਹੈ। ਲੋਕਤੰਤਰ ਦੇ ਮਹੱਤਵਪੂਰਨ ਸਿਧਾਂਤ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਅੰਕਿਤ ਕੀਤੇ ਗਏ ਹਨ। ਪ੍ਰਸਤਾਵਨਾ ਵਿੱਚ ਭਾਰਤ ਨੂੰ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਪ੍ਰਸਤਾਵਨਾ ਵਿੱਚ ਲੋਕਾਂ ਨੂੰ ਸਮਾਜਿਕ, ਨਾਗਰਿਕਾਂ ਨੂੰ ਰੁੱਤਬੇ ਅਤੇ ਅਵਸਰ ਦੀ ਸਮਾਨਤਾ, ਮਨੁੱਖੀ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਆਦਿ ਦਾ ਵਿਸ਼ਵਾਸ ਦਿਵਾਇਆ ਗਿਆ ਹੈ। ਪ੍ਰਸਤਾਵਨਾ ਦੀਆਂ ਇਹ ਸਾਰੀਆਂ ਵਿਸ਼ੇਸ਼ਤਾਵਾਂ ਲੋਕਤੰਤਰੀ ਸਰੂਪ ਦਰਸਾਉਂਦੀਆਂ ਹਨ।

(ੳ) **ਸਮਾਨਤਾ**:- ਲੋਕਤੰਤਰ ਦਾ ਮੁੱਖ ਸਿਧਾਂਤ ਨਾਗਰਿਕਾਂ ਦੀ ਸਮਾਨਤਾ ਹੈ। ਭਾਰਤੀ ਸੰਵਿਧਾਨ ਨਾਗਰਿਕਾਂ ਨੂੰ ਸਮਾਜਿਕ, ਆਰਥਿੱਕ ਅਤੇ ਰਾਜਨੀਤਿਕ ਸਮਾਨਤਾ ਦੇਣ ਲਈ ਵਚਨਬੱਧ ਹੈ। ਸਮਾਜਿਕ ਸਮਾਨਤਾ ਤੋਂ ਭਾਵ ਹੈ ਕਿ ਰਾਜ ਕਿਸੇ ਵਿਅਕਤੀ ਨਾਲ ਨਸਲ, ਰੰਗ, ਧਰਮ, ਜਨਮ, ਜਾਤ, ਭਾਸ਼ਾ, ਲਿੰਗ ਆਦਿ ਦੇ ਅਧਾਰ 'ਤੇ ਕੋਈ ਵਿੱਤਕਰਾ ਨਹੀਂ ਕਰੇਗਾ। ਆਰਥਿਕ ਸਮਾਨਤਾ ਦਾ ਭਾਵ ਹੈ ਕਿ ਸਾਰੇ ਨਾਗਰਿਕਾਂ ਦੀਆਂ ਘੱਟੋ-ਘੱਟ ਭੌਤਿਕ ਲੋੜਾਂ ਨੂੰ ਪੂਰਾ ਕਰਨ ਦੇ ਯਤਨ ਕੀਤੇ ਜਾਣਗੇ। ਭਾਰਤੀ ਸੰਵਿਧਾਨ ਹਰੇਕ ਨਾਗਰਿਕ ਨੂੰ ਕੰਮ ਕਰਨ ਦੇ ਅਧਿਕਾਰ ਨੂੰ ਦੇਣ ਦਾ ਵਾਇਦਾ ਕਰਦਾ ਹੈ। ਰਾਜਨੀਤਿਕ ਸਮਾਨਤਾ ਤੋਂ ਭਾਵ ਹੈ ਕਿ ਸੰਵਿਧਾਨ ਅਨੁਸਾਰ ਸਾਰੇ ਨਾਗਰਿਕ ਸਮਾਨ ਹਨ ਅਤੇ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਵਿਤਕਰੇ ਦੇ ਸਮਾਨ ਰਾਜਨੀਤਿਕ ਅਧਿਕਾਰ ਦਿਤੇ ਗਏ ਹਨ।

(ਅ) **ਸੁਤੰਤਰਤਾ**:- ਸੁਤੰਤਰਤਾ ਲੋਕਤੰਤਰ ਦਾ ਮੂਲ ਸਿਧਾਂਤ ਹੈ। ਭਾਰਤ ਸੰਵਿਧਾਨ ਅਨੁਸਾਰ ਨਾਗਰਿਕਾਂ ਨੂੰ ਉਹ ਸਾਰੀਆਂ ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ ਜੋ ਉਦਾਰਵਾਦੀ ਲੋਕਤੰਤਰ ਲਈ ਜ਼ਰੂਰੀ ਹਨ। ਉਦਾਹਰਣ ਲਈ ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟਾਉਣ, ਬਿਨਾਂ ਹਥਿਆਰਾਂ ਦੇ ਸ਼ਾਂਤਮਈ ਰੂਪ ਵਿੱਚ ਇੱਕਠੇ ਹੋਣ, ਸੰਘ ਬਨਾਉਣ, ਸਮੁੱਚੇ ਭਾਰਤ ਵਿੱਚ ਤੁਰਨ-ਫਿਰਨ ਅਤੇ ਨਿਵਾਸ ਕਰਨ ਦੀ ਅਜਾਦੀ, ਵਪਾਰ ਜਾਂ ਕਿੱਤਾ ਕਰਨ ਦੀ ਅਜਾਦੀ ਆਦਿ ਦੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਦਿੱਤੇ ਗਏ ਹਨ। ਭਾਰਤੀ ਨਾਗਰਿਕਾਂ ਨੂੰ ਸਰਕਾਰ ਦੀ ਅਲੋਚਨਾ ਅਤੇ ਵਿਰੋਧ ਕਰਨ ਦੀ ਅਜਾਦੀ ਪ੍ਰਾਪਤ ਹੈ।

(ੲ) **ਭਾਈਚਾਰੇ ਦੀ ਭਾਵਨਾ**:- ਲੋਕਤੰਤਰ, ਨਾਗਰਿਕਾਂ ਦੇ ਭਾਈਚਾਰੇ ਦੇ ਸਿਧਾਂਤ 'ਤੇ ਅਧਾਰਿਤ ਹੁੰਦਾ ਹੈ। ਇਸ ਦਾ ਭਾਵ ਹੈ ਕਿ ਦੇਸ ਵਿੱਚ ਵਸਦੇ ਲੋਕ ਭਾਵੇ ਵੱਖ-ਵੱਖ ਜਾਤੀਆਂ, ਨਸਲਾਂ, ਧਰਮਾਂ ਅਤੇ ਭਾਸ਼ਾਵਾਂ ਨਾਲ ਸੰਬੰਧਿਤ ਹੋਣ, ਪਰ ਉਨ੍ਹਾਂ ਵਿੱਚ ਭਾਈਚਾਰੇ ਦੀ ਭਾਵਨਾ ਦਾ ਸੰਚਾਰ ਹੋਣਾ ਚਾਹੀਦਾ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਾਨਾ ਵਿੱਚ ਇਹ ਅੰਕਿਤ ਕੀਤਾ ਗਿਆ ਹੈ ਕਿ ਸਾਰੇ ਨਾਗਰਿਕਾਂ ਵਿੱਚ ਭਾਈਚਾਰੇ ਦੀ ਭਾਵਨਾ ਵਿਕਸਿਤ ਕੀਤੀ ਜਾਵੇਗੀ ਅਤੇ ਹਰੇਕ ਵਿਅੱਕਤੀ ਦੇ ਗੌਰਵ ਨੂੰ ਯਕੀਨੀ ਬਣਾਇਆ ਜਾਵੇਗਾ।

2. **ਬਾਲਗ ਮਤ ਅਧਿਕਾਰ**:- ਲੋਕਤੰਤਰ ਦਾ ਬਾਲਗ ਵੋਟ ਦਾ ਅਧਾਰ ਤੇ ਪ੍ਰਤੱਖ ਚੋਣਾਂ ਇਸ ਦਾ ਮੂਲ ਸਿਧਾਂਤ ਹੈ। ਭਾਰਤ ਦੇ ਸੰਵਿਧਾਨ ਅਨੁਸਾਰ ਸਾਰੇ ਨਾਗਰਿਕਾਂ ਨੂੰ ਬਿਨ੍ਹਾਂ ਕਿਸੇ ਭੇਦ ਭਾਵ ਤੋਂ ਬਾਲਗਾਂ ਨੂੰ ਮੱਤ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ। ਹਰੇਕ ਭਾਰਤੀ ਬਾਲਗ ਜਿਸ ਦੀ ਉਮਰ 18 ਸਾਲ ਦੀ ਹੈ, ਉਹ ਆਪਣੇ ਪ੍ਰਤੀਨਿਧਾਂ ਦੀ ਚੋਣ ਵਿੱਚ ਭਾਗ ਲੈਂਦਾ ਹੈ। ਰਾਜ ਦੀਆਂ ਵਿਧਾਨ ਸਭਾਵਾਂ ਅਤੇ ਭਾਰਤੀ ਸੰਸਦ ਦੀਆਂ ਚੋਣਾਂ ਬਾਲਗ ਮੱਤ ਅਧਿਕਾਰ ਅਨੁਸਾਰ ਪ੍ਰਤੱਖ ਤੌਰ 'ਕੇ ਕਰਵਾਈਆਂ ਜਾਂਦੀਆਂ ਹਨ।

3. **ਸੰਯੁਕਤ ਚੋਣ ਪ੍ਰਣਾਲੀ**:- ਭਾਰਤੀ ਸੰਵਿਧਾਨ ਸੰਪਰਦਾਇਕ ਚੋਣ ਪ੍ਰਨਾਲੀ ਦੀ ਥਾਂ ਸੰਯੁਕਤ ਚੋਣ ਪ੍ਰਨਾਲੀ ਦੀ ਵਿਵਸਥਾ ਕਰਦਾ ਹੈ। ਕਿਸੇ ਵੀ ਧਾਰਮਿਕ ਵਰਗ ਨੂੰ ਚੋਣ ਪ੍ਰਨਾਲੀ ਵਿੱਚ ਕੋਈ ਵਿਸ਼ੇਸ਼ ਸਹੂਲਤ ਨਹੀਂ ਦਿੱਤੀ ਗਈ। ਬਰਤਾਨਵੀ ਸ਼ਾਸਨ ਕਾਲ ਦੌਰਾਨ ਸੰਪਰਦਾਇਕ ਚੋਣ ਪ੍ਰਨਾਲੀ ਦੀ ਵਿਵਸਥਾ ਕੀਤੀ ਗਈ ਸੀ। ਇਸ ਦਾ ਭਾਵ ਸੀ ਕਿ ਹਿੰਦੂ ਨੂੰ ਹਿੰਦੂ, ਮੁਸਲਮਾਨ ਨੂੰ ਮੁਸਲਮਾਨ ਅਤੇ ਸਿੱਖ ਨੂੰ ਸਿਖ ਵੋਟਾਂ ਪਾਉਂਦਾ ਸੀ। ਇਸ ਪ੍ਰਨਾਲੀ ਦੀ ਥਾਂ ਭਾਰਤ ਸੰਵਿਧਾਨ ਨੇ ਸੰਯੁਕਤ ਚੋਣ ਪ੍ਰਣਾਲੀ ਦੀ ਵਿਵਸਥਾ ਕੀਤੀ ਹੈ। ਸੰਖੇਪ ਵਿੱਚ ਇਸ ਪ੍ਰਣਾਲੀ ਅਧੀਨ ਸਾਰੇ ਧਰਮਾਂ, ਨਸਲਾਂ, ਭਾਸ਼ਾਵਾਂ ਆਦਿ ਦੇ ਲੋਕ ਆਪਣੇ ਇਲਾਕੇ ਦੇ ਸਾਝੇਂ ਉਮੀਦਵਾਰ ਦੀ ਚੋਣ ਕਰਦੇ ਹਨ।

4. **ਰਾਜਨੀਤਿਕ ਅਧਿਕਾਰ:-** ਲੋਕਤੰਤਰ ਲਈ ਰਾਜਨੀਤਿਕ ਅਧਿਕਾਰ ਇਸ ਦੀ ਜਿੰਦ-ਜਾਨ ਹੁੰਦੇ ਹਨ। ਭਾਰਤੀ ਸੰਵਿਧਾਨ ਦੁਆਰਾ ਨਾਗਰਿਕ ਜੋ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ ਉਸ ਨੂੰ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਹਰੇਕ 25 ਸਾਲ ਜਾਂ ਵੱਧ ਉਮਰ ਵਾਲੇ ਨਾਗਰਿਕਾਂ ਨੂੰ ਚੋਣ ਲੜਨ ਦਾ ਅਧਿਕਾਰ ਦਿੱਤਾ ਗਿਆ ਹੈ। ਪਿੰਡ ਦੀ ਪੰਚਾਇਤ ਤੋਂ ਲੈ ਕੇ ਭਾਰਤੀ ਸੰਸਦ ਤਕ ਸਾਰੀਆਂ ਪ੍ਰਤੀਨਿੱਧ ਸੰਸਥਾਵਾਂ ਨੂੰ ਚੁਣਨ ਦਾ ਅਧਿਕਾਰ ਭਾਰਤੀ ਬਾਲਗਾਂ ਨੂੰ ਦਿੱਤਾ ਗਿਆ ਹੈ। ਰਾਜਨੀਤਿਕ ਅਧਿਕਾਰ ਹੀ ਲੋਕਤੰਤਰ ਦੀ ਰੂਹ ਹੁੰਦੇ ਹਨ।

5. **ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ:-** ਭਾਰਤੀ ਸੰਵਿਧਾਨ ਅਨੁਸਾਰ ਸਾਡੇ ਦੇਸ ਦੀ ਨਿਆਂਪਾਲਿਕਾ ਨੂੰ ਸੁਤੰਤਰ ਅਤੇ ਨਿਰਪੱਖ ਬਣਾਉਣ ਦੀ ਵਿਵਸਥਾ ਕੀਤੀ ਹੈ।

6. **ਧਰਮ ਨਿਰਪੱਖਤਾ:-** ਲੋਕਤੰਤਰੀ ਰਾਜ, ਨਾਗਰਿਕ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਨਹੀਂ ਦਿੰਦਾ। ਭਾਰਤ ਇਕ ਅਜਿਹਾ ਦੇਸ ਹੈ ਜਿਸ ਵਿੱਚ ਵੱਖ-ਵੱਖ ਧਰਮਾਂ, ਜਾਤਾਂ ਤੇ ਨਸਲਾਂ ਦੇ ਲੋਕ ਵਸਦੇ ਹਨ। ਸੰਵਿਧਾਨ ਨੇ ਭਾਰਤ ਨੂੰ ਧਰਮ ਨਿਰਪੱਖ ਰਾਜ ਬਣਾਇਆ ਹੈ ਕਿਉਂਕਿ ਭਾਰਤ ਵਿੱਚ ਕਿਸੇ ਧਰਮ ਨੂੰ ਰਾਜ ਧਰਮ ਦਾ ਰੁੱਤਬਾ ਨਹੀਂ ਦਿੱਤਾ ਗਿਆ। ਭਾਵ ਕਿਸੇ ਵੀ ਧਰਮ ਨੂੰ ਸਰਕਾਰ ਦੀ ਸਰਪ੍ਰਸਤੀ ਪ੍ਰਦਾਨ ਨਹੀਂ ਕੀਤੀ ਗਈ।

7. **ਨਿਸ਼ਚਿਤਕਾਲੀਨ ਤੇ ਸੁਤੰਤਰ ਚੋਣਾਂ:-** ਲੋਕਤੰਤਰੀ ਸਿਧਾਂਤਾਂ ਅਨੁਸਾਰ ਨਿਸ਼ਚਿਤਕਾਲੀ ਅਤੇ ਸੁੰਤਤਰ ਚੋਣਾਂ ਬਹੁਤ ਜ਼ਰੂਰੀ ਹਨ। ਸਾਡੇ ਦੇਸ ਵਿੱਚ ਹਰ ਪੰਜ ਸਾਲ ਪਿਛੋਂ ਸੰਸਦ ਅਤੇ ਰਾਜ ਵਿਧਾਨ ਮੰਡਲਾਂ ਦੀਆਂ ਚੋਣਾਂ ਕਰਾਈਆਂ ਜਾਂਦੀਆਂ ਹਨ। ਨਿਸ਼ਚਤ ਸਮੇਂ ਪਿਛੋਂ ਚੋਣ ਕਰਾਉਣ ਨਾਲ ਲੋਕਾਂ ਦਾ ਵਿਸ਼ਵਾਸ ਸਰਕਾਰ ਵਿੱਚ ਬਣਿਆ ਰਹਿੰਦਾ ਹੈ। ਲੋਕ ਅਜਿਹੀ ਸਰਕਾਰ ਨੂੰ ਆਪਣੀ ਸਰਕਾਰ ਸਮਝਦੇ ਹਨ ਅਤੇ ਉਸ ਦੀ ਉਚਿਤਤਾ ਨੂੰ ਸਵੀਕਾਰ ਕਰਦੇ ਹਨ। ਭਾਰਤ ਵਿੱਚ ਹੁਣ ਤਕ 16 ਆਮ ਚੋਣਾਂ ਕਰਾਈਆਂ ਜਾ ਚੁਕੀਆਂ ਹਨ। ਸੰਵਿਧਾਨ ਅਨੁਸਾਰ ਇਕ ਸੁਤੰਤਰ ਚੋਣ ਆਯੋਗ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਾਉਣ ਲਈ ਜਿੰਮੇਵਾਰ ਹੈ ਅਤੇ ਅਜਿਹੀਆਂ ਹੀ ਚੋਣਾਂ ਕਰਾਉਣ ਲਈ ਯਤਨਸ਼ੀਲ ਰਹਿੰਦਾ ਹੈ।

8. **ਗਣਰਾਜੀ ਸ਼ਾਸਨ ਪ੍ਰਣਾਲੀ:-** ਸੰਵਿਧਾਨ ਦੀ ਪ੍ਰਸਤਾਵਨਾ ਅਨੁਸਾਰ ਭਾਰਤ ਨੂੰ ਲੋਕਤੰਤਰੀ ਗਣਰਾਜ ਬਣਾਇਆ ਗਿਆ ਹੈ। ਇਥੇ ਸਰਵਉੱਚੀ ਸ਼ਕਤੀ ਕਿਸੇ ਇਕ ਵਿਅਕਤੀ ਜਾਂ ਕੁਝ ਵਿਅਕਤੀਆਂ ਕੋਲ ਨਹੀਂ ਹੈ ਸਗੋਂ ਸਮੁੱਚੀ ਜਨਤਾ ਪਾਸ ਹੈ, ਸਰਕਾਰ ਲੋਕਾਂ ਪ੍ਰਤੀ ਜਿੰਮੇਵਾਰ ਹੈ। ਭਾਰਤ ਦਾ ਮੁੱਖੀ ਰਾਸ਼ਟਰਪਤੀ ਹੈ ਜੋ ਜਨਤਾ ਦੁਆਰਾ ਅਪ੍ਰਤੱਖ ਰੂਪ ਨਾਲ ਨਿਸ਼ਚਤ ਸਮੇਂ ਲਈ ਚੁਣਿਆ ਜਾਂਦਾ ਹੈ। ਗਣਰਾਜ ਵਿੱਚ ਰਾਜ ਦੇ ਮੁੱਖੀ ਦਾ ਅਧਾਰ ਚੋਣਾਂ ਹੁੰਦੀਆਂ ਹਨ ਵਿਰਸਾ ਨਹੀਂ।

ਭਾਰਤੀ ਲੋਕਤੰਤਰ ਦੀਆਂ ਵਿਸ਼ੇਸਤਾਵਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਇਕ ਲੋਕਤੰਤਰੀ ਰਾਜ ਹੈ। ਲੋਕਤੰਤਰੀ ਪ੍ਰਕਿਰਿਆ ਦਾ ਤਜਰਬਾ 1952 ਵਿੱਚ ਪਹਿਲੀਆਂ ਆਮ ਚੋਣਾਂ ਤੋਂ ਕੀਤਾ ਗਿਆ ਸੀ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਸਫਲਤਾ ਪੂਰਵਕ ਚਲ ਰਹੀ ਹੈ।


## ਭਾਰਤੀ ਚੋਣ ਵਿਧੀ ਤੇ ਪ੍ਰਕਿਰਿਆ

## (Inidan Election and Election Process)

ਅਸੀਂ ਪਹਿਲਾਂ ਦਸ ਚੁਕੇ ਹਾਂ ਕਿ ਵਰਤਮਾਨ ਸਮੇਂ ਵਿੱਚ ਵਿਸ਼ਵ ਅੰਦਰ ਰਾਸ਼ਟਰੀ ਰਾਜਾਂ ਦੀ ਸਥਾਪਨਾ ਹੋ ਚੁੱਕੀ ਹੈ। ਇਨ੍ਹਾਂ ਦੀ ਆਬਾਦੀ ਅਤੇ ਖੇਤਰ ਦੀ ਵਿਸ਼ਾਲਤਾ ਕਾਰਨ ਇਨ੍ਹਾਂ ਵਿੱਚ ਪ੍ਰਤੱਖ ਲੋਕਤੰਤਰ ਦੀ

ਸਥਾਪਨਾ ਕਰਨੀ ਅਸੰਭਵ ਹੈ। ਇਕ ਰਾਸ਼ਟਰ ਦੇ ਸਾਰੇ ਲੋਕ ਇਕ ਥਾਂ ਤੇ ਇਕੱਠੇ ਹੋ ਕੇ ਕਨੂੰਨ ਨਹੀਂ ਬਣਾ ਸਕਦੇ ਹਨ। ਇਸ ਲਈ ਵਰਤਮਾਨ ਰਾਜ ਦਾ ਨਾਗਰਿਕ ਆਪਣੇ ਪ੍ਰਤੀਨਿਧਾਂ ਰਾਹੀਂ ਕਨੂੰਨ ਬਣਾਉਂਦਾ ਅਤੇ ਉਨ੍ਹਾਂ ਰਾਹੀਂ ਹੀ ਸ਼ਾਸਨ ਕਰਦਾ ਹੈ। ਅਜਿਹੀ ਵਿਵਸਥਾ ਨੂੰ ਪ੍ਰਤੀਨਿਧੀ ਸਰਕਾਰ ਕਿਹਾ ਜਾਂਦਾ ਹੈ।

## ਚੋਣ ਪ੍ਰਕਿਰਿਆ




ਹਰੇਕ ਲੋਕਤੰਤਰੀ ਰਾਜ ਵਿੱਚ ਦੋ ਪ੍ਰਮੁੱਖ ਚੋਣ ਪ੍ਰਨਾਲੀਆਂ ਹਨਃ ਪ੍ਰਤੱਖ ਅਤੇ ਅਪ੍ਰਤੱਖ ਚੋਣ ਪ੍ਰਨਾਲੀ। ਪ੍ਰਤੱਖ. ਚੋਣ ਪ੍ਰਨਾਲੀ ਵਿੱਚ ਮੱਤਦਾਤਾ ਆਪ ਪ੍ਰਤੱਖ ਰੂਪ ਵਿੱਚ ਪੋਲਿੰਗ ਸਟੇਸ਼ਨ 'ਤੇ ਜਾ ਕੇ ਆਪਣੀ ਇੱਛਾ ਅਨੁਸਾਰ ਉਮੀਦਵਾਰ ਨੂੰ ਵੋਟ ਪਾ ਕੇ ਆਪਣੇ ਪ੍ਰਤੀਨਿਧ ਚੁਣਦੇ ਹਨ। ਭਾਰਤ, ਇੰਗਲੈਂਡ, ਸੰਯੁਕਤ ਰਾਜ ਅਮਰੀਕਾ, ਜਰਮਨੀ, ਫਰਾਂਸ, ਜਾਪਾਨ ਆਦਿ ਦੇਸਾਂ ਵਿੱਚ ਮੱਤਦਾਤਾ ਆਪਣੇ ਵਿਧਾਨ ਮੰਡਲਾਂ ਦੀ ਚੋਣ ਇਸ ਪ੍ਰਤੱਖ ਚੋਣ ਪ੍ਰਨਾਲੀ ਰਾਹੀਂ ਹੀ ਕਰਦੇ ਹਨ।

ਅਪ੍ਰਤੱਖ ਚੋਣ ਪ੍ਰਣਾਲੀ ਵਿੱਚ ਲੋਕ ਆਪਣੇ ਪ੍ਰਤੀਨਿਧਾਂ ਨੂੰ ਸਿਧੇ ਤੌਰ 'ਤੇ ਨਹੀਂ ਚੁਣਦੇ। ਉਦਾਹਰਣ ਲਈ ਭਾਰਤ ਵਿੱਚ ਪਹਿਲਾਂ ਮੱਤਦਾਤਾ ਆਪਣੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰ ਚੁਣਦੇ ਹਨ ਅਤੇ

ਇਹ ਵਿਧਾਨ ਸਭਾ ਦੇ ਮੈਂਬਰ ਆਪਣੇ ਰਾਜ ਦੇ ਰਾਜ ਸਭਾ ਦੇ ਮੈਂਬਰਾਂ ਨੂੰ ਚੁਣਦੇ ਹਨ। ਭਾਰਤ ਦੇ ਰਾਸ਼ਟਰਪਤੀ ਨੂੰ ਲੋਕਾਂ ਦੁਆਰਾ ਚੁਣੇ ਗਏ ਵਿਧਾਨ ਸਭਾਵਾਂ ਦੇ ਮੈਂਬਰ ਅਤੇ ਸੰਸਦ ਦੇ ਮੈਂਬਰ ਚੁਣਦੇ ਹਨ। ਇਸ ਪ੍ਰਕਾਰ ਰਾਜ ਸਭਾ ਅਤੇ ਰਾਸ਼ਟਰਪਤੀ ਦੀ ਚੋਣ ਪ੍ਰਨਾਲੀ ਅਪ੍ਰਤੱਖ ਚੋਣ ਪ੍ਰਨਾਲੀ ਹੈ।

## ਭਾਰਤ ਵਿੱਚ ਚੋਣ ਪ੍ਰਕਿਰਿਆ
## (Election Process in India)

ਜਿਸ ਢੰਗ ਨਾਲ ਦੇਸ ਵਿੱਚ ਚੋਣਾਂ ਕਰਵਾਈਆਂ ਜਾਂਦੀਆਂ ਹਨ ਉਸ ਸਾਰੀ ਚੋਣ ਪ੍ਰਨਾਲੀ ਨੂੰ ਚੋਣ ਪ੍ਰਕਿਰਿਆ ਕਿਹਾ ਜਾਂਦਾ ਹੈ। ਭਾਰਤ ਵਿੱਚ ਚੋਣ ਪ੍ਰਕਿਰਿਆ ਦੇ ਹੇਠ ਲਿਖੇ ਪੜਾਅ ਹੁੰਦੇ ਹਨ:–

**ਚੋਣ ਖੇਤਰ ਨਿਸ਼ਚਿਤ ਕਰਨ:-** ਚੋਣ ਪ੍ਰਕਿਰਿਆ ਵਿੱਚ ਸਭ ਤੋਂ ਪਹਿਲਾਂ ਕੰਮ ਚੋਣ ਖੇਤਰ ਨਿਸ਼ਚਿਤ ਕਰਨਾ ਹੁੰਦਾ ਹੈ। ਲੋਕ ਸਭਾ ਵਿੱਚ ਚੁਣੇ ਜਾਣ ਵਾਲੇ ਮੈਂਬਰਾਂ ਦੇ ਚੋਣ ਖੇਤਰਾਂ ਨੂੰ ਲਗਪਗ ਬਰਾਬਰ ਭਾਗਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਹੀ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਰਾਜ ਨੂੰ ਬਰਾਬਰ ਜਨਸੰਖਿਆ ਵਾਲੇ ਖੇਤਰਾਂ ਵਿੱਚ ਵੰਡ ਦਿੱਤਾ ਜਾਂਦਾ ਹੈ ਅਤੇ ਹਰੇਕ ਖੇਤਰ ਵਿੱਚੋਂ ਇੱਕ ਪ੍ਰਤੀਨਿਧੀ ਚੁਣਿਆ ਜਾਂਦਾ ਹੈ।

**ਮੱਤਦਾਤਾ ਸੂਚੀ:-** ਚੋਣਾਂ ਕਰਾਉਣ ਲਈ ਹਰੇਕ ਚੋਣ ਖੇਤਰ ਦੀ ਮੱਤਦਾਤਾ ਸੂਚੀ ਤਿਆਰ ਕੀਤੀ ਜਾਂਦੀ ਹੈ। ਉਹ ਹੀ ਮੱਤਦਾਤਾ ਵੋਟ ਪਾ ਸਕਦਾ ਹੈ ਜਿਸ ਦਾ ਨਾਂ ਚੋਣ ਖੇਤਰ ਦੀ ਵੋਟਰ ਸੂਚੀ ਵਿੱਚ ਦਰਜ ਹੈ।

**ਚੋਣ ਮਿਤੀ ਦਾ ਐਲਾਨ:-** ਚੋਣ ਆਯੋਗ, ਚੋਣਾਂ ਦਾ ਐਲਾਨ ਕਰਨ ਉਪਰੰਤ ਚੋਣਾਂ ਦਾ ਪੂਰਾ ਪ੍ਰੋਗਰਾਮ ਉਲੀਕਦਾ ਹੈ— ਨਾਮਜ਼ੱਦਗੀ ਫਾਰਮ ਭਰਨ ਦੀ ਮਿੱਤੀ, ਨਾਮ ਵਾਪਸ ਲੈਣ ਦੀ ਮਿਤੀ ਅਤੇ ਛਾਣ-ਬੀਣ ਕਰਨ ਦੀ ਮਿਤੀ ਨਿਸ਼ਚਿਤ ਕਰਦਾ ਹੈ। ਫਿਰ ਚੋਣਾਂ ਦਾ ਦਿਨ, ਸਮਾਂ ਅਤੇ ਵੋਟਾਂ ਦੀ ਗਿਣਤੀ ਕਰਨ ਅਤੇ ਨਤੀਜਿਆਂ ਦਾ ਐਲਾਨ ਕਰਨ ਦੀ ਮਿੱਤੀ ਨਿਰਧਾਰਿਤ ਕਰਦਾ ਹੈ।

**ਨਾਮਜ਼ੱਦਗੀ ਫਾਰਮ ਭਰਨਾ:-** ਚੋਣ ਆਯੋਗ ਇਕ ਮਿਤੀ ਨਿਸ਼ਚਿਤ ਕਰਦਾ ਹੈ ਜੋ ਉਮੀਦਵਾਰ ਚੋਣ ਲੜਨਾ ਚਾਹੁੰਦੇ ਹਨ ਉਹ ਆਪਣਾ ਨਾਮਜ਼ਦੱਗੀ ਫਾਰਮ ਉਸ ਮਿਤੀ ਤਕ ਭਰ ਦੇਣ। ਇਹ ਨਾਮਜ਼ਦੱਗੀ ਫਾਰਮ ਛਪਿਆ ਹੁੰਦਾ ਹੈ ਜਿਸ 'ਤੇ ਉਮੀਦਵਾਰ ਆਪਣੀ ਪ੍ਰਵਾਨਗੀ ਦਿੰਦਾ ਹੈ। ਇਸ ਨਾਮਜ਼ਦੱਗੀ ਫਾਰਮ ਤੇ ਦੋ ਮੱਤਦਾਤਿਆਂ ਰਾਹੀਂ ਨਾਮ ਪੇਸ਼ ਕਰਾਉਣਾ ਜ਼ਰੂਰੀ ਹੁੰਦਾ ਹੈ। ਇਕ ਮੱਤਦਾਤਾ ਨਾਮ ਪੇਸ਼ ਕਰਨ ਦਾ ਪ੍ਰਸਤਾਵ ਰਖਦਾ ਹੈ ਅਤੇ ਦੂਜਾ ਮੱਤਦਾਤਾ ਉਸ ਦਾ ਸਮਰਥਨ ਕਰਦਾ ਹੈ। ਨਾਮਜ਼ੱਦਗੀ ਫਾਰਮ ਰਿਟਰਨਿੰਗ ਅਫਸਰ ਨੂੰ ਨਿਸ਼ਚਿਤ ਮਿਤੀ ਅਤੇ ਸਮੇਂ ਤਕ ਪੇਸ਼ ਕਰਨੇ ਜ਼ਰੂਰੀ ਹੁੰਦੇ ਹਨ।

**ਨਾਮ ਵਾਪਸੀ:-** ਸਾਰੇ ਉਮੀਦਵਾਰਾਂ ਦੀ ਨਾਮਜ਼ੱਦਗੀ ਦੇ ਫਾਰਮਾਂ ਦੀ ਜਾਂਚ ਪੜਤਾਲ ਕਰਨ ਉਪਰੰਤ ਇਕ ਨਿਸ਼ਚਿਤ ਮਿਤੀ ਤਕ ਆਪਣੇ ਨਾਂ ਵਾਪਸ ਲੈਣ ਦਾ ਅਧਿਕਾਰ ਹੁੰਦਾ ਹੈ। ਜੇਕਰ ਕੋਈ ਉਮੀਦਵਾਰ ਆਪਣਾ ਨਾਂ ਵਾਪਸ ਲੈ ਲੈਂਦਾ ਹੈ ਤਾਂ ਉਸ ਦੀ ਜਮ੍ਹਾਂ-ਜਮਾਨਤ ਰਾਸ਼ੀ ਵਾਪਸ ਕਰ ਦਿੱਤੀ ਜਾਂਦੀ ਹੈ।

**ਚੋਣ ਨਿਸ਼ਾਨ:-** ਚੋਣਾਂ ਵਿੱਚ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਚੋਣ ਆਯੋਗ ਵਲੋਂ ਅਲਾਟ ਕੀਤੇ ਜਾਂਦੇ ਹਨ। ਰਾਜਨੀਤਿਕ ਦਲਾਂ ਨੂੰ ਵਿਸ਼ੇਸ਼ ਅਤੇ ਪ੍ਰਸਿੱਧ ਚਿੰਨ੍ਹ ਅਲਾਟ ਕੀਤੇ ਜਾਂਦੇ ਹਨ। ਸਾਡੇ ਦੇਸ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਨੂੰ ਹੱਥ, ਭਾਰਤੀ ਸਾਮਵਾਦੀ ਪਾਰਟੀ ਨੂੰ ਦਾਤੀ ਤੇ ਬਲੀ, ਭਾਰਤੀ ਮਾਰਕਸਵਾਦੀ ਸਮਾਵਾਦੀ ਪਾਰਟੀ ਨੂੰ ਦਾਤੀ ਹਥੋੜਾ ਤੇ ਸਿਤਾਰਾ, ਭਾਰਤੀ ਜਨਤਾ ਪਾਰਟੀ ਨੂੰ ਕਮਲ, ਜਨਤਾ ਪਾਰਟੀ ਨੂੰ ਹਲਧਰ, ਜਨਤਾ ਦਲ ਨੂੰ ਚੱਕਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਤੱਕੜੀ ਆਦਿ ਦੇ ਚਿੰਨ੍ਹ ਆਯੋਗ ਵੱਲੋਂ ਅਲਾਟ ਕੀਤੇ ਗਏ ਹਨ।

**ਚੋਣ ਮੁਹਿੰਮ:-** ਚੋਣ ਪ੍ਰਕਿਰਿਆ ਦਾ ਅਗਲਾ ਪੜਾਅ ਚੋਣ ਮੁਹਿੰਮ ਹੈ। ਚੋਣ ਮੁਹਿੰਮ ਕਨੂੰਨਾ ਅਨੁਸਾਰ ਹੀ ਕੀਤੀ ਜਾਂਦੀ ਹੈ। ਚੋਣ ਮੁਹਿੰਮ ਦੇ ਅਰੰਭ ਅਤੇ ਸਮਾਪਤ ਕਰਨ ਦੀਆਂ ਮਿਤੀਆਂ ਚੋਣ ਆਯੋਗ ਵੱਲੋਂ ਪਹਿਲਾਂ ਹੀ ਨਿਸਚਿਤ ਕਰ ਦਿੱਤੀਆਂ ਜਾਂਦੀਆਂ ਹਨ। ਹਰੇਕ ਰਾਜਨੀਤਿਕ ਦਲ ਜਾਂ ਉਮੀਦਵਾਰ ਚੋਣਾਂ ਤੋਂ ਪਹਿਲਾਂ ਹੀ ਚੋਣ ਲੜਨ ਤੇ ਜਿੱਤਣ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਉਹ ਮੱਤਦਾਤਿਆਂ ਨਾਲ ਸੰਪਰਕ ਕਾਇਮ ਕਰਦੇ ਹਨ ਅਤੇ ਉਹਨਾਂ ਨੂੰ ਆਪਣੇ ਪੱਖ ਵਿੱਚ ਮੱਤ ਪਾਉਣ ਲਈ ਪ੍ਰੇਰਦੇ ਹਨ। ਚੋਣ ਮੁਹਿੰਮ ਭਿੰਨ-ਭਿੰਨ ਸਾਧਨਾਂ ਦੁਆਰਾ ਚਲਾਈ ਜਾਂਦੀ ਹੈ। ਇਸ ਕਾਰਵਾਈ ਵਿੱਚ ਇਸ਼ਤਿਹਾਰ ਲਗਾਉਣੇ ਗਲੀ, ਮੁਹੱਲਾ ਮੀਟਿੰਗਾਂ ਕਰਨੀਆਂ, ਭਾਸ਼ਨ ਦੇਣ, ਜਲਸੇ ਕਰਨੇ ਤੇ ਜਲੂਸ ਕਢਣੇ ਅਤੇ ਘਰ-ਘਰ ਵਿੱਚ ਸਮੱਰਥਕਾ ਵੱਲੋਂ ਪ੍ਰਚਾਰ ਕਰਨਾ ਸ਼ਾਮਲ ਹੈ।

ਅਜਕਲ ਲੋਕਾਂ ਸਾਹਮਣੇ ਚੋਣ ਮਨੋਰਥ ਪੱਤਰ ਪੇਸ਼ ਕਰਨਾ ਚੋਣ ਮੁਹਿੰਮ ਦਾ ਇਕ ਵੱਡਾ ਸਾਧਨ ਬਣ ਗਿਆ ਹੈ। ਰਾਜਨੀਤਕ ਦਲ ਚੋਣ ਮਨੋਰਥ ਪੱਤਰ ਤਿਆਰ ਕਰਕੇ ਤੇ ਜਨਤਾ ਦੇ ਸਾਹਮਣੇ ਪੇਸ਼ ਕਰਦੇ ਹਨ। ਇਸ ਚੋਣ ਮਨੋਰਥ ਪੱਤਰ ਦੁਆਰਾ ਦਲ ਦੀਆਂ ਮਾਨਤਾਵਾਂ ਪ੍ਰਮੁੱਖ ਵਿਚਾਰ ਨੀਤਿਆਂ ਦੇ ਕਾਰਜਕ੍ਰਮ ਤੇ ਕੁਝ ਵਾਇਦੇ ਜਨਤਾ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਸੰਖੇਪ ਵਿੱਚ ਚੋਣ ਮਨੋਰਥ ਪੱਤਰ ਮਹੱਤਵਪੂਰਨ ਦਸਤਾਵੇਜ ਹੁੰਦਾ ਹੈ ਜਿਸ ਰਾਹੀਂ ਆਮ ਜਨਤਾ ਪਾਰਟੀਆਂ ਬਾਰੇ ਆਪਣੇ ਵਿਚਾਰ ਬਣਾਉਂਦੀ ਹੈ। ਚੋਣ ਮੁਹਿੰਮ ਅਸਲੀ ਮਤਦਾਨ ਵਾਲੇ ਦਿਨ ਤੋਂ 48 ਘੰਟੇ ਪਹਿਲਾਂ ਸਮਾਪਤ ਹੋ ਜਾਂਦੀ ਹੈ।

**ਪੋਲਿੰਗ ਸਟੇਸ਼ਨ ਤੇ ਵੋਟਾਂ:-** ਚੋਣ ਆਯੋਗ ਵਲੋਂ ਹਰੇਕ ਖੇਤਰ ਵਿੱਚ ਮਤਦਾਤਿਆਂ ਦੀ ਸਹੂਲਤ ਲਈ ਅਨੇਕਾਂ ਮਤਦਾਨ ਕੇਂਦਰ ਸਥਾਪਤ ਕੀਤੇ ਜਾਂਦੇ ਹਨ। ਮਤਦਾਨ ਕੇਂਦਰ ਇਸ ਢੰਗ ਨਾਲ ਸਥਾਪਿਤ ਕੀਤੇ ਜਾਂਦੇ ਹਨ ਕਿ ਮਤਦਾਤਿਆਂ ਨੂੰ ਵੋਟ ਪਾਉਣ ਲਈ ਬਹੁਤੀ ਦੂਰ ਨਾ ਜਾਣਾ ਪਵੇ। ਹਰੇਕ ਮਤਦਾਨ ਕੇਂਦਰ ਵਿੱਚ ਇਕ ਨਿਸ਼ਚਤ ਗਿਣਤੀ ਤਕ ਮਤਦਾਤਾ ਰੱਖੇ ਜਾਂਦੇ ਹਨ।

**ਮੱਤਾਂ ਦੀ ਗਿਣਤੀ ਤੇ ਨਤੀਜੇ:-** ਵੋਟਾਂ ਪਾਉਣ ਦਾ ਸਮਾਂ ਸਮਾਪਤ ਹੋਣ ਅਤੇ ਮੱਤਦਾਨ ਸਟੇਸ਼ਨ ਅੰਦਰ ਹਾਜਰ ਸਾਰੇ ਮੱਤਦਾਤਿਆਂ ਦੀਆਂ ਵੋਟਾਂ ਦੇ ਭੁਗਤਾਨ ਤੋਂ ਬਾਅਦ ਰਿਟਰਿਨੰਗ ਅਫਸਰ ਅਤੇ ਉਸ ਦੇ ਸਾਥੀ ਕਰਮਚਾਰੀ ਮੱਤ ਪੇਟੀਆਂ ਨੂੰ ਸੀਲ ਕਰਕੇ ਰਿਟਰਿਨੰਗ ਅਫਸ ਦੇ ਦਫਤਰ ਵਿੱਚ ਜਮ੍ਹਾਂ ਕਰਾ ਦਿੰਦੇ ਹਨ।

ਚੋਣ ਆਯੋਗ ਵੱਲੋਂ ਨਿਸ਼ਚਿਤ ਦਿਨ ਨੂੰ ਰਿਟਰਨਿੰਗ ਅਫਸਰ ਆਪਣੇ ਸਹਾਇਕ ਕਰਮਚਾਰੀਆਂ ਅਤੇ ਡਿਊਟੀ 'ਤੇ ਤੈਨਾਤ ਅਧਿਕਾਰੀਆਂ ਦੀ ਸਹਾਇਤਾ ਨਾਲ ਉਮੀਦਵਾਰਾਂ ਜਾਂ ਉਨ੍ਹਾਂ ਦੇ ਪ੍ਰਤੀਨਿਧਾਂ ਦੇ ਸਾਹਮਣੇ ਮਤਾਂ ਦੀ ਗਿਣਤੀ ਕਰਾਉਂਦਾ ਹੈ। ਸਾਰੇ ਉਮੀਦਵਾਰਾਂ ਦੀਆਂ ਵੋਟਾਂ ਗਿਣਨ ਉਪਰੰਤ, ਜਿਸ ਉਮੀਦਵਾਰ ਦੀਆਂ ਸਭ ਤੋਂ ਵੱਧ ਵੋਟਾਂ ਹੁੰਦੀਆਂ ਹਨ ਉਸ ਨੂੰ ਰਿਟਰਨਿੰਗ ਅਫ਼ਸਰ ਜੇਤੂ ਘੋਸ਼ਿਤ ਕਰਦਾ ਹੈ।

**ਚੋਣ ਖਰਚੇ ਦਾ ਵੇਰਵਾ:-** ਹਰੇਕ ਉਮੀਦਵਾਰ ਨੂੰ ਚੋਣ ਸਮਾਪਤ ਹੋਣ ਤੋਂ 45 ਦਿਨਾਂ ਦੇ ਅੰਦਰ ਚੋਣ ਵਿੱਚ ਖਰਚ ਕੀਤੇ ਜਾਣ ਵਾਲੇ ਧਨ ਦਾ ਵੇਰਵਾ ਚੋਣ ਆਯੋਗ ਨੂੰ ਭੇਜਣਾ ਪੈਂਦਾ ਹੈ। ਚੋਣ ਵਿੱਚ ਖਰਚ ਕੀਤੇ ਜਾਣ ਲਈ ਧਨ ਰਾਸ਼ੀ ਨਿਸ਼ਚਿਤ ਕੀਤੀ ਹੋਈ ਹੈ। ਇਹ ਇਸ ਲਈ ਕੀਤਾ ਗਿਆ ਹੈ ਕਿ ਧੱਨਾਢ ਵਿਅੱਕਤੀ ਹੀ ਧਨ ਦੇ ਜ਼ੋਰ ਨਾਲ ਚੋਣਾਂ ਨਾ ਜਿੱਤ ਜਾਣ ਅਤੇ ਗਰੀਬ ਵਿਅੱਕਤੀ ਉਨ੍ਹਾਂ ਦਾ ਮੁਕਾਬਲਾ ਨਾ ਕਰ ਸਕਣ।

**ਚੋਣ ਵਿਰੁੱਧ ਅਪੀਲ:-** ਜੇਕਰ ਕੋਈ ਉਮੀਦਵਾਰ ਚੋਣ ਨਤੀਜੇ ਦੀ ਘੋਸ਼ਣਾ ਤੋਂ ਬਾਅਦ ਇਹ ਮਹਿਸੂਸ

ਕਰੇ ਕਿ ਚੋਣ ਵਿੱਚ ਪੱਖਪਾਤ ਹੋਇਆ ਹੈ ਜਾਂ ਗੈਰ-ਕਨੂੰਨੀ ਸਾਧਨਾਂ ਦੀ ਵਰਤੋਂ ਕਰਕੇ ਚੋਣ ਜਿੱਤ ਲਈ ਗਈ ਹੈ ਤਾਂ ਉਹ ਚੋਣ ਵਿਰੁੱਧ ਉੱਚ ਅਦਾਲਤ ਜਾਂ ਸਰਵਉੱਚ ਅਦਾਲਤ ਵਿੱਚ ਅਪੀਲ ਕਰ ਸਕਦਾ ਹੈ। ਅਦਾਲਤ ਇਸ ਗਲ ਦੀ ਜਾਂਚ-ਪੜਤਾਲ ਕਰਦੀ ਹੈ ਅਤੇ ਜੇਕਰ ਲਾਏ ਗਏ ਦੋਸ਼ ਸਿੱਧ ਹੋ ਜਾਣ ਤਾਂ ਜੇਤੂ ਉਮੀਦਵਾਰ ਦੀ ਚੋਣ ਰੱਦ ਕਰ ਦਿੱਤੀ ਜਾਂਦੀ ਹੈ। ਅਜਿਹਾ ਬਹੁਤ ਘਟ ਵਾਰ ਹੁੰਦਾ ਹੈ ਕਿਉਂਕਿ ਦੋਸ਼ ਸਿੱਧ ਕਰਨੇ ਬਹੁਤ ਮੁਸ਼ਕਲ ਹੁੰਦੇ ਹਨ।

ਭਾਰਤੀ ਸੰਵਿਧਾਨ ਨਿਰਮਾਤਾ ਅਜਾਦ ਤੇ ਨਿਰਪੱਖ ਚੋਣਾਂ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਇਸ ਲਈ ਸੁਤੰਤਰ ਤੇ ਨਿਰਪੱਖ ਚੋਣਾਂ ਕਰਾਉਣ ਦੀ ਜ਼ਿੰਮੇਵਾਰੀ ਭਾਰਤ ਵਿੱਚ ਇਕ ਸੁਤੰਤਰ ਚੋਣ ਆਯੋਗ ਨੂੰ ਸੌਂਪੀ ਗਈ ਹੈ। ਵਰਤਮਾਨ ਚੋਣ ਆਯੋਗ ਤਿੰਨ ਮੈਂਬਰੀ ਹੈ ਇਨ੍ਹਾਂ ਮੈਂਬਰਾਂ ਦੀ ਨਿਯੁੱਕਤੀ ਰਾਸ਼ਟਰੀਪਤੀ ਦੁਆਰਾ ਛੇ ਸਾਲਾਂ ਲਈ ਕੀਤੀ ਜਾਂਦੀ ਹੈ। ਚੋਣ ਆਯੋਗ ਦੇ ਮੈਂਬਰਾਂ ਨੂੰ ਆਪਣੀ ਪੱਦਵੀ ਤੋਂ ਉਸੇ ਤਰ੍ਹਾਂ ਹੀ ਹਟਾਇਆ ਜਾ ਸਕਦਾ ਹੈ ਜਿਵੇਂ ਕਿ ਇਕ ਸੁਪਰੀਮ ਕੋਰਟ ਦੇ ਜੱਜ ਨੂੰ ਹਟਾਇਆ ਜਾਂਦਾ ਹੈ।

ਚੋਣ ਆਯੋਗ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਸੰਸਦ ਅਤੇ ਰਾਜ ਵਿਧਾਨ ਮੰਡਲਾਂ ਦੀਆਂ ਚੋਣਾਂ ਦਾ ਪ੍ਰਬੰਧ, ਸੰਚਾਲਨ ਅਤੇ ਨਿਗਰਾਨੀ ਕਰਦਾ ਹੈ। ਚੋਣ ਆਯੋਗ ਇਨ੍ਹਾਂ ਚੋਣਾਂ ਨੂੰ ਹਰ ਸੰਭਵ ਤਰੀਕੇ ਨਾਲ ਅਜਾਦ ਅਤੇ ਨਿਰਪੱਖ ਹੋ ਕੇ ਕਰਵਾਉਂਦਾ ਹੈ। ਮਿ: ਟੀ. ਐਨ. ਸੈਸ਼ਨ ਅਤੇ ਸ: ਐਮ. ਐਸ. ਗਿੱਲ ਦੀ ਅਗਵਾਈ ਹੇਠ ਭਾਰਤੀ ਚੋਣ ਆਯੋਗ ਨੇ ਆਪਣੀ ਨਿਰਪੱਖਤਾ ਤੇ ਸੁਤੰਤਰ ਹੋ ਕੇ ਦੇਸ ਦੀਆਂ ਚੋਣਾਂ ਕਰਵਾ ਕੇ ਸਾਰੇ ਵਿਸ਼ਵ ਵਿੱਚ ਧਾਕ ਜਮਾਈ ਹੈ।

## ਲੋਕ ਮੱਤ
## (Public Opinion)


ਲੋਕਤੰਤਰੀ ਸ਼ਾਸਨ ਪ੍ਰਨਾਲੀ ਲੋਕ ਇੱਛਾ ਅਤੇ ਲੋਕ ਮੱਤ 'ਤੇ ਅਧਾਰਿਤ ਹੁੰਦਾ ਹੈ। ਕੋਈ ਵੀ ਸ਼ਾਸਨ ਲੋਕ ਇੱਛਾ ਅਤੇ ਲੋਕ ਮੱਤ ਦੀ ਨਿਰਾਦਰੀ ਕਰਕੇ ਆਪਣਾ ਸ਼ਾਸਨ ਸਥਾਈ ਰੂਪ ਨਾਲ ਸਥਾਪਿਤ ਨਹੀਂ ਰੱਖ ਸਕਦਾ ਹੈ। ਰੂਸੋ ਅਨੁਸਾਰ ਜਨਤਾ ਦੀ ਆਵਾਜ ਪ੍ਰਮਾਤਾਮਾ ਦੀ ਆਵਾਜ ਹੁੰਦੀ ਹੈ। ਇਸ ਆਵਾਜ ਨੂੰ ਅਣਸੁਣੀ ਕਰਨਾ ਖੱਤਰੇ ਤੋਂ ਖਾਲੀ ਨਹੀਂ।

ਲੋਕਮੱਤ ਦੀ ਪਰਿਭਾਸ਼ਾ ਬਾਰੇ ਵਿਦਵਾਨਾਂ ਦਾ ਇੱਕ ਮਤ ਹੈ। ਕੁਝ ਵਿਦਵਾਨ ਬਹੁਗਿਣਤੀ ਦੀ ਰਾਏ ਨੂੰ ਹੀ ਲੋਕਮੱਤ ਕਹਿ ਦਿੰਦੇ ਹਨ ਪਰ ਇਹ ਉਚਿਤ ਨਹੀਂ ਹੈ ਕਿਉਂਕਿ ਬਹੁ-ਗਿਣਤੀ ਦੀ ਰਾਏ ਸੁਆਰਥੀ ਭਾਵਨਾ ਵਾਲੀ ਜਾਂ ਖੁਦਗਰਜੀ ਵਾਲੀ ਹੋ ਸਕਦੀ ਹੈ। ਸਰਵੰਸਮਤੀ ਵਾਲੇ ਮਤ ਨੂੰ ਅਸੀਂ ਉਦੋਂ ਤਕ ਲੋਕਮਤ ਨਹੀਂ ਕਰ ਸਕਦੇ ਜਦ ਤਕ ਉਸ ਦਾ ਉਦੇਸ਼ ਸਰਵਜਨਕ ਭਲਾਈ ਨਾ ਹੋਵੇ। ਇਸ ਤਰ੍ਹਾਂ ਲੋਕ ਮੱਤ ਲਈ ਨਾ ਕੇਵਲ ਬਹੁ-ਮੱਤ ਕਾਫੀ ਹੈ ਅਤੇ ਨਾ ਹੀ ਸਰਵਸੰਮਤੀ ਜ਼ਰੂਰੀ ਹੈ। ਲੋਕਮਤ ਇਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ ਜਿਸ ਨਾਲ ਘੱਟ ਗਿਣਤੀ ਵਾਲਾ ਵਰਗ ਸਹਿਮਤ ਨਾ ਹੁੰਦਿਆਂ ਹੋਇਆ ਵੀ ਇਸ ਨੂੰ ਦੇਸ ਦੇ ਹਿਤ ਲਈ ਠੀਕ ਸਮਝ ਕੇ ਪ੍ਰਵਾਨ ਕਰ ਲਏ ਅਤੇ ਇਹ ਲੋਕ ਕਲਿਆਣਕਾਰੀ ਹੋਵੇ। ਸਰਬਤ ਦਾ ਭਲਾ ਚਾਹੁਣ ਵਾਲਾ ਮਤ ਹੀ ਲੋਕ ਮੱਤ ਹੁੰਦਾ ਹੈ।

### ਨਿਰਮਾਣ ਅਤੇ ਪ੍ਰਗਟਾਵੇ ਦੇ ਸਾਧਨ

ਸਮਾਜ ਵਿੱਚ ਲੋਕ ਮੱਤ ਨਾ ਤਾਂ ਆਪਣੇ ਆਪ ਬਣਦਾ ਹੈ ਅਤੇ ਨਾ ਹੀ ਪ੍ਰਗਟ ਹੁੰਦਾ ਹੈ। ਲੋਕ ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਲਈ ਸੁਚੇਤ, ਇਛੁੱਕ ਅਤੇ ਗੰਭੀਰ ਯਤਨ ਕਰਨੇ ਪੈਂਦੇ ਹਨ। ਲੋਕ ਮੱਤ ਦਾ ਨਿਰਮਾਣ ਕਰਨ ਲਈ ਸਮਾਂ ਤੇ ਸ਼ਕਤੀ ਲਗਦੀ ਹੈ। ਲੋਕ ਮੱਤ ਦੇ ਨਿਰਮਾਣ ਲਈ ਕਈ ਤੱਥ ਅਤੇ ਤੱਤ

ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਲੋਕਤੰਤਰੀ ਸ਼ਾਸਨ ਪ੍ਰਨਾਲੀ ਵਿੱਚ ਲੋਕ ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਲਈ ਕਈ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਸਾਧਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ।




ਲੋਕਮੱਤ ਦਾ ਨਿਰਮਾਣ ਕਰਨ ਦੇ ਸਾਧਨ

**ਜਨਤਕ ਸਭਾਵਾਂ:-** ਲੋਕ ਮੱਤ ਦੇ ਨਿਰਮਾਣ ਲਈ ਜਨਤਕ ਸਭਾਵਾਂ ਇਕ ਮਹੱਤਵਪੂਰਨ ਸਾਧਨ ਹਨ। ਸਮੇਂ ਸਮੇਂ ਤੇ ਸ਼ਾਸਕ ਦਲ ਅਤੇ ਵਿਰੋਧੀ ਧਿਰ ਜਨਤਕ ਸਭਾਵਾਂ ਕਰਦੇ ਹਨ। ਇਨ੍ਹਾਂ ਸਭਾਵਾਂ ਵਿੱਚ ਉੱਘੇ ਨੇਤਾ, ਲੋਕਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਨੂੰ ਹੱਲ ਕਰਨ ਬਾਰੇ ਵਿਚਾਰ ਪ੍ਰਗਟ ਕਰਦੇ ਹਨ। ਆਪਣੇ ਦਲ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਦੀ ਸਪਸ਼ਟ ਵਿਆਖਿਆ ਕਰਦੇ ਹਨ। ਸ਼ਾਸਨ ਅਤੇ ਵਿਰੋਧੀ ਦਲ ਇਨ੍ਹਾਂ ਜਨਤਕ ਸਭਾਵਾਂ ਵਿੱਚ ਇੱਕ ਦੂਜੇ ਦੀ ਖੁਲ੍ਹੇ ਆਮ ਅਲੋਚਨਾ ਕਰਦੇ ਹਨ।

ਇਨ੍ਹਾਂ ਜਨਤਕ ਸਭਾਵਾਂ ਦਾ ਅਨਪੜ੍ਹ ਅਤੇ ਅਨਜਾਣ ਲੋਕਾਂ ਦੇ ਮਨਾਂ ਤੇ ਵਧੇਰੇ ਪ੍ਰਭਾਵ ਪੈਂਦਾ ਹੈ। ਕਿਉਂਕਿ ਉਹ ਸਮਾਚਾਰ ਪੱਤਰ ਜਾਂ ਰਾਜਨੀਤਿਕ ਸਾਹਿਤ ਨਹੀਂ ਪੜ੍ਹ ਸਕਦੇ। ਅਜਿਹੇ ਵਿਅਕਤੀ ਆਪਣੇ ਵਿਚਾਰ ਜਾਂ ਮਤ ਨੇਤਾਵਾਂ ਦੇ ਭਾਸ਼ਣ ਸੁਣ ਕੇ ਹੀ ਬਣਾਉਂਦੇ ਹਨ। ਸੰਖੇਪ ਵਿੱਚ ਜਨਤਕ ਸਭਾਵਾਂ ਲੋਕਮਤ ਦੇ ਪ੍ਰਗਟਾਵੇ ਦਾ ਸਾਧਨ ਸਿੱਧ ਹੁੰਦੀਆਂ ਹਨ।

**ਰਾਜਨੀਤਿਕ ਦਲ:-** ਹਰੇਕ ਰਾਜਨੀਤਿਕ ਦਲ ਦਾ ਉਦੇਸ਼ ਸਰਕਾਰ 'ਤੇ ਨਿਯੰਤ੍ਰਣ ਕਰਨਾ ਹੁੰਦਾ ਹੈ। ਜੇਕਰ ਕੋਈ ਦਲ ਸੱਤਾ ਵਿੱਚ ਆਉਣਾ ਚਾਹੁੰਦਾ ਹੈ ਤਾਂ ਉਸ ਲਈ ਜਨਮੱਤ ਨੂੰ ਆਪਣੇ ਪੱਖ ਵਿੱਚ ਕਰਕੇ ਵੱਧ ਤੋਂ ਵੱਧ ਲੋਕਾਂ ਦਾ ਸਰਮਰਥਨ ਪ੍ਰਾਪਤ ਕਰਨਾ ਜ਼ਰੂਰੀ ਹੁੰਦਾ ਹੈ। ਸੰਖੇਪ ਵਿੱਚ ਰਾਜਨੀਤਿਕ ਦਲ ਲੋਕ ਮੱਤ ਦਾ ਨਿਰਮਾਣ ਅਤੇ ਪ੍ਰਗਟ ਕਰਨ ਦਾ ਮਹੱਤਵਪੂਰਨ ਸਾਧਨ ਹੁੰਦੇ ਹਨ।

**ਚੋਣਾਂ:-** ਲੋਕਤੰਤਰ ਵਿੱਚ ਜਨਮੱਤ ਪ੍ਰਗਟ ਕਰਨ ਲਈ ਚੋਣਾਂ ਬਹੁਤ ਸਾਧਨ ਹੁੰਦੀਆਂ ਹਨ। ਚੋਣਾਂ ਸਮੇਂ ਰਾਜਨੀਤਿਕ ਦਲ ਦੇਸ ਦੀਆਂ ਸਮਸਿਆਵਾਂ ਜਨਤਾ ਦੇ ਸਾਹਮਣੇ ਪੇਸ਼ ਕਰਦੇ ਹਨ। ਚੋਣਾਂ ਦੇ ਦੌਰਾਨ ਕਾਫੀ ਰਾਜਨੀਤਿਕ ਸਾਹਿਤ ਤੇ ਇਸ਼ਤਿਹਾਰ ਵੰਡੇ ਜਾਂਦੇ ਹਨ। ਜਲੂਸਾਂ, ਜਲਸਿਆਂ ਅਤੇ ਵੱਖ-ਵੱਖ ਸਮਾਗਮਾਂ ਦੁਆਰਾ ਚੋਣਾਂ ਦੌਰਾਨ ਰਾਜਨੀਤਿਕ ਦਲ ਲੋਕ ਮੱਤ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

**ਵਿਧਾਨ ਮੰਡਲ:-** ਵਿਧਾਨ ਮੰਡਲ ਨੂੰ ਲੋਕਾਂ ਦੀ ਇੱਛਾ ਦਾ ਦਰਪਣ ਕਿਹਾ ਜਾਂਦਾ ਹੈ ਕਿਉਂਕਿ ਵਿਧਾਨ ਮੰਡਲ ਦੇ ਮੈਂਬਰ ਵੱਖ-ਵੱਖ ਦਲਾਂ ਅਤੇ ਦ੍ਰਿਸ਼ਟੀ ਕੋਣਾਂ ਦੀ ਪਤੀਨਿਧਤਾ ਕਰਦੇ ਹਨ। ਵਿਧਾਨ ਮੰਡਲ ਦੀ ਕਾਰਵਾਈ ਲੋਕਾਂ ਤਕ ਸਮਾਚਾਰ-ਪੱਤਰਾਂ, ਰੇਡਿਓ ਤੇ ਦੂਰਦਰਸ਼ਨ ਦੁਆਰਾ ਪਹੁੰਚਾਈ ਜਾਂਦੀ ਹੈ। ਵਿਧਾਨ ਮੰਡਲ ਜਨਤੱਕ ਸ਼ਿਕਾਇਤ ਪ੍ਰਗਟਾਉਣ ਦਾ ਇੱਕ ਮੰਚ ਹੁੰਦਾ ਹੈ।

**ਸਿੱਖਿਆ ਸੰਸਥਾਵਾਂ:-** ਵਿੱਦਿਅਕ ਸੰਸਥਾਵਾਂ ਸਕੂਲ, ਕਾਲਜ ਤੇ ਵਿਸ਼ਵ ਵਿਦਿਆਲੇ ਲੋਕ ਮੱਤ ਦੇ ਨਿਰਮਾਣ ਲਈ ਮਹੱਤਵਪੂਰਨ ਸਾਧਨ ਹਨ। ਸਾਧਾਰਨ ਵਿਦਿਆਰਥੀ ਆਪਣੇ ਅਧਿਆਪਕਾਂ ਦੇ ਵਿਚਾਰਾਂ ਤੇ ਆਚਰਣ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਚੰਗੇ ਅਧਿਆਪਕ ਸਮਾਜ ਦੇ ਰਾਜ ਦੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੁੰਦੇ ਹਨ ਅਤੇ ਸਮੇਂ ਸਮੇਂ 'ਤੇ ਉਨ੍ਹਾਂ ਬਾਰੇ ਆਪਣੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਂਦੇ ਅਤੇ ਲੋਕ ਮਤ ਦੇ ਨਿਰਮਾਣ ਦਾ ਸਾਧਨ ਬਣਦੇ ਹਨ।

**ਰਾਜਨੀਤਿਕ ਸਾਹਿਤ:-** ਵਰਤਮਾਨ ਸਮੇਂ ਵਿੱਚ ਕਾਫੀ ਰਾਜਨੀਤਿਕ ਸਾਹਿਤ ਲਿਖਿਆ ਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਰਾਜਨੀਤਿਕ ਪੁਸਤਕਾਂ, ਵਿਸ਼ੇਸ਼ ਮਾਹਿਰਾਂ ਦੁਆਰਾ ਛੋਟੀਆਂ ਪੁਸਤਕਾਵਾਂ (Booklets), ਸੰਪਾਦਕੀ ਲੇਖ ਅਤੇ ਵਿਦਵਾਨਾਂ ਦੁਆਰਾ ਪ੍ਰਤੀ ਦਿਨ ਲਿਖੇ ਲੇਖ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਰਾਜਨੀਤਿਕ ਦਲ ਵੀ ਲੋਕ ਮੱਤ ਪ੍ਰਭਾਵਿਤ ਕਰਨ ਲਈ ਸਮੇਂ ਸਮੇਂ ਤੇ ਰਾਜਨੀਤਿਕ ਸਾਹਿਤ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਇਹ ਸਾਰਾ ਰਾਜਨੀਤਿਕ ਸਾਹਿਤ ਲੋਕਮਤ ਦੇ ਨਿਰਮਾਣ ਲਈ ਪ੍ਰਭਾਵਸ਼ਾਲੀ ਸਾਧਨ ਸਿੱਧ ਹੁੰਦਾ ਹੈ।

**ਸਿਨੇਮਾ:-** ਸਿਨੇਮਾ ਅਜਕਲ੍ਹ ਜਨਮੱਤ ਬਣਾਉਣ ਲਈ ਇੱਕ ਮਹੱਤਵਪੂਰਨ ਸਾਧਨ ਬਣ ਗਿਆ ਹੈ। ਚੰਗੀਆਂ ਤੇ ਕਲਾਤਮਕ ਫਿਲਮਾਂ ਸਮਾਜ ਤੇ ਰਾਜ ਦੀਆਂ ਜੀਉਂਦੀਆਂ ਜਾਗਦੀਆਂ ਸਮੱਸਿਆਵਾਂ ਨੂੰ ਜਨਤਾ ਦੇ ਸਾਹਮਣੇ ਪੇਸ਼ ਕਰਦੀਆਂ ਹਨ। ਉਦਾਹਰਣ ਲਈ ਜਾਤ-ਪਾਤ, ਛੂਤ-ਛਾਤ, ਫਿਰਕਾਪ੍ਰਸਤੀ, ਗਰੀਬੀ, ਬੇਕਾਰੀ, ਆਰਥਿਕ ਅਸਮਾਨਤਾ, ਨਸ਼ਾ, ਦਹੇਜ ਆਦਿ ਬੁਰਾਈਆਂ ਨੂੰ ਸਮਾਪਤ ਕਰਨ ਲਈ ਜਨਮੱਤ ਤਿਆਰ ਕਰਦੀਆਂ ਹਨ।

**ਪ੍ਰੈਸ ਜਾਂ ਸਮਾਚਾਰ ਪੱਤਰ:-** ਲੋਕ ਮੱਤ ਦਾ ਨਿਰਮਾਣ ਕਰਨ ਅਤੇ ਪ੍ਰਗਟਾਉਣ ਲਈ ਪ੍ਰੈਸ ਜਾਂ ਸਮਾਚਾਰ ਪੱਤਰ ਪ੍ਰਮੁੱਖ ਸਾਧਨ ਹੁੰਦੇ ਹਨ। ਅਜਾਦ, ਨਿਰਪੱਖ ਤੇ ਇਮਾਨਦਾਰ ਪ੍ਰੈਸ ਲੋਕਤੰਤਰ ਲਈ ਢਾਲ ਅਤੇ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ। ਪ੍ਰੈਸ ਵਿੱਚ ਦੈਨਿਕ ਸਮਾਚਾਰ ਪੱਤਰ, ਸਪਤਾਹਿਕ ਤੇ ਮਾਸਿਕ ਪੱਤਰ, ਰਸਾਲੇ ਅਤੇ ਅਨੇਕਾਂ ਜਨਤੱਕ ਮਾਮਲਿਆਂ ਨਾਲ ਸਬੰਧਿਤ ਪੁਸਤਕਾਂ ਤੇ ਸਾਹਿਤ ਸ਼ਾਮਿਲ ਹੈ। ਇਨ੍ਹਾਂ ਸਾਰਿਆਂ ਵਿੱਚੋਂ ਦੈਨਿਕ ਸਮਾਚਾਰ ਪੱਤਰ ਲੋਕ ਮੱਤ ਦੇ ਨਿਰਮਾਣ ਤੇ ਪ੍ਰਗਟਾਵੇ ਲਈ ਸਰਵ ਉੱਤਮ ਸਾਧਨ ਹਨ। ਇਨ੍ਹਾਂ ਸਮਾਚਾਰ ਪੱਤਰਾਂ ਵਿੱਚ ਦੇਸ ਅਤੇ ਵਿਦੇਸਾਂ ਨਾਲ ਸੰਬੰਧਿਤ ਸਮਾਚਾਰ ਛਪਦੇ ਹਨ, ਸ਼ਾਸਕ ਅਤੇ ਵਿਰੋਦੀ ਧਿੱਰ

ਦੇ ਨੇਤਾਵਾਂ ਦੇ ਵਿਚਾਰ ਛਪਦੇ ਹਨ। ਸੰਖੇਪ ਵਿਚ ਸਮਾਚਾਰ ਪੱਤਰਾਂ ਵਿੱਚ ਪ੍ਰਕਾਸ਼ਿਤ ਖਬਰਾਂ, ਸੰਪਾਦਕੀ, ਪਾਠਕਾਂ ਦੇ ਵਿਚਾਰ ਤੇ ਵਿਦਵਾਨਾਂ ਦੇ ਲੇਖ ਆਦਿ ਲੋਕ ਮੱਤ ਦਾ ਨਿਰਮਾਣ ਅਤੇ ਪ੍ਰਗਟ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਬਿਜਲਈ ਸਾਧਨ:-** ਬਿਜਲਈ ਸਾਧਨਾਂ ਵਿੱਚੋਂ ਅਤੇ ਦੂਰਦਰਸ਼ਨ ਲੋਕ-ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਲਈ ਮਹੱਤਵਪੂਰਣ ਸਾਧਨ ਹਨ। ਆਕਾਸ਼ਵਾਣੀ ਅਤੇ ਦੂਰਦਰਸ਼ਨ ਨਾ ਸਿਰਫ ਮਨੋਰੰਜਨ ਦੇ ਸਾਧਨ ਹਨ ਬਲਕਿ ਇਨ੍ਹਾਂ ਰਾਹੀਂ ਸਮਾਚਾਰ ਤੇ ਵਿਚਾਰ ਜਨਤਾ ਤਕ ਪਹੁੰਚਾਏ ਜਾਂਦੇ ਹਨ। ਇਨ੍ਹਾਂ ਰਾਹੀਂ ਲੋਕਾਂ ਵਿੱਚ ਜਾਗਰਤੀ ਪੈਦਾ ਕੀਤੀ ਜਾਂਦੀ ਹੈ ਅਤੇ ਲੋਕਮਤ ਦਾ ਨਿਰਮਾਣ ਕੀਤਾ ਜਾਂਦਾ ਹੈ।

ਇਨ੍ਹਾਂ ਉਪਰੋਕਤ ਵਿਚਾਰਾਂ ਤੋਂ ਅਸੀਂ ਇਸ ਨਤੀਜੇ 'ਤੇ ਪੁਜਦੇ ਹਾਂ ਕਿ ਨਿਰਪੱਖ ਤੇ ਸੁਤੰਤਰ ਪ੍ਰੈਮ, ਬਿਜਲਈ ਸਾਧਨ, ਵਿਦਿਅਕ ਸੰਸਥਾਵਾਂ, ਚੰਗੇ ਰਾਜਨੀਤਿਕ ਦਲ, ਸਿਨਮਾ, ਸੁਚੇਤ ਅਤੇ ਨਿਆਂਸ਼ੀਲ ਵਿਧਾਨ ਮੰਡਲ ਆਦਿ ਸਵੱਛ ਲੋਕਮਤ ਨਿਰਮਾਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਲੋਕਤੰਤਰ ਵਿੱਚ ਲੋਕਮਤ ਦਾ ਮਹੱਤਵ (Significance of Public Opinion in Democracy)** ਲੋਕ-ਮਤ ਅਤੇ ਲੋਕਤੰਤਰ ਵਿੱਚ ਡੂੰਘਾ ਸੰਬੰਧ ਹੁੰਦਾ ਹੈ। ਲੋਕਮਤ, ਲੋਕਤੰਤਰ ਦਾ ਅਧਾਰ ਹੁੰਦਾ ਹੈ। ਅੱਜ ਦਾ ਯੁਗ ਲੋਕਤੰਤਰ ਦਾ ਯੁਗ ਹੈ ਅਤੇ ਲੋਕਤੰਤਰ ਦਾ ਮਤੰਵ ਲੋਕਾਂ ਦਾ ਕਲਿਆਣ ਕਰਨਾ ਹੁੰਦਾ ਹੈ। ਲੋਕਮਤ ਸਹੀ ਅਰਥਾਂ ਵਿੱਚ ਲੋਕਤੰਤਰੀ ਸਰਕਾਰ ਦੀ ਆਤਮਾ ਹੁੰਦੀ ਹੈ। ਕਿਉਂਕਿ ਲੋਕਤੰਤਰੀ ਸਰਕਾਰ ਆਪਣੀ ਸਾਰੀ ਸ਼ਕਤੀ ਜਨਮਤ ਤੋਂ ਹੀ ਪ੍ਰਾਪਤ ਕਰਦੀ ਹੈ ਅਤੇ ਇਸ ਦੇ ਸਹਾਰੇ 'ਤੇ ਹੀ ਕਾਇਮ ਰਹਿੰਦੀ ਹੈ। ਅਜਿਹੀ ਸਰਕਾਰ ਦਾ ਸਦਾ ਇਹ ਯਤਨ ਹੁੰਦਾ ਹੈ ਕਿ ਲੋਕਮਤ ਸਦਾ ਹੀ ਉਸ ਦੇ ਪੱਖ ਵਿੱਚ ਰਹੇ, ਭਾਵ ਉਸ ਦੇ ਵਿਰੁੱਧ ਨਾ ਹੋ ਜਾਵੇ। ਇਸ ਪ੍ਰਕਾਰ ਅਸੀਂ ਲੋਕਮਤ ਨੂੰ ਕਲਿਆਣਕਾਰੀ ਰਾਜ ਦੀ ਆਤਮਾ ਵੀ ਕਹਿ ਸਕਦੇ ਹਾਂ। ਇਸ ਤੋਂ ਇਲਾਵਾਂ ਲੋਕਤੰਤਰੀ ਸਰਕਾਰ ਵਿੱਚ ਸਰਕਾਰ ਨੂੰ ਸਿੱਧੇ ਰਾਹ ਤੇ ਚਲਾਉਣ ਲਈ ਜਾਗਰਤ ਜਨਮਤ ਦੀ ਬਹੁਤ ਲੋੜ ਹੈ। ਲੋਕਤੰਤਰ ਲੋਕਾਂ ਦਾ ਸ਼ਾਸਨ ਹੁੰਦਾ ਹੈ।

ਅਜਿਹਾ ਸ਼ਾਸਨ ਜਨਤਾ ਦੀਆਂ ਇੱਛਾਵਾਂ ਅਤੇ ਆਦੇਸ਼ਾਂ 'ਤੇ ਚਲਦਾ ਹੈ। ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਆਮ ਚੋਣਾਂ ਕਾਫੀ ਲੰਬੇ ਸਮੇਂ ਪਿੱਛੋਂ ਹੁੰਦੀਆਂ ਹਨ ਜਿਸ ਦੇ ਫਲਸੂਰਪ ਸਰਕਾਰ ਦਾ ਜਨਤਾ ਨਾਲ ਸੰਪਰਕ ਟੁੱਟ ਜਾਂਦਾ ਹੈ। ਸਰਕਾਰ ਦੇ ਨਿਰੰਕੁਸ਼ ਬਣ ਜਾਣ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ ਅਤੇ ਲੋਕ ਰਾਜ ਹੋਂਦ ਖਤਰੇ ਵਿੱਚ ਪੈ ਸਕਦੀ ਹੈ। ਇਸ ਲਈ ਜਨਮਤ ਹੀ ਲੋਕਤੰਤਰੀ ਸਰਕਾਰ ਦੀ ਸਫਲਤਾ ਦਾ ਬੁਨਿਆਦੀ ਆਧਾਰ ਬਣ ਜਾਂਦਾ ਹੈ। ਲੋਕਮੱਤ ਲੋਕਤੰਤਰ ਸਰਕਾਰ ਤੇ ਇਕ ਲਟਕਦੀ ਹੋਈ ਤਲਵਾਰ ਦਾ ਵੀ ਕੰਮ ਕਰਦੀ ਹੈ ਜੋ ਸ਼ਾਸਕਾਂ ਨੂੰ ਸਹੀ ਕੰਮ ਕਰਨ ਲਈ ਪ੍ਰੇਰਦੀ ਹੈ। ਇਸ ਤਰ੍ਹਾਂ ਲੋਕਮਤ ਸ਼ਾਸਕਾਂ ਨੂੰ ਮਨਮਰਜ਼ੀ ਕਰਨ ਤੋਂ ਰੋਕਦੀ ਹੈ। ਕਨੂੰਨ ਬਣਾਉਣ ਸਮੇਂ ਅਤੇ ਉਨ੍ਹਾਂ ਨੂੰ ਲਾਗੂ ਕਰਦੇ ਸਮੇਂ ਲੋਕਤੰਤਰੀ ਸਰਕਾਰ ਹਮੇਸ਼ਾਂ ਹੀ ਜਨਤਕ ਰਾਏ ਨੂੰ ਮੁੱਖ ਰਖਦੀ ਹੈ। ਸੰਖੇਪ ਵਿੱਚ ਲੋਕਮਤ, ਲੋਕਤੰਤਰੀ ਸ਼ਾਸਨ ਦਾ ਮਾਰਗ ਦਰਸ਼ਨ ਕਰਦਾ ਹੈ।

## ਭਾਰਤੀ ਲੋਕਤੰਤਰੀ ਅਤੇ ਪ੍ਰਮੁੱਖ ਰਾਜਨੀਤਿਕ ਦਲ
## (Indian Democracy and Main Political Parties)

ਬਰਾਈਸ ਅਨੁਸਾਰ ਰਾਜਨੀਤਿਕ ਦਲ ਲੋਕਤੰਤਰੀ ਸਰਕਾਰ ਦੇ ਸੰਚਾਲਨ ਲਈ ਮਹੱਤਵਪੂਰਨ ਯੰਤਰ ਹਨ। ਇਹ ਜਨਮਤ ਦਾ ਨਿਰਮਾਣ ਅਤੇ ਪ੍ਰਗਟਾਵਾ ਕਰਦੇ ਹਨ। ਚੋਣਾਂ ਵਿੱਚ ਭਾਗ ਲੈਂਦੇ ਹਨ ਉਮੀਦਵਾਰਾਂ ਨੂੰ ਨਾਮਜੱਦ ਕਰਦੇ ਹਨ। ਲੋਕਾਂ ਨੂੰ ਚੋਣਾਂ ਲਈ ਤਿਆਰ ਕਰਕੇ ਰਾਜਨੀਤਿਕ ਸਿਖਿਆ ਦਿੰਦੇ ਹਨ। ਪ੍ਰਤੀਨਿਧਾਂ

ਦੀ ਚੋਣ ਕਰਦੇ ਹਨ, ਸਰਕਾਰ ਬਣਾਉਂਦੇ ਹਨ, ਸਰਕਾਰ ਨੂੰ ਜਿੰਮੇਵਾਰ ਠਹਿਰਾਉਂਦੇ ਹਨ ਅਤੇ ਲੋੜ ਪੈਣ ਤੇ ਇਕ ਬਦਲਵੀਂ ਸਰਕਾਰ ਦਾ ਪ੍ਰਬੰਧ ਵੀ ਕਰਦੇ ਹਨ। ਸੰਖੇਪ ਵਿੱਚ ਵਰਤਮਾਨ ਲੋਕਤੰਤਰੀ ਯੁਗ ਵਿੱਚ ਸੱਤਾ ਲਈ ਸੰਘਰਸ਼ ਲੁੱਕ—ਛੁੱਪ ਕੇ ਨਹੀਂ ਸਗੋਂ ਖੁੱਲ੍ਹੇ ਆਮ ਹੁੰਦਾ ਹੈ ਜਿਸ ਵਿੱਚ ਰਾਜਨੀਤਿਕ ਦਲ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਲੋਕਤੰਤਰੀ ਸਰਕਾਰ ਦੀ ਸਫਲਤਾ ਰਾਜਨੀਤਕ ਦਲਾਂ ਦੀ ਕਾਰਗੁਜਾਰੀ 'ਤੇ ਨਿਰਭਰ ਕਰਦੀ ਹੈ।

## ਭਾਰਤ ਵਿੱਚ ਰਾਜਨੀਤਿਕ ਦਲ

ਭਾਰਤੀ ਰਾਜਨੀਤਿਕ ਦਲਾਂ ਦਾ ਜਨਮ ਤੇ ਵਿਕਾਸ ਭਾਰਤ ਦੇ ਰਾਸ਼ਟਰੀ ਅੰਦੋਲਨ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ। ਅਜਾਦੀ ਤੋਂ ਪਹਿਲਾਂ ਇੰਡੀਅਨ ਨੈਸ਼ਨਲ ਕਾਂਗਰਸ ਦੇਸ ਦੀ ਆਜ਼ਾਦੀ ਦੇ ਚਾਹਾਵਾਨਾਂ ਦਾ ਇਕ ਸਰਬ ਸਾਂਝਾ ਸੰਗਠਨ ਸੀ। ਇਸ ਦਲ ਦਾ ਮੂਲ ਮੰਤਵ ਦੇਸ ਲਈ ਪੂਰਨ ਸਵਰਾਜ ਜਾਂ ਅਜਾਦੀ ਪ੍ਰਾਪਤ ਕਰਨਾ ਸੀ। ਇਸ ਲਈ ਭਾਰਤ ਦੀਆਂ ਸਾਰੀਆਂ ਰਾਸ਼ਟਰੀ ਸ਼ਕਤੀਆਂ ਨੇ ਕਾਂਗਰਸ ਦੀ ਅਜਾਦੀ ਲਈ ਜੱਦੋ ਜਹਿਦ ਕੀਤੀ। ਦੇਸ ਦੀ ਅਜਾਦੀ ਪਿਛੋਂ ਸਥਿਤੀ ਬਦਲ ਗਈ। ਵਰਤਮਾਨ ਸਮੇਂ ਵਿੱਚ ਹਰੇਕ ਰਾਜਨਿਤਿਕ ਦਲ ਆਪਣੀ ਸੋਚ ਅਤੇ ਵਿਚਾਰਾਂ ਅਨੁਸਾਰ ਭਾਰਤੀ ਸਮਾਜ ਦੀਆਂ ਸਮਸਿਆਵਾਂ ਨੂੰ ਨਿਸ਼ਚਿਤ ਕਰਨ ਅਤੇ ਸੁਲਝਾਉਣ ਲਈ ਯਤਨਸ਼ੀਲ ਹੋ ਗਿਆ ਹੈ।

**ਅਜਾਦੀ ਤੋਂ ਪੂਰਵ ਦਲ:-** ਭਾਰਤੀ ਦੀ ਅਜਾਦੀ ਸਮੇਂ ਚਾਰ ਪ੍ਰਮੁੱਖ ਰਾਜਨੀਤਿਕ ਦਲ ਸਨ:- ਕਾਂਗਰਸ, ਮੁਸਲਿਮ ਲੀਗ, ਹਿੰਦੂ ਮਹਾਂ ਸਭਾ ਅਤੇ ਕਮਿਊਨਿਸਟ ਪਾਰਟੀ। ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ 1885 ਵਿੱਚ ਇਕ ਅੰਗੇਜ਼ ਅਧਿਕਾਰੀ ਮਿ: ਏ.ਓ. ਹਿਊਮ ਦੀ ਅਗਵਾਈ ਹੇਠ ਹੋਇਆ। ਮੁਸਲਿਮ ਲੀਗ ਪਾਰਟੀ ਦੀ ਸਥਾਪਨਾ ਸਰ ਸੱਯਦ ਅਹਿਮਦ ਤੇ ਆਗਾ ਖਾਂ ਦੀ ਅਵਗਾਈ ਹੇਠ 1906 ਵਿੱਚ ਹੋਈ। ਮੁਸਲਿਮ ਲੀਗ ਦੇ ਪ੍ਰਤਿਕਰਮ ਵਜੋਂ ਹਿੰਦੂ ਮਹਾਂ ਸਭਾ ਦੀ ਸਥਾਪਨਾ 1907 ਵਿੱਚ ਹੋਈ। ਭਾਰਤੀ ਰਾਸ਼ਟਰੀ ਕਾਂਗਰਸ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਹੋ ਕੇ ਰੂਸ ਦੀ ਕ੍ਰਾਂਤੀ ਦੇ ਮਾਰਕਸਵਾਦ ਤੋਂ ਪ੍ਰਭਾਵਿਤ ਭਾਰਤੀ ਨੌਜਵਾਨਾਂ ਨੇ 1924 ਵਿੱਚ ਕਾਨਪੁਰ ਵਿੱਚ ਇੱਕਠੇ ਹੋ ਕੇ ਭਾਰਤੀ ਕਮਿਊਨਿਸਟ ਪਾਰਟੀ ਦੀ ਸਧਾਪਨਾ ਕੀਤੀ। ਕਾਂਗਰਸ ਦੀਆਂ ਆਰਥਿਕ ਨੀਤੀਆਂ ਨਾਲ ਅਸਹਿਮਤ ਨੇਤਾ ਅਛੁੱਤ ਪੱਟਵਰਧਨ, ਅਚਾਰਿਆ ਨਰਿੰਦਰ ਦੇਵ, ਸ੍ਰੀ ਜੈ ਪ੍ਰਕਾਸ਼ ਨਰਾਇਣ ਅਤੇ ਡਾ. ਰਾਮ ਮਨੋਹਰ ਲੋਹੀਆ ਆਦਿ ਨੇ 1934 ਵਿੱਚ ਭਾਰਤੀ ਸਮਾਜਵਾਦੀ ਪਾਰਟੀ ਦੀ ਸਥਾਪਨਾ ਕੀਤੀ।

**ਅਜਾਦੀ ਤੋਂ ਬਾਅਦ ਦਲ:-** ਭਾਰਤ ਦੀ ਅਜਾਦੀ ਤੋਂ ਬਾਅਦ ਕਈ ਰਾਜਨੀਤਿਕ ਦਲਾਂ ਦਾ ਵਿਘਟਨ ਹੋਇਆ ਤੇ ਕਈ ਨਵੇਂ ਦਲ ਹੋਂਦ ਵਿੱਚ ਆਏ। 1964 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੋ ਪਾੜ ਹੋ ਗਈ। ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਹੋਂਦ ਵਿੱਚ ਆ ਗਈਆਂ। 1952 ਵਿੱਚ ਭਾਰਤੀ ਜਨਸੰਘ ਪਾਰਟੀ ਹੋਂਦ ਵਿੱਚ ਆਈ। 1974 ਵਿੱਚ ਚੌਧਰੀ ਚਰਨ ਸਿੰਘ ਦੇ ਯਤਨਾਂ ਨਾਲ ਲੋਕਦਲ ਸਥਾਪਤ ਕੀਤਾ ਗਿਆ। 1977 ਵਿੱਚ ਕਾਂਗਰਸ (ਸ), ਜਨਸੰਘ, ਭਰਤੀ ਲੋਕਦਲ ਅਤੇ ਸਮਾਜਵਾਦੀ ਦਲ ਨੇ ਮਿਲ ਕੇ ਜਨਤਾ ਪਾਰਟੀ ਦਾ ਗਠਨ ਕੀਤਾ ਜੋ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਬਣੀ। 1979-80 ਵਿੱਚ ਜਨਤਾ ਪਾਰਟੀ ਦੋ ਵਾਰੀ ਵੰਡੀ ਗਈ। ਜਨਸੰਘ ਧੜੇ ਨੇ ਸ੍ਰੀ ਅੱਟਲ ਬਿਹਾਰੀ ਵਾਜਪਈ ਅਤੇ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਹੇਠ ਨਵੀਂ ਭਾਰਤੀ ਜਨਤਾ ਪਾਰਟੀ ਨੂੰ ਜਨਮ ਦਿੱਤਾ। 1988 ਵਿੱਚ ਸ੍ਰੀ ਵੀ. ਪੀ. ਸਿੰਘ ਦੀ ਅਗਵਾਈ ਹੇਠ ਲੋਕਦਲ, ਜਨਤਾ ਪਾਰਟੀ ਅਤੇ ਜਨ ਮੋਰਚਾ ਨੇ ਮਿਲ ਕੇ ਜਨਤਾ ਦਲ ਨੂੰ ਸਧਾਪਿਤ ਕੀਤਾ। ਅਗਸਤ 1988 ਵਿੱਚ ਸੱਤ ਰਾਜਨੀਤਿਕ ਦਲਾਂ ਨੇ ਮਿਲ ਕੇ ਰਾਸ਼ਟਰੀ ਮੋਰਚੇ ਦਾ ਨਿਰਮਾਣ ਕੀਤਾ। 1996 ਵਿੱਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੀਆਂ

ਹਮਜੋਲੀ ਪਾਰਟੀਆਂ ਨੂੰ ਛਡਕੇ ਰਾਸ਼ਟਰੀ ਮੋਰਚੇ ਨੇ ਦੂਜੇ ਰਾਸ਼ਟਰੀ ਤੇ ਖੇਤਰੀ ਦਲਾਂ ਨਾਲ ਮਿਲ ਕੇ ਕੇਂਦਰ ਵਿੱਚ ਸਰਕਾਰ ਦਾ ਨਿਰਮਾਣ ਕੀਤਾ।

## (ੳ) ਕੌਮੀ ਪੱਧਰ 'ਤੇ ਰਾਜਨੀਤਿਕ ਦਲ

## (National Political Parties)

### ਇੰਡੀਅਨ ਨੈਸ਼ਨਲ ਕਾਂਗਰਸ

ਇੰਡੀਅਨ ਨੈਸ਼ਨਲ ਕਾਂਗਰਸ ਦਾ ਇਤਿਹਾਸ ਭਾਰਤ ਦੇ ਰਾਸ਼ਟਰੀ ਅੰਦੋਲਨ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਭਾਰਤੀ ਰਾਸ਼ਟਰਵਾਦ ਦੇ ਵਿਕਾਸ ਦੌਰਾਨ 28 ਦਸੰਬਰ 1885 ਵਿੱਚ ਇਸ ਦੀ ਸਥਾਪਨਾ ਬ੍ਰਿਟਿਸ਼ ਅਧਿਕਾਰੀ ਸਰ ਏ.ਓ.ਹਿਊਮ ਤੇ ਹੋਰ ਦੇਸ਼ ਭਗਤ ਨੇਤਾਵਾਂ ਦੀ ਸਰਪ੍ਰਸਤੀ ਹੇਠ ਕੀਤੀ ਗਈ। ਇਸ ਦੀ ਅਗਵਾਈ ਹੇਠ ਦੇਸ ਵਾਸੀਆਂ ਨੇ ਅਜਾਦੀ ਦੀ ਲੜਾਈ ਲੜੀ, ਜਿੱਤੀ ਅਤੇ ਦੇਸ ਨੂੰ 15 ਅਗਸਤ 1947 ਨੂੰ ਆਜ਼ਾਦ ਕਰਵਾਇਆ। ਅਜਾਦੀ ਤੋਂ ਪਿੱਛੋਂ ਥੋੜੇ ਸਮੇਂ ਨੂੰ ਛੱਡਕੇ, ਇਸ ਨੇ ਭਾਰਤ ਦੇ ਸ਼ਾਸਨ ਦੀ ਵਾਗਡੋਰ ਸੰਭਾਲੀ ਹੈ। 1968 ਅਤੇ 78 ਵਿੱਚ ਦੋ ਵਾਰੀ ਇਹ ਪਾਰਟੀ ਵੰਡੀ ਗਈ ਹੈ।

ਕਾਂਗਰਸ ਪਾਰਟੀ ਦੀ ਅਗਵਾਈ ਸਦਾ ਮੱਧ ਅਤੇ ਉੱਚ ਮਧਵਰਗ ਦੇ ਹੱਥਾਂ ਵਿੱਚ ਰਹੀ ਹੈ। ਇਸ ਨੂੰ ਗਰੀਬ ਅਤੇ ਅਨਪੜ੍ਹ ਲੋਕਾਂ, ਮਜਦੂਰਾਂ, ਪਛੜੀਆਂ ਜਾਤਾਂ, ਧਾਰਮਿਕ ਘੱਟ ਗਿਣਤੀਆਂ ਤੇ ਇਸਤਰੀਆਂ ਦਾ ਸਹਿਯੋਗ ਮਿਲਦਾ ਰਿਹਾ ਹੈ। ਅਲਕੁਲ ਇਸ ਦਾ ਚੋਣ ਨਿਸ਼ਾਨ ਹੱਥ ਹੈ।

**ਦਲ ਦੀ ਵਿਚਾਰਧਾਰਾ:-** ਲੋਕਤੰਤਰ ਤੇ ਧਰਮ ਨਿਰਪੱਖਤਾ ਵਿੱਚ ਇਸ ਦਾ ਦ੍ਰਿੜ ਵਿਸ਼ਵਾਸ਼ ਹੈ। ਪੰਡਿਤ ਨਹਿਰੂ ਨੇ ਕਾਂਗਰਸ ਨੂੰ ਸਮਾਜਵਾਦੀ ਵਿਚਾਰਾਂ 'ਤੇ ਅਧਾਰਿਤ ਕਰਨ ਦਾ ਯਤਨ ਕੀਤਾ ਅਤੇ ਸ੍ਰੀਮਤੀ ਇੰਦਰਾ ਗਾਂਧੀ ਨੇ 42 ਵੇਂ ਸੰਵਿਧਾਨਿਕ ਸੋਧ ਰਾਹੀਂ ਸਮਾਜਵਾਦ ਦੀ ਸਥਾਪਨਾ ਕਰਨ ਦਾ ਟੀਚਾ ਦੇਸ ਦੇ ਸਾਹਮਣੇ ਰਖਿਆ। ਸਮਾਜਵਾਦ ਦੇ ਨਾਲ ਹੀ ਆਰਥਿਕ ਉਦਾਰਵਾਦ ਵਿੱਚ ਕਾਂਗਰਸ ਪਾਰਟੀ ਦਾ ਵਿਸ਼ਵਾਸ ਰਿਹਾ ਹੈ। ਜੂਨ 1991 ਵਿੱਚ ਕਾਂਗਰਸ ਪਾਰਟੀ ਦੇ ਸੱਤਾ ਵਿੱਚ ਆਉਣ ਪਿਛੋਂ ਸ੍ਰੀ ਨਰਸਿੰਮਹਾ ਰਾਉ ਨੇ ਸ੍ਰ: ਮਨਮੋਹਨ ਸਿੰਘ ਦੀ ਅਗਵਾਈ ਹੇਠ ਭਾਰਤੀ ਆਰਥਿਕ ਪ੍ਰਣਾਲੀ ਨੂੰ ਨਵ-ਉਦਾਰਵਾਦ 'ਤੇ ਅਧਾਰਿਤ ਕਰਦੇ ਹੋਏ ਇਕ ਕ੍ਰਾਂਤੀਕਾਰੀ ਮੋੜ ਦਿੱਤਾ। ਅੰਤਰਰਾਸ਼ਟਰੀ ਖੇਤਰ ਵਿੱਚ ਪੰਡਿਤ ਨਹਿਰੂ ਦੁਆਰਾ ਅਪਨਾਈ ਗਈ ਗੁਟ-ਨਿਰਪੱਖਤਾ ਦੀ ਨੀਤੀ ਵਿੱਚ ਕਾਂਗਰਸ ਪਾਰਟੀ ਦਾ ਵਿਸ਼ਵਾਸ ਅੱਜ ਤੱਕ ਬਣਿਆ ਹੋਇਆ ਹੈ।

ਕਾਂਗਰਸ ਪਾਰਟੀ ਖੇਤੀ ਬਾੜੀ ਅਤੇ ਉਦਯੋਗਿਕ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕਰਨਾ ਚਾਹੁੰਦੀ ਹੈ। ਖੇਤੀ ਦਾ ਆਧੁਨਿਕੀਕਰਨ ਕਰਨਾ, ਛੋਟੇ ਕਿਸਾਨਾਂ ਨੂੰ ਅਸਾਨ ਕਿਸ਼ਤਾਂ 'ਤੇ ਘਟ ਵਿਆਜ ਤੇ ਕਰਜਾ ਦੇਣਾ, ਜਿਨਸ ਲਈ ਉੱਚਿਤ ਕੀਮਤਾਂ ਦੁਆਉਣੀਆਂ, ਫਸਲਾਂ ਤੇ ਪਸ਼ੂਆਂ ਦਾ ਬੀਮਾ ਕਰਾਉਣਾ ਆਦਿ ਇਸ ਦੀਆਂ ਖੇਤੀਬਾੜੀ ਬਾਰੇ ਨੀਤੀਆਂ ਹਨ। ਉਦਯੋਗਿਕ ਖੇਤਰ ਵਿੱਚ ਆਰਥਿਕ ਉਦਾਰਵਾਦੀ ਨੀਤੀ ਅਪਨਾਈ ਗਈ ਹੈ। ਉਦਯੋਗਾਂ ਨੂੰ ਪ੍ਰਬੰਧਕੀ ਤੇ ਕਨੂੰਨੀ ਕੰਟਰੋਲ ਤੋਂ ਮੁਕਤ ਕਰਨਾ, ਲਾਇਸੈਂਸ ਪ੍ਰਣਾਲੀ ਤੋਂ ਮੁਕਤ ਕਰਨਾ, ਪੂੰਜੀਨਿਵੇਸ਼ ਨੂੰ ਉਤਸ਼ਾਹ, ਘਰੇਲੂ ਉਦਯੋਗਾਂ ਨੂੰ ਸਹਾਇਤਾ ਤੇ ਸੁਰੱਖਿਆ, ਸਰਵਜਨਿਕ ਖੇਤਰਾਂ ਵਿੱਚ ਲਗੇ ਉਦਯੋਗਾਂ 'ਤੇ ਪੁਨਰਵਿਚਾਰ ਕਰਨਾ ਆਦਿ ਕਾਂਗਰਸ ਦੀਆਂ ਉਦਯੋਗਿਕ ਨੀਤੀਆਂ ਹਨ।

ਕਾਂਗਰਸ ਦੇਸ ਵਿੱਚ ਗਰੀਬੀ ਨੂ ਘਟਾਉਣ ਲਈ ਵਚਨ ਬੱਧ ਹੈ। ਇਸ ਲਈ ਬੇ-ਰੁਜ਼ਗਾਰਾਂ ਨੂੰ ਰੁਜਗਾਰ ਦੇਣਾ, ਮਜਦੂਰਾਂ ਦੀ ਹਾਲਤ ਵਿੱਚ ਸੁਧਾਰ ਕਰਨਾ, ਪਛੜੀਆਂ ਜਾਤੀਆਂ ਤੇ ਕਮਜ਼ੋਰ ਵਰਗਾਂ ਦੀ ਮਾਇਕ ਸਹਾਇਤਾ ਕਰਨੀ ਆਦਿ ਕਾਂਗਰਸ ਦੇ ਕਾਰਜਕ੍ਰਮ ਹਨ। ਘਟ ਗਿਣਤੀਆਂ ਤੇ ਇਸਤਰੀਆਂ ਦੀ

ਰੱਖਿਆ ਕਰਨੀ, ਵਿਗਿਆਨਿਕ ਅਤੇ ਤਕਨੀਕੀ ਵਿਕਾਸ ਕਰਨਾ, ਵਿਦਿਆ ਪ੍ਰਨਾਲੀ ਵਿੱਚ ਸੁਧਾਰ ਕਰਨਾ, ਕਰ-ਪ੍ਰਨਾਲੀ ਵਿੱਚ ਸੁਧਾਰ ਕਰਨਾ, ਪਰਿਵਾਰ ਕਲਿਆਣ ਅਤੇ ਚੰਗੀ ਸਹਿਤ ਦਾ ਪ੍ਰਬੰਧ ਕਰਨਾ ਆਦਿ ਕਾਂਗਰਸ ਪਾਰਟੀ ਦੀਆਂ ਹੋਰ ਕੁਝ ਮੁੱਖ ਨੀਤੀਆਂ ਹਨ।

ਕਾਂਗਰਸ ਪਾਰਟੀ ਦੀ ਵਿਦੇਸ਼ ਨੀਤੀ ਗੁਟ-ਨਿਰਲੇਪਤਾ 'ਤੇ ਅਧਾਰਿਤ ਹੈ। ਗੁਟ-ਨਿਰਲੇਪ ਲਹਿਰ ਨੂੰ ਪ੍ਰਭਾਵਸ਼ਾਲੀ ਬਣਾਉਣ, ਦੱਖਣੀ ਏਸ਼ੀਆਂ ਖੇਤਰੀ ਸਹਿਯੋਗ ਸੰਗਠਨ (SAARC) ਨੂੰ ਹਰ ਸੰਭਵ ਯਤਨ ਨਾਲ ਮਜ਼ਬੂਤ ਕਰਨਾ, ਸੰਯੁਕਤ ਰਾਜ ਅਮਰੀਕਾ ਨਾਲ ਸਹਿਯੋਗ ਦਾ ਯਤਨ ਕਰਨੇ। ਜਾਪਾਨ, ਕੈਨੇਡਾ, ਆਸਟ੍ਰੇਲੀਆ, ਜਰਮਨੀ ਵਰਗੇ ਅਰਥ-ਵਿਵਸਥਾ ਵਿੱਚ ਸਫਲ ਰਾਸ਼ਟਰਾਂ ਨਾਲ ਗੂੜੇ ਸੰਬੰਧ ਕਾਇਮ ਕਰਨੇ ਅਤੇ ਵਿਸ਼ਵਾਸ਼ਾਂਤੀ ਤੇ ਵਿਵਸਥਾ ਸਥਾਪਿਤ ਕਰਨ ਵਿੱਚ ਸਹਿਯੋਗ ਦੇਣਾ ਆਦਿ ਕਾਂਗਰਸ ਪਾਰਟੀ ਦੀ ਵਿਦੇਸ਼ ਨੀਤੀ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹਨ।

## ਭਾਰਤ ਜਨਤਾ ਪਾਰਟੀ
## (B.J.P)

ਸਾਧਾਰਣ ਲੋਕ ਭਾਰਤੀ ਜਨਤਾ ਪਾਰਟੀ ਨੂੰ ਜਨਸੰਘ ਦਾ ਦੂਜਾ ਰੂਪ ਸਮਝਦੇ ਹਨ। ਜਨਸੰਘ ਪਾਰਟੀ ਦੇ ਜਨਮਦਾਤਾ ਹਿੰਦੂ ਮਹਾਂ ਸਭਾ ਦੇ ਪ੍ਰਸਿੱਧ ਨੇਤਾ ਡਾ. ਸ਼ਿਆਮਾ ਪ੍ਰਸ਼ਾਦ ਮੁੱਕਰਜੀ ਸਨ। 21 ਅਕਤੂਬਰ 1951 ਨੂੰ ਕੁਝ ਪ੍ਰਸਿੱਧ ਨੇਤਾ ਦਿੱਲੀ ਵਿਖੇ ਇਕੱਠੇ ਹੋਏ ਅਤੇ ਇਸ ਸੰਮੇਲਨ ਉਪਰੰਤ ਹਿੰਦੂ ਮਹਾਂ ਸਭਾ ਵਿੱਚੋਂ ਜਨਸੰਘ ਹੋਂਦ ਵਿੱਚ ਆਇਆ। ਇਕ ਵਿਚਾਰ ਇਹ ਵੀ ਹੈ ਕਿ ਜਨਸੰਘ ਦਾ ਜਨਮ ਰਾਸ਼ਟਰੀ ਸਵੈ-ਸੇਵਕ ਸੰਘ ਵਿੱਚੋਂ ਹੋਇਆ ਕਿਉਂਕਿ ਜਨਸੰਘ ਦੇ ਪ੍ਰਮੁੱਖ ਨੇਤਾ ਰਾਸ਼ਟਰੀ ਸਵੈ-ਸੇਵਕ ਸੰਘ ਦੇ ਮੈਂਬਰ ਵੀ ਸਨ। ਰਾਸ਼ਟਰੀ ਸਵੈ-ਸੇਵਕ ਸੰਘ ਜਨਸੰਘ ਲਈ ਨੇਤਾ ਸਿਖਿੱਅਤ ਤੇ ਤਿਆਰ ਕਰਦੀ ਸੀ।

6 ਅਪ੍ਰੈਲ 1980 ਨੂੰ ਭਾਰਤੀ ਜਨਤਾ ਪਾਰਟੀ ਨਾਂ ਦਾ ਵੱਖਰਾ ਰਾਜਨੀਤਿਕ ਦਲ ਹੋਂਦ ਵਿੱਚ ਆਇਆ ਅਤੇ ਸ੍ਰੀ ਅੱਟਲ ਬਿਹਾਰੀ ਵਾਜਪਾਈ ਨੂੰ ਸਰਵ-ਸੰਪਤੀ ਨਾਲ ਇਸ ਦਲ ਦਾ ਪ੍ਰਧਾਨ ਚੁਣਿਆ ਗਿਆ। ਭਾਰਤੀ ਜਨਤਾ ਪਾਰਟੀ ਦਾ ਝੰਡਾ ਹਰੇ ਅਤੇ ਕੇਸਰੀ ਰੰਗਾਂ ਵਿੱਚ 1:2 ਦੀ ਅਨੁਪਾਤ ਨਾਲ ਹੈ ਅਤੇ ਝੰਡੇ ਦੇ ਉਪਰਲੇ ਹਿਸੇ ਵਿੱਚ ਪਾਰਟੀ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ ਨੀਲੇ ਰੰਗ ਵਿੱਤ ਅੰਕਿਤ ਹੈ।

**ਵਿਚਾਰਾਤਮਕ ਅਧਾਰ:-** ਭਾਰਤੀ ਜਨਤਾ ਪਾਰਟੀ ਦੇ ਸੰਵਿਧਾਨ ਦੀ ਧਾਰਾ 2 ਵਿੱਚ ਦਲ ਦਾ ਵਿਚਾਰਾਤਮਕ ਅਧਾਰ ਇਨਾਂ ਸ਼ਬਦਾਂ ਅਨੁਸਾਰ ਹੈ "ਰਾਸ਼ਟਰੀ ਏਕਤਾ, ਲੋਕਤੰਤਰ, ਸਾਕਾਰਤਮਕ ਧਰਮ ਨਿਰਪੱਖਤਾ, ਗਾਂਧੀਵਾਦੀ ਸਮਾਜਵਾਦ ਸਿਧਾਂਤਾਂ ਉੱਤੇ ਅਧਾਰਿਤ ਰਾਜਨੀਤੀ, ਆਰਥਿਕ ਅਤੇ ਰਾਜਨੀਤਕ ਵਿਕੇਂਦਰੀ ਕਰਣ। ਭਾਰਤੀ ਜਨਤਾ ਪਾਰਟੀ ਦੇਸ ਦੀ ਏਕਤਾ ਅਤੇ ਅਖੰਡਤਾ, ਲੋਕਤੰਤਰੀ ਸੰਸਥਾਵਾਂ ਦਾ ਵਿਕਾਸ ਅਤੇ ਫਾਸਸਿਸਟ ਪ੍ਰਵਿਰਤੀ ਦੇ ਵਿਰੁੱਧ ਨਿਰੰਤਰ ਸੰਘਰਸ਼ ਕਰਨ, ਸਾਕਾਰਤਮਕ, ਧਰਮ ਨਿਰਪੱਖਤਾ ਅਤੇ ਗਾਂਧੀਵਾਦ ਅਤੇ ਸਮਾਜਵਾਦ ਆਦਿ ਵਿੱਚ ਇਸ ਦਾ ਅਤੁੱਟ ਵਿਸ਼ਵਾਸ ਹੈ। ਇਹ ਦਲ ਅਪਵਿਤੱਰ ਸਮਝੋਤਿਆਂ ਮੋਕਾ-ਪ੍ਰਸਤੀ, ਭ੍ਰਿਸ਼ਟਾਚਾਰ ਅਤੇ ਹਿੰਸਕ ਅਪਰਾਧੀ ਰਾਜਨੀਤੀ ਦਾ ਭਰਪੂਰ ਖੰਡਰ ਕਰਦਾ ਹੈ। ਰਾਜਨੀਤੀ ਨੂੰ ਚੰਗੇ ਸਥਾਪਿਤ ਤੇ ਨੈਤਿਕ ਸਿਧਾਂਤਾਂ ਉੱਤੇ ਅਧਾਰਤ ਕਰਨ ਦੀ ਚਾਹਵਾਨ ਹੈ।

### ਰਾਸ਼ਟਰੀ ਲੋਕਤੰਤਰੀ ਗਠਬੰਧਨ:-

1998 ਦੀਆਂ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ 13 ਹਮਖਿਆਲੀ ਦਲਾਂ ਨਾਲ ਮਿਲ ਕੇ ਸ੍ਰੀ ਅਟੱਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਕੇਂਦਰ ਵਿੱਚ ਸਰਕਾਰ ਬਣਾਈ ਜੋ ਮਿੱਤਰ ਦਲਾਂ

ਦੀ ਘੋੜਾ ਦੌੜੀ ਕਾਰਨ 13 ਮਹੀਨਿਆਂ ਬਾਅਦ ਢਹਿ ਢੇਰੀ ਹੋ ਗਈ। ਪਰ ਮੁੜ ਤੇਰਵੀਂ ਲੋਕ ਸਭਾ ਚੋਣ ਹੋਣ ਉਪਰੰਤ ਭਾਰਤੀ ਜਨਤਾ ਪਾਰਟੀ ਦਾ ਅਗਵਾਈ ਹੇਠ ਰਾਸ਼ਟਰੀ ਲੋਕਤੰਤਰੀ ਗਠਬੰਧਨ ਹੋਂਦ ਵਿੱਚ ਆਇਆ

ਭਾਰਤੀ ਜਨਤਾ ਪਾਰਟੀ ਨੇ ਥੋੜ੍ਹੇ ਸਮੇਂ ਵਿੱਚ ਹੀ ਭਾਰਤੀ ਰਾਜਨੀਤੀ ਵਿੱਚ ਇੱਕ ਵਿਸ਼ੇਸ਼ ਸਥਾਨ ਬਣਾ ਲਿਆ ਹੈ। ਅਜ ਇਸ ਪਾਰਟੀ ਨੂੰ ਨਿਕਟ ਭਵਿੱਖ ਵਿੱਚ ਭਾਰਤ ਦੇ ਰਾਜ ਭਾਗ ਦਾ ਦਾਵੇਦਾਰ ਸਮਝਿਆ ਜਾ ਰਿਹਾ ਹੈ। ਇਸ ਦਾ ਭਵਿੱਖ ਉਜਵਲ ਜਾਪਦਾ ਹੈ ਅਤੇ ਇਹ ਪਾਰਟੀ ਮਜ਼ਬੂਤ ਬਦਲ ਸਰਕਾਰ ਪ੍ਰਦਾਨ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਦੇ ਸਾਹਮਣੇ ਕੁਝ ਸ਼ਕਤੀਸ਼ਾਲੀ ਵੰਗਾਰਾਂ ਹਨ ਜਿਨ੍ਹਾਂ ਨਾਲ ਇਸ ਨੂੰ ਮੁਕਾਬਲਾ ਕਰਨਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਇਸ ਪਾਰਟੀ ਨੂੰ ਫਿਰਕੂ ਦਲ ਦੇ ਤੌਰ ਤੇ ਸਮਝੇ ਜਾਣ ਤੋਂ ਬਚਾਉਣਾ ਹੈ ਵੱਖ ਵੱਖ ਧਰਮਾਂ ਦੇ ਘੱਟ ਗਿਣਤੀ ਦਾ ਵਿਸ਼ਵਾਸ ਜਿੱਤਣਾ ਹੈ। ਸਭ ਧਰਮਾਂ ਦੇ ਲੋਕਾਂ ਨੂੰ ਇਸ ਦਲ ਵਿੱਚ ਸ਼ਾਮਿਲ ਕਰਨਾ ਇਸ ਦਲ ਲਈ ਇਕ ਵੰਡੀ ਵੰਗਾਰ ਹੈ। ਇਸ ਦਲ ਲਈ ਦੱਖਣੀ ਅਤੇ ਉੱਤਰ-ਪੂਰਬੀ ਭਾਰਤ ਵਿੱਚ ਆਪਣੀਆਂ ਕਮਜ਼ੋਰ ਜੜ੍ਹਾਂ ਨੂੰ ਮਜਬੂਤ ਕਰਨਾ ਜ਼ਰੂਰੀ ਹੈ। ਸੰਖੇਪ ਵਿੱਚ ਸਾਰੇ ਭਾਰਤੀ ਲੋਕਾਂ ਦੇ ਮਨਾਂ ਨੂੰ ਜਿੱਤਣਾ, ਪਾਰਟੀ ਨੂੰ ਸੱਤਾ ਵਿੱਚ ਲਿਆਉਣ ਬਹੁਤ ਜ਼ਰੂਰੀ ਹੈ।

## ਭਾਰਤੀ ਕਮਿਊਨਿਸਟ ਪਾਰਟੀ

## (Indian Communist Party)

ਵੀਹਵੀਂ ਸਦੀ ਦੇ ਅਰੰਭ ਤੋਂ ਹੀ ਭਾਰਤੀ ਰਾਸ਼ਟਰੀ ਕਾਂਗਰਸ ਵਿੱਚ ਇਕ ਨੌਜਵਾਨ ਧੜਾ ਇਸ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਸੀ ਕਿਉਂਕਿ ਕਾਂਗਰਸ ਸੰਪੂਰਨ ਸੁਤੰਤਰਤਾ ਦੀ ਥਾਂ ਪ੍ਰਤੀਨਿਧ ਸੰਸਥਾਵਾਂ ਦੀ ਸਥਾਪਨਾ ਕਰਾਉਣ ਲਈ ਯਤਨਸ਼ੀਲ ਸੀ। 1917 ਵਿੱਚ ਲੈਨਿਨ ਦੀ ਅਗਵਾਈ ਹੇਠ ਰੂਸੀ ਕ੍ਰਾਂਤੀ ਨੇ ਭਾਰਤੀ ਯੁਵਕਾਂ ਨੂੰ ਬ੍ਰਿਟਿਸ਼ ਮਿੰਨਤ-ਮੁਥਾਜੀ ਦੀ ਥਾਂ ਕ੍ਰਾਂਤੀਕਾਰੀ ਸਾਧਨਾਂ ਦੁਆਰਾ ਰਾਸ਼ਟਰੀ ਅਜਾਦੀ ਪ੍ਰਾਪਤ ਕਰਨ ਲਈ ਉਤਸਾਹਿਤ ਕੀਤਾ। ਭਾਰਤੀ ਯੁਵਕਾਂ ਨੇ ਮਾਰਕਸਵਾਦੀ ਜਥੇਬੰਦੀਆਂ ਸਥਾਪਿਤ ਕੀਤੀਆਂ 1924 ਵਿੱਚ ਇਨ੍ਹਾਂ ਜਥੇਬੰਦੀਆਂ ਨੇ ਕਾਨਪੁਰ ਵਿਥੇ ਇਕ ਸੰਮੇਲਨ ਕੀਤਾ ਅਤੇ ਸ੍ਰੀ ਮਨਵਿੰਦਰ ਨਾਥ ਰਾਏ ਦੀ ਅਗਵਾਈ ਹੇਠ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਗਈ।

ਅਜਾਦੀ ਸੰਗਰਾਮ ਦੋਰਾਨ ਇਸ ਪਾਰਟੀ ਦਾ ਦ੍ਰਿੜ ਵਿਸ਼ਵਾਸ ਸੀ ਕਿ ਭਾਰਤੀ ਸਮਸਿਆਵਾਂ ਦਾ ਹਲ ਮਾਰਕਸਵਾਦੀ ਵਿਚਾਰਧਾਰਾਵਾਂ ਨਾਲ ਕੀਤਾ ਜਾ ਸਕਦਾ ਹੈ ਅਤੇ ਭਾਰਤ ਨੂੰ ਬ੍ਰਿਟਿਸ਼ ਸਮਰਾਜ ਤੋਂ ਛੁੜਵਾਉਣ ਲਈ ਕ੍ਰਾਂਤੀਕਾਰੀ ਸਾਧਨਾਂ ਦੀ ਵਰਤੋਂ ਕਰਨੀ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਕਰਕੇ ਬ੍ਰਿਟਿਸ਼ ਸਰਕਾਰ ਨੇ ਇਸ ਪਾਰਟੀ ਨੂੰ ਗੈਰ-ਕਨੂੰਨੀ ਘੋਸ਼ਿਤ ਕਰ ਦਿੱਤਾ। ਦੂਜੇ ਮਹਾਂਯੁੱਧ ਵਿੱਚ ਸੋਵਿਅਤ ਸੰਘ ਜਦੋਂ ਇੰਗਲੈਂਡ ਦੇ ਪੱਖ ਵਿੱਚ ਸ਼ਾਮਿਲ ਹੋਇਆ ਤਾਂ ਭਾਰਤੀ ਕਮਿਊਨਿਸਟਾਂ ਨੇ ਬ੍ਰਿਟਿਸ਼ ਸਰਕਾਰ ਵੱਲ ਆਪਣਾ ਰੁਖ ਬਦਲਿਆ ਅਤੇ ਇਸ ਨੂੰ ਸਮਰਥਨ ਦਿੱਤਾ। ਬ੍ਰਿਟਿਸ਼ ਸਰਕਾਰ ਨੇ ਇਸ ਪਾਰਟੀ 'ਤੇ ਰੋਕ ਸਮਾਪਤ ਕਰ ਦਿੱਤੀ।

ਸੁਤੰਤਰਤਾ ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਦਾ ਇਤਿਹਾਸ ਦਿਲਚਸਪ ਹੈ। 1952 ਦੀ ਪਹਿਲੀ ਭਾਰਤੀ ਆਮ ਚੋਣ ਸਮੇਂ ਇਸ ਪਾਰਟੀ ਨੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਸ਼ਾਂਤੀਪੂਰਨ ਅਤੇ ਸੰਵਿਧਾਨਿਕ ਸਾਧਨਾਂ ਦਾ ਪ੍ਰਯੋਗ ਕਰਨ ਦਾ ਵਾਇਦਾ ਕੀਤਾ। 1952, 57, 62, 67 ਅਤੇ 71 ਦੀਆਂ ਚੋਣਾਂ ਵਿੱਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ। 1957 ਵਿੱਚ ਇਸ ਪਾਰਟੀ ਨੂੰ ਕੇਰਲ ਦੀ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਹੋਇਆ ਅਤੇ ਪਹਿਲੀ ਵਾਰ ਭਾਰਤ ਦੇ ਕਿਸੇ ਰਾਜ ਵਿੱਚ ਗੈਰ ਕਾਂਗਰਸੀ ਸਰਕਾਰ ਦੀ ਸਥਾਪਨਾ ਹੋਈ।

**ਵਿਚਾਰਧਾਰਾ:-** ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ— ਲੈਨਿਨਵਾਦੀ ਵਿਚਾਰਧਾਰਾ 'ਤੇ ਆਧਾਰਿਤ ਹੈ। ਇਸ ਪਾਰਟੀ ਦਾ ਉਦੇਸ਼ ਹੈ ਭਾਰਤ ਦੀ ਪੁਰਾਣੀ ਸਮਾਜਿਕ, ਆਰਥਿਕ ਤੇ ਰਾਜਨੀਤਿਕ

ਵਿਵਸਥਾ ਨੂੰ ਬਦਲਕੇ ਇਕ ਅਜਿਹੇ ਸਮਾਜ ਦੀ ਸਥਾਪਨਾ ਕਰਨਾ ਹੈ ਜਿਹੜਾ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ 'ਤੇ ਅਧਾਰਿਤ ਹੋਵੇ। ਗਰੀਬ ਨੂੰ ਸ਼ੋਸ਼ਣ ਤੋਂ ਮੁੱਕਤ ਕਰਾਉਣਾ ਅਤੇ ਉਨ੍ਹਾਂ ਨੂੰ ਸਮਾਨ ਅਵਸਰ ਦਿਵਾਉਣਾ ਇਸ ਦਾ ਮੂਲ ਮੰਤਵ ਹੈ। ਭਾਰਤ ਵਿੱਚ ਇਹ ਪਰਿਵਰਤਨ ਸੰਵਿਧਾਨਿਕ ਅਤੇ ਸ਼ਾਤਮਈ ਢੰਗਾਂ ਨਾਲ, ਭਾਵ ਲੋਕਤੰਤਰੀ ਪ੍ਰਨਾਲੀ ਦੁਆਰਾ ਲਿਆਉਣਾ ਚਾਹੁੰਦੀ ਹੈ। ਲੋਕਤੰਤਰੀ ਧਰਮ ਨਿਰਪੱਖ ਰਾਜ ਵਿੱਚ ਇਸ ਦਾ ਵਿਸ਼ਵਾਸ ਹੈ। ਅਗਸਤ, 1999 ਦੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ ਇਸਨੇ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ। ਇਹ ਪਾਰਟੀ ਇਕ ਅਜਿਹੀ ਸਮਾਜਿਕ ਵਿਵਸਥਾ ਚਾਹੁੰਦੀ ਹੈ ਜਿਸ ਵਿੱਚ ਅਸਮਾਨਤਾ, ਜਾਤਪਾਤ, ਸ਼ੋਸ਼ਣ ਅਤੇ ਸਮਾਜਿਕ ਕੁਰੀਤੀਆਂ ਲਈ ਕੋਈ ਥਾਂ ਨਹੀਂ ਹੋਵੇਗੀ। ਹਰੇਕ ਵਿਅਕਤੀ ਨੂੰ ਰੁਜਗਾਰ ਦੇ ਮੌਕੇ, ਸਮਾਜਿਕ ਸਮਾਨਤਾ ਅਤੇ ਆਰਥਿਰਕ ਸੁਰਿਖਿਆ ਦਿੱਤੀ ਜਾਵੇਗੀ।

## ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ
## (Indian Communist Party Maxist)

ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ 1946 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਵੰਡ ਅਤੇ ਫੁੱਟ ਦਾ ਸਿੱਟਾ ਹੈ। 1964 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਫੁੱਟ ਤੇ ਵੰਡ ਕੁਝ ਤਤਕਾਲੀ ਘਟਨਾਵਾਂ ਦਾ ਹੀ ਸਿੱਟਾ ਨਹੀ ਸੀ ਸਗੋਂ ਇਸ ਦਾ ਇਕ ਲੰਮਾਂ ਪਿਛੋਕੜ ਸੀ। ਸੁਤੰਤਰਤਾ ਤੋਂ ਬਾਅਦ ਛੇਤੀ ਹੀ ਪਾਰਟੀ ਵਿੱਚ ਵਿਚਾਰਤਾਮਕ ਮੱਤਭੇਦ ਉਭਰ ਆਏ। ਇਨ੍ਹਾਂ ਮਤਭੇਦਾਂ ਦਾ ਮੂਲ ਕਾਰਣ ਕਾਂਗਰਸ ਪਾਰਟੀ ਅਤੇ ਪੰਡਿਤ ਨਹਿਰੂ ਦੀ ਸਰਕਾਰ ਪ੍ਰਤੀ ਪਾਰਟੀ ਦਾ ਦ੍ਰਿਸ਼ਟੀਕੋਣ ਸੀ।

ਭਾਰਤੀ ਕਮਿਊਨਿਸਟ ਪਾਰਟੀ ਦੀ ਵੰਡ ਦਾ ਤੱਤਕਾਲੀ ਕਾਰਨ 1962 ਚੀਨ ਦੁਆਰਾ ਭਾਰਤ 'ਤੇ ਹਮਲਾ ਕਰਨਾ ਸੀ। ਭਾਰਤੀ ਕਮਿਊਨਿਸਟ ਪਾਰਟੀ ਨੇ ਇਕ ਮਤੇ ਰਾਹੀਂ ਚੀਨ ਦੇ ਇਸ ਹਮਲੇ ਦੀ ਨਿਖੇਧੀ ਕੀਤੀ ਪਰ ਪਾਰਟੀ ਦੇ ਇਕ ਧੜੇ ਨੇ ਇਸ ਨਖੇਧੀ ਮਤੇ ਨੂੰ ਪਸੰਦ ਨਾ ਕੀਤਾ। ਅਪ੍ਰੈਲ 1964 ਵਿੱਚ ਦਲ ਦੀ ਸਲਾਨਾ ਬੈਠਕ ਵਿੱਚ ਪਾਰਟੀ ਦੀ ਰਾਸ਼ਟਰੀ ਪਰਿਸ਼ਦ ਦੇ 106 ਮੈਂਬਰਾਂ ਵਿੱਚੋਂ 32 ਮੈਂਬਰ ਪਾਰਟੀ ਤੋਂ ਵੱਖ ਹੋ ਗਏ। ਇਨ੍ਹਾਂ ਵੱਖ ਹੋਏ ਪਾਰਟੀ ਮੈਂਬਰਾਂ ਨੇ 8 ਸਤੰਬਰ 1964 ਨੂੰ ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਰ ਲਈ ਅਤੇ ਇਸ ਨੂੰ ਚੋਣ ਕਮਿਸ਼ਨ ਨੇ ਪਰਵਾਰ ਕਰ ਲਿਆ।

**ਵਿਚਾਰਧਾਰਾ, ਨੀਤੀਆਂ ਤੇ ਪ੍ਰੋਗਰਾਮ:-** ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ ਤੋਂ ਪ੍ਰੇਰਿਤ ਹੈ। ਮਾਰਕਸਵਾਦੀ ਵਿਚਾਰਧਾਰਾ, ਪੂੰਜੀਵਾਦੀ ਸਮਾਜ ਦੀ ਕਰੜੀ ਵਿਰੋਧਤਾ ਕਰਦੀ ਹੈ। ਇਹ ਪਾਰਟੀ ਸਮਾਜ ਦੀ ਪੂੰਜੀਵਾਦੀ ਪ੍ਰਨਾਲੀ ਨੂੰ ਸਮਾਪਤ ਕਰਕੇ ਇਕ ਨਵੇਂ ਵਰਗ ਰਹਿਤ ਅਤੇ ਰਾਜ ਰਹਿਤ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੀ ਹੈ।

ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰਖਣਾ, ਅਲਗਵਾਦੀ ਅਤੇ ਫਿਰਕੂ ਤਾਕਤਾਂ ਨੂੰ ਸਮਾਪਤ ਕਰਨਾ, ਭਾਰਤ ਨੂੰ ਕਮਜ਼ੋਰ ਬਣਾਉਣ ਵਾਲੀਆਂ ਵਿਦੇਸ਼ੀ ਸ਼ਕਤੀਆਂ ਜਾਂ ਵਿਦੇਸ਼ੀ ਯਤਨਾਂ ਨੂੰ ਅਸਫਲ ਬਣਾਉਣਾ, ਭਾਰਤੀ ਕਿਸਾਨਾਂ ਅਤੇ ਕਿਰਤੀ ਵਰਗਾਂ ਦੇ ਹਿਤਾਂ ਦੀ ਰਖਵਾਲੀ ਕਰਨੀ ਆਦਿ ਇਸ ਦੇ ਮੂਲ ਸਿਧਾਂਤ ਬਣ ਗਏ ਹਨ। ਇਸ ਦਲ ਨੇ ਚੋਣਾਂ ਦੀ ਰਾਜਨੀਤੀ ਅਤੇ ਸੰਸਦੀ ਲੋਕਤੰਤਰ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਹੈ। ਇਹ ਦਲ ਲੋਕਤੰਤਰ, ਗੁੱਟ ਨਿਰਲੇਪਤਾ ਅਤੇ ਧਰਮ ਨਿਰਪੱਖਤਾ ਦਾ ਸਮਰਧਕ ਹੈ ਅਤੇ ਬਸਤੀਵਾਦ ਨਵਬਸਤੀਵਾਦ ਅਤੇ ਪੂੰਜੀਵਾਦੀ ਵਿਸਥਾਰ ਦਾ ਕਟੱੜ ਵਿਰੋਧੀ ਹੈ।

ਮਾਰਕਸਵਾਦੀ ਪਾਰਟੀ ਨੇ ਥੋੜ੍ਹੇ ਹੀ ਸਮੇਂ ਵਿੱਚ ਭਾਰਤ ਦੀ ਰਾਜਨੀਤੀ ਵਿੱਚ ਇੱਕ ਵਿਸ਼ੇਸ਼ ਸਥਾਨ ਬਣਾ ਲਿਆ ਅਤੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਪਾਰਟੀ ਨੇ ਖਬੇਪੱਖੀ ਲਹਿਰ ਦੀ ਵਾਗਡੋਰ

ਭਾਰਤੀ ਕਮਿਊਨਿਸਟ ਪਾਰਟੀ ਤੋਂ ਖੋਹ ਕੇ ਆਪਣੇ ਹਥਾਂ ਵਿੱਚ ਲੈ ਲਈ ਹੈ। ਪੱਛਮੀ ਬੰਗਾਲ, ਕੇਰਲ, ਤ੍ਰਿਪੁਰਾ ਰਾਜਾਂ ਵਿੱਚ ਇਸ ਪਾਰਟੀ ਦੀ ਵਾਗ ਪੱਖੀ ਦਲਾਂ ਨਾਲ ਮਿਲ ਕੇ ਜਾਂ ਸੁਤੰਤਰ ਤੌਰ 'ਤੇ ਵੀ ਸਰਕਾਰਾਂ ਬਣਾਈਆਂ ਹਨ। ਆਧਰਾਂ ਪ੍ਰਦੇਸ਼ ਵਿੱਚ ਇਸ ਦਾ ਹਮੇਸ਼ਾ ਕਾਫੀ ਪ੍ਰਭਾਵ ਰਿਹਾ ਹੈ।

ਰਾਸ਼ਟਰੀ ਏਕਤਾ ਤੇ ਅਖੰਡਤਾ, ਦੇਸ ਦੀ ਸੁਰੱਖਿਆ, ਕਿਸਾਨਾਂ, ਖੇਤੀ ਤੇ ਉਦਯੋਗ ਮਜ਼ਦੂਰਾਂ ਅਤੇ ਅਸੰਗਠਤ ਮਜ਼ਦੂਰਾਂ, ਦਲਿਤਾਂ, ਪਛੜੀਆਂ ਸ਼੍ਰੇਣੀਆਂ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ, ਘਟ ਗਿਣਤੀਆਂ, ਔਰਤਾਂ, ਨੌਜਵਾਨਾਂ ਤੇ ਵਿਦਿਆਰਥੀਆਂ, ਮੱਧ ਵਰਗ ਅਤੇ ਬੁੱਧੀਜੀਵੀਆਂ ਆਦਿ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਹ ਪਾਰਟੀ ਵਚੱਨਬਧ ਹੈ।

## ਜਨਤਾ ਦਲ
## (Janta Dal)

ਭਾਰਤੀ ਰਾਜਨੀਤੀ ਦੇ ਇਤਿਹਾਸ ਵਿੱਚ 1984-89 ਦਾ ਸਮਾਂ ਵਿਸ਼ੇਸ਼ ਮਹੱਤਵ ਵਾਲਾ ਹੈ। 1984 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਸਵ: ਰਾਜੀਵ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਨੂੰ ਰਿਕਾਰਡ ਤੋੜ ਬਹੁਮੱਤ ਮਿਲਿਆ ਅਤੇ ਵਿਰੋਧੀ ਦਲਾਂ ਦੀ ਨਿਰਾਸ਼ਾਜਨਕ ਹਾਰ ਹੋਈ। ਵਿਰੋਧੀ ਦਲਾਂ ਨੇ ਸਮੂਹਿਕ ਤੌਰ ਤੇ ਮਹਿਸੂਸ ਕੀਤਾ ਕਿ ਜਿੰਨਾਂ ਚਿਰ ਉਹ ਇਕੱਠੇ ਹੋ ਕੇ ਇਕ ਪ੍ਰਭਾਵਸ਼ਾਲੀ ਦਲ ਦਾ ਨਿਰਮਾਣ ਨਹੀਂ ਕਰਦੇ ਉਦੋਂ ਤਕ ਕੇਂਦਰ ਦੀ ਸੱਤਾ ਤੇ ਕਾਂਗਰਸ ਦਾ ਏਕਾਧਿਕਾਰ ਨਿਯੰਤਰਣ ਸਮਾਪਤ ਨਹੀਂ ਕਰ ਸਕਣਗੇ। ਇਸ ਨਿਚੋੜ ਦਾ ਅਧਾਰ ਇਹ ਸੀ ਕਿ ਇਨ੍ਹਾਂ ਚੋਣਾਂ ਵਿੱਚ 50.7% ਵੋਟਾਂ ਪ੍ਰਾਪਤ ਕਰਨ ਤੇ ਵੀ ਉਨ੍ਹਾਂ ਨੂੰ 25% ਲੋਕ ਸਭਾ ਦੀਆਂ ਸੀਟਾਂ ਪ੍ਰਾਪਤ ਹੋਈਆਂ।

ਅਪ੍ਰੈਲ 1987 ਵਿੱਚ ਵੀ.ਪੀ. ਸਿੰਘ ਨੇ ਕੁਝ ਮਤਭੇਦਾਂ ਕਾਰਨ ਰਾਜੀਵ ਗਾਂਧੀ ਮੰਤਰੀ ਮੰਡਲ ਅਤੇ ਲੋਕ ਸਭਾ ਨੂੰ ਤਿਆਗ ਪੱਤਰ ਦੇ ਦਿੱਤਾ। ਵੀ.ਪੀ.ਸਿੰਘ ਨੇ ਕਾਂਗਰਸ ਸਰਕਾਰ ਦੇ ਵਿਰੁੱਧ ਭ੍ਰਿਸ਼ਟਾਚਾਰੀ ਹੋਣ ਦੇ ਦੋਸ਼ ਲਗਾਏ ਅਤੇ ਇਸ ਭ੍ਰਿਸ਼ਟ ਸਰਕਾਰ ਵਿਰੁੱਧ ਦਲਾਂ ਨੂੰ ਇੱਕਠਾ ਹੋਣ ਦੀ ਅਪੀਲ ਕੀਤੀ। ਵੀ.ਪੀ.ਸਿੰਘ ਨੇ ਜਨ ਮੋਰਚਾ ਗਠਨ ਕਰਨ ਦੀ ਘੋਸ਼ਣਾ ਕੀਤੀ। ਵੀ.ਪੀ.ਸਿੰਘ ਦੇ ਯਤਨਾਂ ਵਜੋਂ ਚਾਰ ਦਲਾਂ-ਜਨਤਾ ਪਾਰਟੀ, ਲੋਕ ਦਲ, ਕਾਂਗਰਸ (ਐਸ) ਅਤੇ ਜਨ ਮੋਰਚਾ ਨੇ ਮਿਲਕੇ 11 ਅਕਤੂਬਰ 1988 ਨੂੰ ਬੰਗਲੌਰ ਵਿਖੇ ਇਕ ਨਵੇਂ ਜਨਤਾ ਦਲ ਦਾ ਸਥਾਪਨਾ ਕੀਤੀ। ਵੀ.ਪੀ.ਸਿੰਘ ਨੂੰ ਜਨਤਾ ਦਲ ਦਾ ਪ੍ਰਧਾਨ ਥਾਪਿਆ ਗਿਆ। ਨਵੰਬਰ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਜਨਤਾ ਦਲ ਨੂੰ 141 ਸੀਟਾਂ ਮਿਲੀਆਂ ਅਤੇ ਵੀ.ਪੀ.ਸਿੰਘ ਦੀ ਅਗਵਾਈ ਹੇਠ ਰਾਸ਼ਟਰੀ ਮੋਰਚੇ ਦੀ ਸਰਕਾਰ ਬਣੀ।

7 ਅਗਸਤ 1990 ਨੂੰ ਪ੍ਰਧਾਨ ਮੰਤਰੀ ਵੀ.ਪੀ.ਸਿੰਘ ਨੇ ਸੰਸਦ ਵਿੱਚ ਮੰਡਲ ਆਯੋਗ ਦੀਆਂ ਸਿਫਾਰਿਸ਼ਾਂ ਅਨੁਸਾਰ ਕੇਂਦਰ ਸਰਕਾਰ ਅਤੇ ਜਨਤਕ ਅਦਾਰਿਆਂ ਵਿੱਚ 27% ਸਥਾਨ ਦੂਜੀਆਂ ਪਛੜੀਆਂ ਸ਼੍ਰੇਣੀਆਂ ਲਈ ਰਾਖਵੇਂ ਰਖਣ ਲਈ ਐਲਾਨ ਕੀਤਾ। ਇਸ ਘੋਸ਼ਣਾ ਦੀ ਪ੍ਰਤੀਕਿਰਿਆਂ ਵਜੋਂ ਸਾਰੇ ਦੇਸ ਵਿੱਚ ਵਿਸ਼ਾਲ ਪੱਧਰ 'ਤੇ ਅੰਦੋਲਨ ਹੋਇਆ। ਨਤੀਜੇ ਵਜੋਂ ਵੀ.ਪੀ.ਸਿੰਘ ਸਰਕਾਰ ਨੇ ਅਸਤੀਫਾ ਦੇ ਦਿੱਤਾ ਤੇ ਇਸ ਪ੍ਰਕਾਰ ਰਾਸ਼ਟਰੀ ਮੋਰਚਾ ਸਰਕਾਰ ਦਾ ਅੰਤ ਹੋ ਗਿਆ।

ਰਾਸ਼ਟਰੀ ਮੋਰਚੇ ਦੀ ਸਰਕਾਰ ਦਾ ਅੰਤ ਹੋਣ ਤੋਂ ਪਹਿਲਾਂ ਹੀ ਜਨਤਾ ਦਲ ਵਿੱਚ ਫੁੱਟ ਪੈ ਗਈ। ਜਦੋਂ 6 ਨਵੰਬਰ 1990 ਨੂੰ ਚੌਧਰੀ ਦੇਵੀ ਲਾਲ ਦੇ ਨਿਵਾਸ ਸਥਾਨ ਤੇ ਸ੍ਰੀ ਚੰਦਰ ਸ਼ੇਖਰ ਨੂੰ ਜਨਤਾ ਦਲ (ਐਸ) ਦਾ ਨੇਤਾ ਚੁਣ ਲਿਆ ਗਿਆ।

ਜਨਤਾ ਦਲ ਨੂੰ ਜਨਤਾ ਦਲ (ਅਜੀਤ) ਅਤੇ ਜਨਤਾ ਦਲ (ਮੋਬੰਈ) ਵਿੱਚ ਵੰਡਿਆ ਗਿਆ। 12 ਅਗਸਤ, 1993 ਵਿੱਚ ਜਨਤਾ ਦਲ (ਅਜੀਤ) ਦੇ ਸੱਤ ਸੰਸਦੀ ਮੈਂਬਰ ਕਾਂਗਰਸ ਵਿੱਚ ਸ਼ਾਮਿਲ ਹੋਣ ਨਾਲ

ਜਨਤਾ ਦਲ ਦੀ ਤੀਜੀ ਅਤੇ 1994 ਵਿੱਚ ਚੌਥੀ ਵੰਡ ਹੋਈ। ਜਨਤਾ ਦਲ ਦੀ ਮੁੜ ਵੰਡ ਅਗਸਤ 1999 ਵਿੱਚ ਹੋ ਗਈ ਜਦੋਂ ਸ੍ਰੀ ਦੇਵਗੌੜਾ ਸ਼ਰਦ ਯਾਦਵ ਦੀ ਅਗਵਾਈ ਵਾਲੇ ਜਨਤਾ ਦੱਲ ਤੋਂ ਅੱਡ ਹੋ ਗਏ। ਸ੍ਰੀ ਯਾਦਵ ਦੀ ਅਗਵਾਈ ਹੇਠ ਜਨਤਾ ਦਲ ਰਾਸ਼ਟਰੀ ਲੋਕਤੰਤਰੀ ਗਠਬੰਧਨ ਵਿੱਚ ਸ਼ਾਮਲ ਹੋਣ ਉਪਰੰਤ ਆਪਣੀ ਮੂਲ ਹੋਂਦ ਗਵਾ ਬੈਠਾ ਹੈ।

**ਵਿਚਾਰਧਾਰਾ ਨੀਤੀਆਂ ਤੇ ਪ੍ਰੋਗਰਾਮ**:-ਜਨਤਾ ਦਲ ਲੋਕਤੰਤਰ ਦਾ ਦ੍ਰਿੜ ਸਮਰਥਕ ਹੈ ਅਤੇ ਲੋਕਤੰਤਰੀ ਸੰਸਥਾਵਾਂ ਤੇ ਕਦਰਾਂ ਵਿੱਚ ਅਟੁੱਟ ਵਿਸ਼ਵਾਸ ਰਖਦਾ ਹੈ। ਇਹ ਦਲ ਭਾਰਤ ਨੂੰ ਬਹੁ ਧਰਮੀ ਦੇਸ ਮੰਨਦਾ ਹੈ। ਇਸ ਲਈ ਫਿਰਕੂ ਸਦਭਾਵਨੰ ਨੂੰ ਰਾਸ਼ਟਰੀ ਨਿਰਮਾਣ ਜ਼ਰੂਰੀ ਸਮਝਦਾ ਹੈ। ਦੇਸ ਲਈ ਧਰਮ ਨਿਰਪੱਖ ਹੋਣਾ ਜ਼ਰੂਰੀ ਹੈ। ਇਹ ਦਲ ਰਾਜਨੀਤੀ ਵਿੱਚ ਅਨੈਤਿਕਤਾ ਦਾ ਵਿਰੋਧੀ ਹੈ ਅਤੇ ਰਾਜਨੀਤੀ ਨੂੰ ਨੈਤਿਕਤਾ ਦੇ ਕਦਰਾਂ ਕੀਮਤਾਂ ਤੇ ਅਧਾਰਿਤ ਕਨ ਦੇ ਪੱਖ ਵਿੱਚ ਹੈ। ਜਨਤਾ ਦਲ ਸਮਾਜਵਾਦ ਦਾ ਸਮਰਥਕ ਹੈ ਅਤੇ ਇਸ ਨੇ ਚੋਣ ਆਯੋਗ ਪਾਸ ਸਮਾਜਵਾਦ ਵਿੱਚ ਵਿਸ਼ਵਾਸ ਲਿਖਤੀ ਰੂਪ ਵਿੱਚ ਪ੍ਰਗਟਾਇਆ ਹੈ। ਇਹ ਦਲ ਲੋਕਤੰਤਰੀ ਢੰਗਾਂ ਰਾਹੀਂ ਭਾਰਤ ਵਿੱਚ ਸਮਾਜਵਾਦ ਲਿਆਉਣ ਦੇ ਪੱਖ ਵਿੱਚ ਹੈ। ਜਿਥੇ ਇਹ ਦਲ ਜਨਤਕ ਖੇਤਰ ਨੂੰ ਕਾਇਮ ਰੱਖਣ ਤੇ ਇਸ ਦਾ ਵਿਸਤਾਰ ਕਰਨ ਦੇ ਪੱਖ ਵਿੱਚ ਹੈ, ਉਥੇ ਨਿੱਜੀ ਖੇਤਰ ਨੂੰ ਵੀ ਉਤਸਾਹਿਤ ਕਰਨਾ ਚਾਹੁੰਦਾ ਹੈ। ਇਹ ਦਲ ਪੇਂਡੂ ਖੇਤਰ ਅਤੇ ਕਿਸਾਨਾਂ ਦੇ ਵਿਕਾਸ ਦਾ ਹਾਮੀ ਹੈ ਅਤੇ ਬਜਟ ਦਾ 50% ਇਨ੍ਹਾਂ ਤੇ ਖਰਚ ਕਰਨਾ ਚਾਹੁੰਦਾ ਹੈ। ਅੰਤਰਰਾਸ਼ਟਰੀ ਪੱਧਰ ਤੇ ਸੈਨਿਕ ਗੁਟਾਂ ਦੇ ਵਿਰੁੱਧ ਹੈ ਅਤੇ ਗੁਟ-ਨਿਰਲੇਪਤਾ ਨੀਤੀ ਨੂੰ ਭਾਰਤ ਦੀ ਵਿਦੇਸ਼ ਨੀਤੀ ਦਾ ਆਧਾਰ ਬਣਾਉਣ ਵਿੱਚ ਯਕੀਨ ਰੱਖਦਾ ਹੈ।

1996 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਜਨਤਾ ਦਲ ਨੂੰ 45 ਸੀਟਾਂ ਮਿਲੀਆਂ। 11 ਮਈ 1996 ਨੂੰ ਜਨਤਾ ਦਲ ਨੇ 12 ਹੋਰ ਰਾਜਨੀਤਿਕ ਦਲਾਂ ਨਾਲ ਮਿਲਕੇ ਸੰਯੁਕਤ ਮੋਰਚੇ ਦੀ ਸਥਾਪਨਾ ਕੀਤੀ। 1 ਜੂਨ 1996 ਨੂੰ ਇਸ ਨੇ ਨੇਤਾ ਹਰਦਨ ਹਲੀ ਦੇਂਵ ਗੌੜਾ ਦੀ ਅਗਵਾਈ ਹੇਠ ਸੰਯੁਕਤ ਮੋਰਚੇ ਦੀ ਸਰਕਾਰ ਬਣੀ। ਪਰੰਤੂ ਦੇਸ ਦੀ ਬਦਕਿਸਮਤੀ ਕਾਰਨ ਇਹ ਸਰਕਾਰ ਟੁੱਟ ਗਈ ਅਤੇ ਸਤੰਬਰ 1999 ਵਿੱਚ ਮੁੜ ਕੇ ਚੋਣ ਕਰਵਾਈ ਗਈ।

## (ਅ) ਖੇਤਰੀ ਦਲ (ਪੰਜਾਬ) ਸ਼੍ਰੋਮਣੀ ਅਕਾਲੀ ਦਲ
## (Reginoal Political Party-Shiromani Akali Dal)

ਸ੍ਰੋਮਣੀ ਅਕਾਲੀ ਦਲ ਨੂੰ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਹੋਂਦ ਵਿੱਚ ਆਉਣ ਦਾ ਮਾਣ ਪ੍ਰਾਪਤ ਹੈ। ਇਸ ਦਲ ਦੀ ਸਥਾਪਨਾ 1920 ਵਿੱਚ ਮਾਸਟਰ ਤਾਰਾ ਸਿੰਘ ਅਤੇ ਬਾਬਾ ਖੜਕ ਸਿੰਘ ਦੇ ਯਤਨਾਂ ਨਾਲ ਹੋਈ। ਆਰੰਭ ਵਿੱਚ ਇਸ ਦਲ ਦਾ ਉਦੇਸ਼ ਪਵਿੱਤਰ ਗੁਰਧਾਮਾਂ ਨੂੰ ਮਹੰਤਾਂ ਕਬਜ਼ੇ ਵਿੱਚੋਂ ਛੁਡਾਉਣਾ ਅਤੇ ਉਨ੍ਹਾ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ ਸੀ। ਗੁਰਦਵਾਰਿਆਂ ਦੀ ਪਵਿੱਤਰਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਨੂੰ ਕਾਇਮ ਰੱਖਣ ਲਈ ਅਕਾਲੀ ਦਲ ਨੇ ਜਬਦਸਤ ਅੰਦੋਲਨ ਚਲਾਇਆ। ਹਜ਼ਾਰਾਂ ਸਿੱਖ ਜੇਲਾਂ ਵਿੱਚ ਗਏ ਅਤੇ ਸੈਂਕੜੇ ਸਿੱਖਾਂ ਨੇ ਸਹੀਦੀਆਂ ਪ੍ਰਾਪਤ ਕੀਤੀਆਂ ਅੰਤ ਵਿੱਚ ਸਰਕਾਰ ਨੂੰ ਝੁਕਣਾ ਪਿਾ ਅਤੇ 1920 ਵਿੱਚ ਗੁਰਦਵਾਰਿਆਂ ਦੇ ਪ੍ਰਬੰਧ ਲਈ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਨਾਲ ਅਕਾਲੀ ਦਲ ਜਿਹੜਾ ਕਿ ਨਿਰੋਲ ਧਾਰਮਿਕ ਸੰਗਠਨ ਸੀ, ਨੂੰ ਰਾਜਨੀਤੀਕ ਦਲ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੋ ਗਈ ਸੁਤੰਤਰਤਾ ਸੰਗਰਾਮ ਦੋਰਾਨ ਅਕਾਲੀ ਦਲ ਨੂੰ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਪ੍ਰਾਪਤ ਹੋਇਆ।

ਅਜਾਦੀ ਪ੍ਰਾਪਤੀ ਤੋਂ ਪਿਛੋਂ ਅਕਾਲੀ ਦਲ ਨੇ ਪੰਜਾਬ ਅਤੇ ਇਸ ਦੇ ਨਾਲ ਲਗਦੇ ਰਾਜਾਂ ਦੀ ਰਾਜਨੀਤੀ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 1952 ਵਿੱਚ ਦੇਸ ਦੀਆਂ ਪਹਿਲੀਆਂ ਚੋਣਾਂ

ਵਿੱਚੋਂ ਸ਼੍ਰੋਮਣੀ ਅਕਾਲੀ ਦਲ ਨੇ ਇਕ ਸੰਯੁਕਤ ਦਲ ਦੇ ਰੂਪ ਵਿੱਚ ਭਾਗ ਲਿਆ ਅਤੇ ਪੰਜਾਬ ਤੇ ਪੈਪਸੂ ਰਾਜਾਂ ਵਿੱਚ ਮਹੱਤਵਪੂਰਨ ਜਿੱਤਾਂ ਪ੍ਰਾਪਤ ਕੀਤੀਆਂ। 1957 ਦੀਆਂ ਚੋਣਾਂ ਵਿੱਚ ਅਕਾਲੀ ਦਲ ਨੇ ਕਾਂਗਰਸ ਨਾਲ ਮਿਲਕੇ ਪੰਜਾਬ ਵਿੱਚ ਚੋਣਾਂ ਲੜੀਆਂ ਅਤੇ ਇਸ ਦੇ 26 ਉਮੀਦਵਾਰ ਸਫਲ ਹੋਏ। ਕਾਂਗਰਸ ਨਾਲ ਇਹ ਸਮਝੋਤਾ ਸਥਿਰ ਨਾ ਰਹਿ ਸਕਿਆ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਅਧੀਨ ਸ਼੍ਰੋਮਣੀ ਅਕਾਲੀ ਦਲ ਇਕ ਵੱਖਰੇ ਦਲ ਦੇ ਰੂਪ ਵਿੱਚ ਕੰਮ ਕਰਨ ਲਗਾ। ਉਸ ਸਮੇਂ ਅਕਾਲੀ ਦਲ ਦਾ ਮੁੱਖ ਰਾਜਨੀਤਿਕ ਉਦੇਸ਼ ਪੰਜਾਬੀ ਸੂਬੇ ਦੀ ਸਥਾਪਨਾ ਕਰਾਉਣਾ ਸੀ।

1 ਨਵੰਬਰ 1966 ਵਿੱਚ ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਕੀਤਾ ਗਿਆ ਅਤੇ ਇਕ ਲੰਮੇ ਸਮੇਂ ਤੋਂ ਚਲੀ ਆ ਰਹੀ ਇਹ ਪੰਜਾਬੀਆਂ ਦੀ ਮੰਗ ਸਵੀਕਾਰ ਹੋਈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਇਸ ਪੁਨਰ-ਗਠਨ ਨਾਲ ਸੰਤੁਸ਼ਟ ਨਹੀਂ ਹੋਇਆ ਕਿਉਂਕਿ ਬਹੁਤ ਸਾਰੇ ਪੰਜਾਬੀ ਬੋਲਣ ਵਾਲੇ ਇਲਾਕੇ ਪੰਜਾਬ ਤੋਂ ਬਾਹਰ ਕੱਢ ਦਿੱਤੇ ਗਏ। ਚੰਡੀਗੜ੍ਹ ਨੂੰ ਕੇਂਦਰੀ ਪ੍ਰਸ਼ਾਸਿਤ ਇਲਾਕਾ ਬਣਾ ਦਿਤਾ ਗਿਆ। ਮਈ 1997 ਵਿੱਚ ਹੋਇਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸ੍ਰੋਮਣੀ ਅਕਾਲੀ ਦਲ ਨੂੰ ਭਾਰੀ ਬਹੁਮਤ ਪ੍ਰਾਪਤ ਹੋਇਆ ਅਤੇ ਸ੍ਰ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਰਕਾਰ ਦਾ ਨਿਰਮਾਣ ਹੋਇਆ। 1999 ਵਿੱਚ ਅਕਾਲੀ ਦਲ ਮੁੜ ਦੋ ਭਾਗਾਂ ਅਕਾਲੀ ਦਲ (ਬਾਦਲ) ਅਤੇ ਸਰਵ ਭਾਰਤੀ ਅਕਾਲੀ ਦਲ (ਟੋਹੜਾ) ਵਿੱਚ ਵੰਡਿਆ ਗਿਆ।

## ਸ੍ਰੋਮਣੀ ਅਕਾਲੀ ਦਲ ਦੇ ਮੂਲ ਮੰਤਵ

2 ਸਤੰਬਰ 1947 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਜਿਹੜਾ ਵਿਧਾਨ ਇਸ ਦਲ ਲਈ ਸਵੀਕਾਰ ਕੀਤਾ ਸੀ ਉਸ ਵਿਧਾਨ ਵਿੱਚ ਅਕਾਲੀ ਦਲ ਦੇ ਹੇਠ ਲਿਖੇ ਮੰਤਵ ਵਰਨਣ ਕੀਤੇ ਗਏ ਸਨ:

(ੳ) ਗੁਰਮਤਿ ਤੇ ਰਹਿਤ ਮਰਿਯਾਦਾ ਦਾ ਪ੍ਰਚਾਰ ਅਤੇ ਨਾਸਤਿਕਤਾ ਤੇ ਮਨਮਤ ਵਿਰੁੱਧ ਪ੍ਰਚਾਰ ਤੇ ਗੁਰਦਵਾਰਿਆਂ ਦੇ ਪ੍ਰਬੰਧ ਦੇ ਸੁਧਾਰ ਅਤੇ ਸੇਵਾ ਸੰਭਾਲ ਲਈ ਉਦਮ ਕਰਨਾ।

(ਅ) ਸਿੰਘਾਂ ਵਿੱਚ ਵੱਖਰੀ ਪੰਥਕ ਆਜਾਦ ਹਸਤੀ ਦਾ ਅਹਿਸਾਸ ਕਾਇਮ ਰਖਣਾ ਅਤੇ ਅਜਿਹੇ ਦੇਸ ਦਾ ਨਿਰਮਾਣ ਕਰਨਾ ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਉ ਪੂਰਨ ਤੋਰ 'ਤੇ ਮੂਰਤੀਮਾਨ ਹੋ ਸਕੇ।

(ੲ) ਕੰਗਾਲੀ, ਥੁੜ੍ਹ ਤੇ ਭੁਖ-ਨੰਗ ਨੂੰ ਦੂਰ ਕਰਨਾ ਤੇ ਵਧੇਰੇ ਨਿਆਂਕਾਰੀ ਆਰਥਿਕ ਨਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਵਧਾਉਣਾ ਅਤੇ ਮੌਜੂਦਾ ਕਾਣੀ ਵੰਡ ਤੇ ਲੁਟਖਸੁੱਟ ਨੂੰ ਦੂਰ ਕਰਨਾ ਅਤੇ ਗਰੀਬ ਤੇ ਅਮੀਰ ਤੇ ਅੰਤਰ ਨੂੰ ਦੂਰ ਕਰਨਾ।

(ਸ) ਗੁਰਮਤਿ ਦੇ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜਾਤ-ਪਾਤ ਦੇ ਵਿੱਤਕਰੇ ਨੂੰ ਹਟਾਉਣਾ।

(ਹ) ਮੰਦੀ ਸਿਹਤ ਤੇ ਬਿਮਾਰੀ ਨੂੰ ਦੂਰ ਕਰਨ ਦੇ ਉਪਾਅ, ਨਸ਼ਿਆਂ ਦੀ ਵਰਤੋਂ 'ਤੇ ਬੰਧਸ਼ ਤੇ ਸਰੀਰਿਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਅਤੇ ਉਹ ਕੌਮੀ ਬੱਚਾਅ ਲਈ ਤਿਆਰ ਹੋ ਸਕੇ।

## ਨੀਤੀਆਂ ਤੇ ਕਾਰਜਕ੍ਰਮ

ਸ੍ਰੋਮਣੀ ਅਕਾਲੀ ਦਲ ਖੇਤਰੀ ਦਲ ਹੋਣ ਕਰਕੇ ਵਿਸ਼ੇਸ਼ ਤੌਰ 'ਤੇ ਪੰਜਾਬ ਤੇ ਪੰਜਾਬੀਅਤ ਦੇ ਹਿਤਾਂ ਦੀ ਰਾਖੀ ਕਰਦਾ ਹੈ। ਇਹ ਦਲ ਪੰਜਾਬੀਅਤ ਦੀ ਧਾਰਨਾ ਦਾ ਸਮਰਥਕ ਹੈ। ਪਰ ਫਿਰ ਵੀ ਸ੍ਰੋਮਣੀ ਅਕਾਲੀ ਦਲ ਭਾਰਤ ਦੀਆਂ ਵੱਖ-ਵੱਖ ਕੌਮਾਂ ਅਤੇ ਫਿਰਕਿਆਂ ਵਿੱਚ ਸ਼ਾਂਤੀ, ਆਪਸੀ ਪ੍ਰੇਮ ਭਾਵ ਭਾਵ, ਭਾਈਚਾਰ,

ਮਿੱਤਰਤਾ ਅਤੇ ਸਰਬਤ ਦੇ ਭਲੇ ਵਿੱਚ ਦ੍ਰਿੜ ਵਿਸ਼ਵਾਸ ਰਖਦਾ ਹੈ। ਇਹ ਦਲ ਵਿਚਾਰਾਤਮਕ ਸਾਂਝ ਰਖਣ ਵਾਲੇ ਦਲਾਂ ਨਾਲ ਮਿਲਕੇ ਸ਼ਕੀਤਆਂ ਪ੍ਰਦਾਨ ਕਰਨ ਅਤੇ ਰਾਜਾਂ ਦੇ ਹੱਕ ਵਿੱਚ ਵਿੱਤੀ ਸਾਧਨਾਂ ਦੀ ਪੁਨਰ ਵੰਡ ਕਰਨ ਲਈ ਆਪਣੀ ਵਚਨਬਧਤਾ ਦਰਸਾਉਂਣਾ ਹੈ। ਮੁੱਖ ਰੂਪ ਵਿੱਚ ਕੇਂਦਰ ਅਤੇ ਰਾਜਾਂ ਵਿੱਚ ਰਚਨਾਤਮਕ ਸਹਿਯੋਗ, ਸਾਂਝ ਅਤੇ ਮਿਲਵਰਤਨ ਦਾ ਵੀ ਚਾਹਵਾਨ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਮੂਲ ਨੀਤੀ ਪੰਜਾਬ ਦੇ ਹਿੱਤਾਂ ਦੀ ਸੁਰੱਖਿਆ ਕਰਨੀ, ਪੰਜਾਬੀਅਤ ਤੇ ਇਸ ਦੇ ਸਭਿਆਚਾਰਿਕ ਵਿਰਸੇ ਦੀ ਸਾਂਭ ਸੰਭਾਲ ਤੇ ਰੱਖਿਆ ਕਰਨੀ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ 'ਸਰਬੱਤ ਦਾ ਭਲਾ' ਇਸ ਦੀ ਸੋਚ ਤੇ ਨੀਤੀਆਂ ਦਾ ਮੂਲ ਅਧਾਰ ਹੈ। ਭਾਵੇਂ ਇਹ ਦਲ ਖੇਤਰੀ ਦਲ ਹੈ, ਪਰ ਇਹ ਭਾਰਤ ਦੀਆਂ ਵੱਖ ਵੱਖ ਕੌਮਾਂ ਅਤੇ ਫ਼ਿਰਕਿਆਂ ਵਿੱਚ ਸਦਭਾਵਨਾ ਤੇ ਸ਼ਾਂਤੀ, ਆਪਸੀ ਪ੍ਰੇਮ ਭਾਵ ਤੇ ਸਹਿਯੋਗ, ਭਾਈਚਾਰਾ ਤੇ ਮਿੱਤਰਤਾ ਦੀ ਸਥਾਪਨਾ ਕਰਨ ਵਿੱਚ ਦ੍ਰਿੜ ਵਿਸ਼ਵਾਸ ਤੇ ਤਾਂਘ ਰਖਦਾ ਹੈ।

ਸ਼੍ਰੋਮਣੀ ਅਕਾਲੀ ਦਲ ਵਿਚਾਰਧਾਰਕ ਸਾਂਝ ਰੱਖਣ ਵਾਲੇ ਦਲਾਂ ਨਾਲ ਮਿਲਕੇ ਪੰਜਾਬ ਤੇ ਦੇਸ ਵਿੱਚ ਨਵੀਨ ਸਮਾਜਿਕ, ਆਰਥਿਕ ਤੇ ਪ੍ਰਸ਼ਾਸਨਿਕ ਵਿਵਸਥਾ ਦੀ ਸਥਾਪਨਾ ਕਰਨ ਲਈ ਸਮਰਪਿਤ ਹੈ। ਰਾਜਾਂ ਨੂੰ ਵਧੇਰੇ ਸ਼ਕਤੀਆਂ ਪ੍ਰਦਾਨ ਕਰਨ ਅਤੇ ਰਾਜਾਂ ਦੇ ਕੇਂਦਰ ਵਿੱਚ ਵਿੱਤੀ ਸਾਧਨਾਂ ਦੀ ਪੁਨਰ ਵੰਡ ਕਰਨ ਲਈ ਵਚਨਬੱਧ ਹੈ। ਮੁੱਖ ਰੂਪ ਵਿੱਚ ਸਹਿਕਾਰੀ ਸੰਘਾਤਮਕ ਸ਼ਾਸਨ ਪ੍ਰਨਾਲੀ ਦਾ ਹਾਮੀ ਹੈ ਅਤੇ ਕੇਂਦਰ ਨਾਲ ਰਚਨਾਤਮਕ ਸਹਿਯੋਗ, ਮਿਲਵਰਤਨ ਤੇ ਸਾਂਝ ਲਈ ਚਾਹਵਾਨ ਹੈ।

ਸ਼ੋਮਣੀ ਅਕਾਲੀ ਦਲ ਪੰਜਾਬ ਵਿੱਚ ਹਰੀ ਕ੍ਰਾਂਤੀ ਦਾ ਬਾਨੀ ਹੈ। ਖੇਤੀਬਾੜੀ ਨੂੰ ਵਿਗਿਆਨਿਕ ਢੰਗਾਂ ਤੇ ਅਧਾਰਿਤ ਕਰਨ, ਉਪਜ ਵਧਾਉਣ, ਕਿਸਾਨਾਂ ਨੂੰ ਜਿਨਸ ਦੀਆਂ ਉੱਚਿਤ ਕੀਮਤਾਂ ਨਿਸ਼ਚਿਤ ਕਰਨ ਤੇ ਦਵਾਉਣ, ਭੂਮੀ ਸੁਧਾਰ ਕਰਨ ਅਤੇ ਕਿਸਾਨਾ ਦੀ ਹਰ ਸੰਭਵ ਸਹਾਇਤਾ ਕਰਨੀ ਹੈ ਇਸ ਦੇ ਮੁੱਖ ਟੀਚੇ ਹਨ। ਪੇਂਡੂ ਇਲਾਕਿਆਂ ਦੇ ਕਮਜ਼ੋਰ ਵਰਗਾਂ, ਬੇਜ਼ਮੀਨ ਮੁਜ਼ਾਰਿਆਂ ਤੇ ਮਜ਼ਦੂਰਾਂ, ਗਰੀਬ ਤੇ ਮੱਧ ਸ਼੍ਰੇਣੀ ਦੇ ਕਿਸਾਨਾਂ ਦੀ ਸਹਾਇਤਾ ਕਰਨੀ ਇਸ ਦਲ ਦੀ ਨੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਤੇ ਦੇਸ ਦੀ ਆਰਥਿਕ ਵਿਵਸਥਾ ਸੁਧਾਰਨ ਲਈ ਵਚਨਬੱਧ ਹੈ। ਇਹ ਦਲ ਬੁਨਿਆਦੀ ਉਦਯੋਗਾਂ ਨੂੰ ਪਬਲਿਕ ਅਦਾਰਿਆਂ ਵਿੱਚ ਲਿਆਉਣਾ ਜ਼ਰੂਰੀ ਖਪਤ ਦੀਆਂ ਵਸਤਾਂ ਨਾਲ ਸੰਬੰਧਤ ਉਦਯੋਗਾਂ ਦਾ ਕੌਮੀਕਰਣ ਅਤੇ ਕੀਮਤਾਂ ਤੇ ਕਾਬੂ ਪਾਉਣ ਦਾ ਹਾਮੀ ਹੈ। ਟੈਕਸ ਢਾਂਚੇ ਨੂੰ ਸੁਖਾਲਾ ਤੇ ਪ੍ਰਭਾਵਸ਼ਾਲੀ ਬਨਾਉਣ ਲਈ ਸੁਧਾਰ ਕਰਨ, ਕਾਲੇ ਧਨ ਨੂੰ ਸਮਾਪਤ ਕਰਨ ਅਤੇ ਸਰਕਾਰੀ ਕਰਮਚਾਰੀਆਂ ਦੀ ਰਹਿਣੀ-ਬਹਿਣੀ ਵਿੱਚ ਸੁਧਾਰ ਕਰਨ ਦੇ ਪੱਖ ਵਿੱਚ ਹੈ। ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚੋਂ ਅਮੀਰ ਤੇ ਗਰੀਬ ਵਿੱਚ ਅੰਤਰ-ਘਟਾਉਣ, ਪੂੰਜੀਪਤੀਆਂ, ਸ਼ਾਹੂਕਾਰਾਂ ਦੀ ਆਰਥਿਕ ਤੇ ਰਾਜਨੀਤਿਕ ਅਦਾਰੇਦਾਰੀ ਤੋੜਨ, ਗਰੀਬ ਕਿਸਾਨਾਂ, ਮਜਦੂਰਾਂ ਤੇ ਕਮਜੋਰ ਤੇ ਪੱਛੜੇ ਵਰਗਾਂ ਨੂੰ ਸ਼ੋਸਣ ਤੋਂ ਬਚਾਉਣ ਲਈ ਸ਼੍ਰੋਮਣੀ ਅਕਾਲੀ ਨੇ ਆਪਣਾ ਨਿਸ਼ਾਨਾ ਰੱਖਿਆ ਹੈ।

ਪਿੱਛਲ ਕੁਝ ਸਮੇਂ ਤੋਂ ਸ੍ਰੋਮਣੀ ਅਕਾਲੀ ਦਲ ਨੇ ਵਿਦਿਅਕ ਅਤੇ ਸਭਿਆਚਾਰਿਕ ਪੱਖਾਂ ਵੱਲ ਧਿਆਨ ਦੇਣ ਦੀ ਨੀਤੀ ਅਪਣਾਈ ਹੈ। ਇਹ ਦਲ ਪੰਜਾਬੀਆਂ ਦਾ ਵਿਸ਼ੇਸ਼ ਤੌਰ ਤੇ ਸਿੱਥ ਕੌਮ ਨੂੰ ਮਜ਼ਬੂਤ, ਸਿਖਿਅਤ ਤੇ ਪੜੀ ਲਿਖੀ, ਸਿਆਣੀ, ਸੂਝ-ਬੂਝ ਤੇ ਵੱਖੋਂ ਵੱਖ ਹੁਨਰਾਂ ਵਿੱਚ ਮਾਹਿਰ ਦੇ ਰੂਪ ਵਿੱਚ ਦੇਖਣ ਦਾ ਚਾਹਵਾਨ ਹੈ।

ਭਾਰਤ ਵਿੱਚ ਅੱਜ ਸਹਿਕਾਰੀ ਸੰਘਾਤਮਕ ਸਰਕਾਰ ਦੀ ਧਾਰਨਾ ਨੇ ਜਨਮ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ ਨੇ ਕੇਂਦਰ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਨੂੰ ਵਖਰੀ ਸੇਧ ਦੇ ਕੇ ਇਕ ਨਵਾਂ ਅਧਿਆਇ ਅਰੰਭ ਕੀਤਾ ਹੈ।

ਰਾਸ਼ਟਰੀ ਭਾਵਨਾਵਾਂ ਦੇ ਨਾਲ ਅਕਾਲੀ ਦਲ ਦੀ ਮੰਗ ਹੈ ਕਿ ਕੇਂਦਰੀ ਸਰਕਾਰ ਸਮੁੱਚੇ ਭਾਰਤ ਵਿੱਚ ਪੰਬਾਜੀ ਭਾਸ਼ਾ ਅਤੇ ਸਭਿਆਚਾਰ ਦਾ ਵਿਕਾਸ ਕਰੇ। ਆਰਥਿਕ ਵਿਕਾਸ ਲਈ ਪੰਜਾਬ ਨੂੰ ਵਿਸ਼ੇਸ਼ ਖੇਤਰ ਮੰਨਿਆ ਜਾਵੇ ਅਤੇ ਪੰਜਾਬ ਵਿੱਚ ਵੱਡੇ ਵੱਡੇ ਉਦਯੋਗ ਲਗਾਕੇ ਪੰਜਾਬ ਵਿੱਚ ਉਦਯੋਗਿਕ ਵਿਕਾਸ ਕੀਤਾ ਜਾਵੇ। ਗਵਰਨਰ ਦੀ ਨਿਯੁਕਤੀ ਸਮੇਂ ਮੁੱਖ ਮੰਤਰੀ ਦੀ ਸਹਿਮਤੀ ਵੀ ਇਸ ਦੀ ਇਕ ਮੰਗ ਹੈ। ਸ਼੍ਰੋਮਣੀ ਅਕਾਲੀ ਦਲ ਬਾਰੇ ਆਮ ਤੌਰ ਤੇ ਦਸਿਆ ਜਾਂਦਾ ਹੈ ਕਿ ਇਸ ਦਲ ਦੇ ਮੈਂਬਰਾਂ ਦੀ ਆਪਸੀ ਫੁੱਟ ਅਤੇ ਅੰਦਰੂਨੀ ਮਤਭੇਦਾਂ ਦੇ ਕਾਰਨ ਕਈ ਵਾਰੀ ਇਸ ਦਲ ਦੀਆਂ ਸਰਕਾਰਾਂ ਬਣਦੀਆਂ ਅਤੇ ਟੁੱਟਦੀਆਂ ਰਹੀਆਂ ਹਨ ਅਤੇ ਆਪਣਾ ਕਾਰਜ ਕਾਲ ਪੂਰਾ ਨਹੀਂ ਕਰ ਸਕਦੀਆਂ। ਪਰੰਤੂ ਇਸ ਵਿੱਚ ਵੀ ਕੇਂਦਰੀ ਸਰਕਾਰ ਦੀ ਦਖਲ ਅੰਦਾਜੀ ਅਤੇ ਰਾਜਾਂ ਪ੍ਰਤੀ ਥੋੜ ਦਿਲੀ ਦਾ ਵਤੀਰਾ ਜ਼ਿੰਮੇਵਾਰ ਕਹੇ ਜਾ ਸਕਦੇ ਹਨ।

ਵਿਸ਼ੇਸ਼ ਤੌਰ 'ਤੇ ਇਥੇ ਇਹ ਗਲ ਵਰਣਨ ਯੋਗ ਹੈ ਕਿ ਫਰਵਰੀ 1998 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਸ਼੍ਰੋ: ਅਕਾਲੀ ਦਲ ਨੇ ਸ: ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਸਾਰੀਆਂ ਸੀਟਾਂ ਜਿਤ ਲਈਆਂ। ਇਹ ਸਭ ਕੁਝ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਪਸੀ ਸਹਿਯੋਗ ਕਾਰਨ ਹੀ ਹੋ ਸਕਿਆ।

## ਵਿਰੋਧੀ ਦਲ ਦੀ ਭੂਮਿਕਾ
## (Role of Oppsosition Party)

ਅਜੋਕੇ ਲੋਕਤੰਤਰੀ ਯੁਗ ਵਿੱਚ ਰਾਜਨੀਤਿਕ ਦਲ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸ਼ਾਸਨ ਉੱਤੇ ਜਿਸ ਦਲ ਦਾ ਨਿਯੰਤ੍ਰਣ ਹੁੰਦਾ ਹੈ ਉਸ ਨੂੰ ਸੱਤਾਧਾਰੀ ਦਲ ਕਿਹਾ ਜਾਂਦਾ ਹੈ ਅਤੇ ਬਾਕੀ ਦੇ ਦਲਾਂ ਨੂੰ ਵਿਰੋਧੀ ਦਲ ਕਿਹਾ ਜਾਂਦਾ ਹੈ। ਲੋਕਤੰਤਰੀ ਸ਼ਾਸਨ ਪ੍ਰਨਾਲੀ ਵਿੱਚ ਵਿਰੋਧੀ ਦਲ ਦੀ ਮਹੱਤਤਾ ਸ਼ਾਸਿਤ ਦਲ ਨਾਲੋਂ ਘੱਟ ਨਹੀਂ ਹੁੰਦੀ। ਵਿਰੋਧੀ ਦਲ ਸਰਕਾਰ ਦੀਆਂ ਗਲਤ ਨੀਤੀਆਂ ਦੀ ਆਲੋਚਨਾ ਕਰਦਾ ਹੈ ਅਤੇ ਲੋਕਮੱਤ ਦਾ ਨਿਰਮਾਣ ਕਰਨ ਵਿੱਚ ਸਹਾਈ ਹੁੰਦਾ ਹੈ। ਲੋੜ ਪੈਣ ਤੇ ਵਿਰੋਧੀ ਦਲ ਬਦਲਵੀਂ ਸਰਕਾਰ ਦਾ ਗਠਨ ਕਰਦਾ ਹੈ ਅਤੇ ਦੇਸ ਨੂੰ ਰਾਜਨੀਤਿਕ ਸੰਕਟ ਤੋਂ ਬਚਾਉਂਦਾ ਹੈ। ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵਰਣਨ ਕੀਤਾ ਜਾ ਸਕਦਾ ਹੈ।

**ਸਰਕਾਰ ਦੀ ਆਲੋਚਨਾ:-** ਵਿਰੋਧੀ ਦਲ ਦਾ ਮੁੱਖ ਕੰਮ ਸਰਕਾਰ ਦੀਆਂ ਗਲਤ ਨੀਤੀਆਂ ਤੇ ਕਾਰਜਾਂ ਦੀ ਆਲੋਚਨਾ ਕਰਨਾ ਹੈ ਜਿਨ੍ਹਾਂ ਨੂੰ ਇਹ ਲੋਕਾਂ ਦੇ ਹਿਤਾਂ ਦੇ ਵਿਰੁੱਧ ਸਮਝਦੀ ਹੈ। ਵਿਰੋਧੀ ਦਲ ਇਹ ਅਲੋਚਨਾ ਵਿਧਾਨ ਪਾਲਿਕਾ ਦੇ ਅੰਦਰ ਜਾਂ ਇਸ ਤੋਂ ਬਾਹਰ ਵੀ ਕਰ ਸਕਦਾ ਹੈ। ਵਿਰੋਧੀ ਦਲ ਦੇ ਮੈਂਬਰ ਮੰਤਰੀਆਂ ਤੋਂ ਪ੍ਰਸ਼ਨ ਪੁਛ ਕੇ ਜਾਂ ਪ੍ਰਸਤਾਵ ਪੇਸ਼ ਕਰਕੇ ਜਾਂ ਵਾਦ-ਵਿਵਾਦ ਦੁਆਰਾ ਸਰਕਾਰ ਦੀ ਆਲੋਚਨਾ ਕਰ ਸਕਦੇ ਹਨ। ਵਿਸ਼ਵਾਸ ਜਾਂ ਅਵਿਸ਼ਵਾਸ ਦੇ ਪ੍ਰਸਤਾਵ ਸਮੇਂ ਵਿਰੋਧੀ ਦਲ ਸਰਕਾਰ ਦੀ ਅਲੋਚਣਾ ਕਰ ਸਕਦਾ ਹੈ। ਇਥੇ ਇਹ ਵਰਣਨ ਯੋਗ ਹੈ ਕਿ ਵਿਰੋਧੀ ਦਲਾਂ ਨੂੰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੇਵਲ ਆਲੋਚਨਾ ਦੇ ਉਦੇਸ਼ ਨਾਲ ਹੀ ਨਹੀਂ ਕਰਨੀ ਚਾਹੀਦੀ ਸਗੋਂ ਆਲੋਚਨਾ ਦਾ ਮੰਤਵ ਸਰਕਾਰ ਦੀਆਂ ਨੀਤੀਆਂ ਦੇ ਦੋਸ਼ਾਂ ਅਤੇ ਸਰਕਾਰ ਦੀ ਦੋਸ਼ ਪੂਰਨ ਕਾਰਗੁਜਾਰੀ ਨੂੰ ਲੋਕਾਂ ਸਾਹਮਣੇ ਲਿਆਉਣਾ, ਹੋਣਾ ਚਾਹੀਦਾ ਹੈ। ਸੰਖੇਪ ਵਿੱਚ, ਸੱਤਾਧਾਰੀ ਦਲ ਨੂੰ ਸ਼ਾਸਨ ਸੁਚੱਜੇ ਢੰਗ ਨਾਲ ਚਲਾਉਣ ਲਈ ਵਿਰੋਧੀ ਦਲਾਂ ਵਲੋਂ ਸੁਝਾਅ ਦਿੱਤੇ ਜਾਂਦੇ ਹਨ ਅਤੇ ਕਈ ਵਾਰ ਇਹ ਸੁਝਾਅ ਮੰਨ ਵੀ ਲਏ ਜਾਂਦੇ ਹਨ।

**ਸਰਕਾਰ ਨਾਲ ਸਹਿਯੋਗ:-** ਸ਼ਾਸਿਤ ਦਲ ਅਤੇ ਵਿਰੋਦੀ ਦਲਾਂ ਦੀਆਂ ਰਾਜਨੀਤਿਕ ਵਿਚਾਰਧਾਰਾਵਾਂ ਜਾਂ ਦ੍ਰਿਸ਼ਟੀਕੋਣ ਪ੍ਰਸਪਰ ਵਿਰੋਧੀ ਹੋ ਸਕਦੇ ਹਨ ਪਰ ਰਾਸ਼ਟਰੀ ਮਾਮਲਿਆਂ ਸੰਬੰਧੀ ਰਾਜਨੀਤਿਕ ਦਲਾਂ ਦੇ ਦ੍ਰਿਸ਼ਟੀਕੋਣ ਦੇਸ ਵਿਰੋਧੀ ਨਹੀਂ ਹੁੰਦੇ। ਸੱਤਾਧਾਰੀ ਦਲ ਦਾ ਇਹ ਰਾਸ਼ਟਰੀ ਫਰਜ਼ ਹੈ ਕਿ ਉਹ ਸਰਕਾਰ ਦੇ

ਸੰਚਾਲਨ ਸੰਬੰਧੀ ਸਮੇਂ-ਸਮੇਂ ਤੇ ਵਿਰੋਧੀ ਦਲਾਂ ਨਾਲ ਵਿਚਾਰ-ਵਟਾਂਦਰਾ ਕਰੇ ਤੇ ਰਾਸ਼ਟਰੀ ਸਮੱਸਿਆਵਾਂ ਸੰਬੰਧੀ ਉਨਾ ਦਾ ਸਹਿਯੋਗ ਪ੍ਰਾਪਤ ਕਰੇ। ਵਿਰੋਧੀ ਦਲਾਂ ਦਾ ਵੀ ਇਹ ਰਾਸ਼ਟਰੀ ਫਰਜ ਹੈ ਕਿ ਉਹ ਸਰਕਾਰ ਨਾਲ ਰਚਨਾਤਮ ਸਹਿਯੋਗ ਕਰਨ ਅਤੇ ਮਹੱਤਵਪੂਰਨ ਰਾਸ਼ਟਰੀ ਮਾਮਲਿਆਂ ਸੰਬੰਧੀ ਆਪਣੀ ਸਾਕਾਰਾਤਮਕ ਰਾਈ ਸਮੇਂ-ਸਮੇਂ ਤੇ ਸਰਕਾਰ ਨੂੰ ਦਿੰਦੇ ਰਹਿਣ।

**ਲੋਕਾਂ ਨੂੰ ਰਾਜਨੀਤਿਕ ਸਿਖਿਆ:-** ਲੋਕਤੰਤਰ ਦੀ ਸਫਲਤਾ ਲੋਕਾਂ ਦੀ ਰਾਜਨੀਤਿਕ ਜਾਗਰਤੀ 'ਤੇ ਨਿਰਭਰ ਕਰਦੀ ਹੈ। ਲੋਕਾਂ ਨੂੰ ਰਾਜਨੀਤਿਕ ਤੌਰ 'ਤੇ ਸਿਖਿਅਤ ਕਰਨ ਦਾ ਸਰਵ ਉੱਤਮ ਸਾਧਨ ਰਾਜਨੀਤਿਕ ਦਲ ਹੀ ਹਨ। ਵਿਰੋਧੀ ਦਲ ਸਭਾਵਾਂ ਗੋਸ਼ਟੀਆਂ, ਪ੍ਰਚਾਰ ਅਤੇ ਪ੍ਰੈਸ ਰਾਹੀਂ ਲੋਕਾਂ ਨੂੰ ਸਰਵਜਨਕ ਮਾਮਲਿਆਂ ਸੰਬੰਧੀ ਜਾਣਕਾਰੀ ਦੇ ਕੇ ਲੋਕਾਂ ਅੰਦਰ ਰਾਜਨੀਤਿਕ ਚੇਤੰਨਤਾ ਪੈਦਾ ਕਰਦੇ ਹਨ ਅਤੇ ਲੋਕਾਂ ਨੂੰ ਸਰਕਾਰ ਤੇ ਸ਼ਾਸ਼ਨ ਸੰਬੰਧੀ ਕੰਮਾਂ ਪ੍ਰਤੀ ਸੁਚੇਤ ਕਰਦੇ ਹਨ। ਵਿਰੋਧੀ ਦਲ ਦੀ ਅਜਿਹੀ ਭੂਮਿਕਾ ਦੁਆਰਾ ਲੋਕਾਂ ਨੂੰ ਰਾਜਨੀਤਿਕ ਸਿਖਿਆ ਮਿਲਦੀ ਹੈ।

**ਲੋਕ-ਮੱਤ ਦਾ ਨਿਰਮਾਣ:-** ਦੇਸ਼ ਦੀਆਂ ਵੱਖ-ਵੱਖ ਸਮਸਿਆਵਾਂ ਅਤੇ ਉਨਾਂ ਦੇ ਹੱਲ ਸੰਬੰਧੀ ਲੋਕਾਂ ਦੇ ਵਿਚਾਰ ਇਕੋ ਜਿਹੇ ਨਹੀਂ ਹੁੰਦੇ। ਸਧਾਰਣ ਲੋਕ ਇਨ੍ਹਾਂ ਨੂੰ ਸਮਝਣ ਵਿੱਚ ਅਸਮਰੱਧ ਹੁੰਦੇ ਹਨ। ਵਿਰੋਧੀ ਦਲ ਇਨ੍ਹਾਂ ਸਮਸਿਆਵਾਂ ਦੇ ਹੱਲ ਸੰਬੰਧੀ ਲੋਕਾਂ ਵਿੱਚ ਇਕ ਮੱਤ ਨੂੰ ਵਿਕਸਿਤ ਕਰਨ ਵਿੱਚ ਸਹਾਈ ਹੁੰਦੇ ਹਨ।

ਵਿਰੋਧੀ ਦਲ ਸਰਕਾਰ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਦੀ ਰਚਨਾਤਮਕ ਆਲੋਚਨਾ ਕਰਕੇ ਲੋਕਮਤ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਸੰਖੇਪ ਵਿੱਚ ਵਿਰੋਧੀ ਦਲ ਸਵੱਸਥ ਲੋਕਮਤ ਦਾ ਨਿਰਮਾਣ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਸਰਕਾਰ ਨੂੰ ਨਿਰੰਕੁਸ਼ ਬਣਨ ਤੋਂ ਰੋਕਣਾ:-** ਵਿਰੋਧੀ ਦਲ ਸਰਕਾਰ ਨੂੰ ਸੱਤੱ ਦਾ ਦੁਰਉਪਯੋਗ ਕਰਨ ਤੋਂ ਰੋਕਦੇ ਹਨ। ਵਿਧਾਨ ਮੰਡਲ ਅਤੇ ਇਸ ਤੋਂ ਬਾਹਰ ਵਿਰੋਧੀ ਦਲ ਸਰਕਾਰ ਦੀ ਆਲੋਚਨਾ ਕਰਕੇ ਇਸ ਦੀਆਂ ਨਿਰੰਕੁਸ਼ ਸ਼ਕਤੀਆਂ 'ਤੇ ਬੰਧਨ ਲਗਾਉਂਦਾ ਹੈ।

**ਜਨਤਕ ਸ਼ਿਕਾਇਤਾਂ ਨੂੰ ਪ੍ਰਗਟ ਕਰਨਾ:-** ਜਨਤਾ ਨੂੰ ਸ਼ਾਸਨ ਸਬੰਧੀ ਕਈ ਪ੍ਰਕਾਰ ਦੀਆਂ ਸ਼ਿਕਾਇਤਾਂ ਹੁੰਦੀਆਂ ਹਨ। ਵਿਰੋਧੀ ਦਲ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸਰਕਾਰ ਤਕ ਪਹੁੰਚਾਉਂਦੇ ਹਨ। ਸ਼ਿਕਾਇਤਾਂ ਨੂੰ ਦੂਰ ਕਰਨ ਲਈ ਵਿਰੋਧੀ ਦਲ ਸਰਕਾਰ 'ਤੇ ਦੱਬਾਅ ਪਾਉਂਦੇ ਹਨ। ਇਸ ਪ੍ਰਕਾਰ ਵਿਰੋਧੀ ਦੱਲ ਲੋਕਾਂ ਦੀਆਂ ਸ਼ਿਕਾਇਤਾਂ ਹੱਲ ਕਰਨ ਵਿੱਚ ਸਹਾਈ ਹੁੰਦੇ ਹਨ।

**ਵਿਧਾਨਿਕ ਕੰਮਾਂ ਵਿੱਚ ਭੂਮਿਕਾ:-** ਵਿਧਾਨਿਕ ਕੰਮਾਂ ਵਿੱਚ ਵਿਰੋਧੀ ਦਲ ਮਹੱਤਵ ਪੂਰਨ ਭੂਮਿਕਾ ਨਿਭਾਉਂਦੇ ਹਨ। ਵਿਰੋਧੀ ਦਲ ਦੇ ਮੈਂਬਰ ਕਿਸੇ ਕਨੂੰਨ ਦੀ ਲੋੜ ਅਤੇ ਉਚਿਤਤਾ ਸੰਬੰਧੀ ਸ਼ਾਸਕ ਦਲ ਨੂੰ ਸੁਚੇਤ ਕਰਦੇ ਹਨ। ਸੰਸਦ ਵਿੱਚ ਪੇਸ਼ ਹੋਏ ਬਿਲਾਂ ਦੀ ਛਾਣਬੀਣ ਕਰਨ ਲਈ ਸੰਸਦੀ ਸਮਿਤੀਆਂ ਨਿਯੁੱਕਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਸਮਿਤੀਆਂ ਵਿੱਚ ਵਿਰੋਧ ਦਲਾਂ ਦੇ ਮੈਂਬਰ ਬਿਲਾਂ ਦੀ ਛਾਣਬੀਣ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਹਨ।

**ਬਦਲਵੀਂ ਸਰਕਾਰ ਦਾ ਪ੍ਰਬੰਧ:-** ਵਿਰੋਧੀ ਦਲ ਰਾਜਨੀਨਿਤਕ ਸੰਕਟ ਆਉਣ ਜਾਂ ਸ਼ਾਸਕ ਦਲ ਦੁਆਰਾ ਤਿਆਗ ਪੱਤਰ ਦੇਣ ਕਾਰਨ ਬਦਲਵੀਂ ਸਰਕਾਰ ਦਾ ਨਿਰਮਾਣ ਕਰਨ ਦੀ ਭੂਮਿਕਾ ਨਿਭਾਉਂਦਾ ਹੈ। ਜਦੋਂ ਸੱਤਾਧਾਰੀ ਦਲ ਆਪਣਾ ਬਹੁਮੱਤ ਬੈਠੇ ਤਾਂ ਉਸ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਰਾਜ ਦਾ ਮੁੱਖੀ ਵਿਰੋਧੀ ਧਿਰ ਦੇ ਨੇਤਾ ਨੂੰ ਸਰਕਾਰ ਬਣਾਉਣ ਦਾ ਸਦਾ ਦਿੰਦਾ ਹੈ। ਜੇਕਰ ਵਿਰੋਧੀ ਦਲ ਦਾ

ਨੇਤਾ ਬਹੁਮਤ ਹਾਸਲ ਕਰ ਲਵੇ ਤਾਂ ਉਹ ਸਰਕਾਰ ਬਣਾ ਲੈਂਦਾ ਹੈ। ਜੇਕਰ ਉਹ ਬਹੁਮਤ ਪ੍ਰਾਪਤ ਨਹੀ ਕਰ ਸਕਦਾ ਤਾਂ ਦੇਸ਼ ਵਿੱਚ ਨਵੀਆਂ ਚੋਣਾਂ ਕਰਵਾ ਕੇ ਨਵੀਂ ਸਰਕਾਰ ਬਣਾਈ ਜਾਂਦੀ ਹੈ।

ਭਾਰਤ ਵਿੱਚ ਵਿਰੋਧੀ ਦਲ ਕੁਝ ਸਾਲਾਂ ਤੋਂ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਪਰ ਇਸ ਸਮੇਂ ਕਿਸੇ ਸੰਗਠਤ ਵਿਰੋਧੀ ਦਲ ਦੀ ਘਾਟ ਕਾਰਨ ਸਾਡੇ ਦੇਸ਼ ਵਿੱਚ ਸਹਿਕਾਰੀ ਧਾਰਨਾ ਨੇ ਜਨਮ ਲਿਆ ਹੈ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ (1-15 ਸ਼ਬਦਾਂ) ਵਿੱਚ ਦਿਉ:-**

1. ਲੋਕਤੰਤਰ ਤੋਂ ਤੁਸੀਂ ਕੀ ਸਮਝਦੇ ਹੋ?
2. ਭਾਰਤ ਵਿੱਚ ਲੋਕਤੰਤਰ ਸਰਕਾਰ ਦੀ ਕੀ ਸਥਿਤੀ ਹੈ?
3. ਭਾਰਤੀ ਲੋਕਤੰਤਰ ਦੀ ਇੱਕ ਵਿਸ਼ੇਸ਼ਤਾ ਦੱਸੋ।
4. ਚੋਣ ਵਿਧੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?
5. ਲੋਕਮਤ ਤੋਂ ਤੁਹਾਡਾ ਕੀ ਭਾਵ ਹੈ?
6. ਲੋਕਮਤ ਦੇ ਨਿਰਮਾਣ ਤੇ ਪ੍ਰਗਟਾਵੇ ਦੇ ਇੱਕ ਸਾਧਨ ਦਾ ਵਰਣਨ ਕਰੋ।
7. ਸਵਸਥ ਲੋਕਮਤ ਲਈ ਕੀ ਰੁਕਾਵਟਾਂ ਹੁੰਦੀਆਂ ਹਨ?
8. ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ ਕਦੋਂ ਅਤੇ ਕਿਸ ਦੀ ਅਗਵਾਈ ਹੇਠ ਹੋਇਆ?

**(ਅ) ਹੇਠ ਲਿਖਿਆਂ ਉੱਤੇ 50-60 ਸ਼ਬਦਾਂ ਵਿੱਚ ਲਿਖੋ:-**

(ੳ) ਭਾਰਤ ਵਿੱਚ ਧਰਮ ਨਿਰਪੱਖਤਾ

(ਅ) ਸ਼੍ਰੋਮਣੀ ਅਕਾਲੀ ਦਲ ਦੀ ਪ੍ਰਮੁੱਖ ਵਿਚਾਰਧਾਰਾ

(ੲ) ਭਾਰਤ ਦੇ ਕਿਸੇ ਇੱਕ ਰਾਸ਼ਟਰੀ ਦਲ ਤੇ ਸੰਖੇਪ ਨੋਟ ਲਿਖੋ।

(ਸ) ਭਾਰਤੀ ਰਾਸ਼ਟਰੀ ਕਾਂਗਰਸ ਦੀ ਵਿਚਾਰਧਾਰਾ

(ਹ) ਭਾਰਤੀ ਜਨਤਾ ਪਾਰਟੀ ਦੀ ਮੂਲ ਵਿਚਾਰਧਾਰਾ

(ਕ) ਭਾਰਤੀ ਕਮਿਊਨਿਸਟ ਪਾਰਟੀ ਦੇ ਮੂਲ ਸਿਧਾਂਤ

**(ੲ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ:-**

1. ਲੋਕਤੰਤਰ ਦੀ ਚੋਣ ਵਿਧੀ ਪ੍ਰਕਿਰਿਆ ਦਾ ਸੰਖੇਪ ਵੇਰਵਾ ਦਿਉ।
2. ਭਾਰਤੀ ਚੋਣ ਆਯੋਗ ਦਾ ਸੰਗਠਨ ਤੇ ਕਾਰਜ ਦੱਸੋ।
3. ਲੋਕਮਤ ਦੀ ਭੂਮਿਕਾ ਦੱਸੋ।

**(ਸ) ਹੇਠ ਲਿਖਿਆਂ ਦੇ ਬਾਰੇ 50-60 ਸ਼ਬਦਾਂ ਵਿੱਚ ਵਿਚਾਰ ਪ੍ਰਗਟ ਕਰੋ:-**

(ੳ) ਸ਼੍ਰੋਮਣੀ ਅਕਾਲੀ ਦਲ ਦੇ ਮੂਲ ਮੰਤਵ

(ਅ) ਭਾਰਤੀ ਜਨਤਾ ਪਾਰਟੀ ਦੀ ਸਥਾਪਨਾ ਤੇ ਨੋਟ ਲਿਖੋ।

(ੲ) ਭਾਰਤੀ ਰਾਸ਼ਟਰੀ ਕਾਂਗਰਸ ਦੀ ਵਿਦੇਸ਼ ਨੀਤੀ ਤੇ ਨੋਟ ਲਿਖੋ।

(ਸ) ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਤੇ ਨੋਟ ਲਿਖੋ।

(ਹ) ਵਿਰੋਧੀ ਦਲ ਦੀ ਭੂਮਿਕਾ

(ਕ) ਲੋਕਤੰਤਰ ਨੂੰ ਸਫਲ ਬਣਾਉਣ ਦੀਆਂ ਸ਼ਰਤਾਂ

(ਖ) ਭਾਰਤੀ ਲੋਕਤੰਤਰ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ

(ਗ) ਭਾਰਤੀ ਲੋਕਤੰਤਰ ਦਾ ਸਰੂਪ।

*****

# ਪਾਠ-14

# ਭਾਰਤੀ ਦੀ ਵਿਦੇਸ਼ ਨੀਤੀ ਅਤੇ ਸੰਯੁਕਤ ਰਾਸ਼ਟਰ

## (INDIA'S FOREIGN POLICY AND UNITED NATION)

ਹਰੇਕ ਦੇਸ ਦੀ ਵਿਦੇਸ਼ ਨੀਤੀ ਦੇ ਕੁਝ ਸਿਧਾਂਤ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹ ਵਿਸ਼ੇਸ਼ਤਾਵਾਂ ਅਤੇ ਸਿਧਾਂਤ ਹਮੇਸ਼ਾ ਲਈ ਇਕੋ ਜਿਹੇ ਨਹੀਂ ਰਹਿੰਦੇ। ਘਰੇਲੂ ਅਤੇ ਅੰਤਰਰਾਸ਼ਟਰੀ ਵਾਤਾਵਰਨ ਵਿੱਚ ਪ੍ਰੀਵਰਤਨ ਆਉਣ ਨਾਲ ਬਦਲਦੇ ਰਹਿੰਦੇ ਹਨ। ਹਰੇਕ ਦੇਸ ਦੀ ਕੋਸ਼ਿਸ਼ ਹੁੰਦੀ ਹੈ ਕਿ ਆਪਣੀ ਵਿਦੇਸ ਨੀਤੀ ਨੂੰ ਘਰੇਲੂ ਅਤੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਅਨੁਸਾਰ ਅਨੁਕੂਲ ਬਣਾਇਆ ਜਾਵੇ। ਭਾਰਤ ਦੀ ਵਰਤਮਾਨ ਵਿਦੇਸ ਨੀਤੀ ਦੇ ਬਾਨੀ (Founder) ਪੰਡਿਤ ਜਵਾਹਰ ਨਾਲ ਨਹਿਰੂ ਸਨ। ਉਨ੍ਹਾਂ ਨੇ ਦੇਸ ਦੇ ਹਿੱਤਾਂ, ਪ੍ਰਸਥਿਤੀਆਂ ਅਤੇ ਅੰਤਰਰਾਸ਼ਟਰੀ ਵਾਤਾਵਰਨ ਨੂੰ ਧਿਆਨ ਵਿੱਚ ਰਖਦੇ ਹੋਏ ਦੇਸ ਦੀ ਵਿਦੇਸ਼ ਨੀਤੀ ਦਾ ਨਿਰਮਾਣ ਕੀਤਾ ਸੀ। ਪੰਡਿਤ ਨਹਿਰੂ ਦੁਆਰਾ ਸਥਾਪਿਤ ਵਿਦੇਸ਼ ਨੀਤੀ ਨੂੰ ਅੱਜ ਤਕ ਕਾਇਮ ਰਖਣ ਦਾ ਯਤਨ ਕੀਤਾ ਗਿਆ ਹੈ। ਭਾਰਤ ਦੀ ਵਿਦੇਸ਼ ਨੀਤੀ ਦੇ ਮੁੱਖ ਸਿਧਾਂਤਾਂ ਅਤੇ ਵਿਸ਼ੇਸ਼ਤਾਵਾਂ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵਰਨਣ ਕੀਤਾ ਜਾ ਸਕਦਾ ਹੈ:

1. **ਗੁਟ ਨਿਰਲੇਪਤਾ:—** ਭਾਰਤ ਨੇ ਗੁਟ ਨਿਰਲੇਪਤਾ ਨੂੰ ਆਪਣੀ ਵਿਦੇਸ ਨੀਤੀ ਦਾ ਬੁਨਿਆਦੀ ਸਿਧਾਂਤ ਬਣਾਇਆ ਹੈ। ਜਦੋਂ ਭਾਰਤ ਅਜਾਦ ਹੋਇਆ ਤਾਂ ਸਾਰਾ ਸੰਸਾਰ ਦੋ ਗੁਟਾਂ ਵਿੱਚ ਵੰਡਿਆ ਹੋਇਆ ਸੀ-ਰੂਸ ਅਤੇ ਐਂਗਲੋਂ ਅਮਰੀਕਨ ਗੁਟ। ਭਾਰਤ ਦੀ ਵਿਦੇਸ ਨੀਤੀ ਦੇ ਨਿਰਮਾਤਾ ਪੰਡਿਤ ਨਹਿਰੂ ਨੇ ਇਹ ਮਹਿਸੂਸ ਕੀਤਾ ਕਿ ਰਾਸ਼ਟਰ ਦਾ ਨਿਰਮਾਣ ਕਰਨ ਲਈ ਭਾਰਤ ਨੂੰ ਸ਼ਕਤੀ ਗੁਟਾਂ ਦੇ ਸੰਘਰਸ਼ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਲਈ ਪੰਡਿਤ ਨਹਿਰੂ ਨੇ ਗੁਟ-ਨਿਰਲੇਪਤਾ ਦੀ ਨੀਤੀ ਨੂੰ ਅਪਨਾਇਆ। ਗੁਟ-ਨਿਰਲੇਪਤਾ ਦਾ ਅਰਥ ਹੈ ਕਿ ਪ੍ਰਤਿਯੋਗੀ ਸ਼ਕਤੀ ਗੁਟਾਂ ਤੋਂ ਜਾਣ ਬੁਝ ਕੇ ਦੂਰ ਰਹਿਣਾ, ਕਿਸੇ ਦੇਸ ਪ੍ਰਤੀ ਵੈਰ-ਵਿਰੋਧ ਦੀ ਭਾਵਨਾ ਨਾ ਰਖਣਾ ਅਤੇ ਅੰਤਰਰਾਸ਼ਟਰੀ ਸਮਸਿਆਵਾਂ ਨੂੰ ਗੁਣ ਦੇ ਅਧਾਰ 'ਤੇ ਨਿਰਣਾ ਕਰਨ ਅਤੇ ਸੁਤੰਤਰ ਨੀਤੀ ਨੂੰ ਅਪਨਾਉਣ। ਭਾਰਤ ਦੇ ਯਤਨਾ ਦੁਆਰਾ ਹੀ ਗੁਟ ਨਿਰਲੇਪਤਾ ਅੰਦੋਲਨ, ਸਮੁੱਚੇ ਵਿਸ਼ਵ ਵਿੱਚ ਇੱਕ ਸ਼ਕਤੀਸ਼ਾਲੀ ਦੇ ਪ੍ਰਭਾਵਸ਼ਾਲੀ ਅੰਦੋਲਨ ਬਣ ਗਿਆ ਹੈ।

2. **ਪੰਚਸ਼ੀਲ ਵਿੱਚ ਵਿਸ਼ਵਾਸ:—** ਭਾਰਤ ਦੇ ਪ੍ਰਧਾਨ ਮੰਤਰੀ, ਪੰਡਤ ਨਹਿਰੂ ਅਤੇ ਚੀਨ ਦੇ ਪ੍ਰਧਾਨ ਮੰਤਰੀ ਚਾਓ-ਏਨ-ਲਾਈ ਦੇ ਸਾਂਝੇ ਬਿਆਨ ਦੁਆਰਾ ਤਿੱਬਤ ਦੇ ਖੇਤਰ ਸੰਬੰਧੀ ਸਮਝੌਤੇ ਦੇ ਅਧਾਰ 'ਤੇ 29 ਅਪ੍ਰੈਲ 1954 ਨੂੰ ਪੰਜ ਸਿਧਾਂਤਾਂ ਨੂੰ ਅਪਨਾਇਆ ਗਿਆ। ਇਨ੍ਹਾਂ ਸਿਧਾਂਤਾਂ ਨੂੰ ਪੰਚਸ਼ੀਲ ਕਿਹਾ ਗਿਆ। ਇਹ ਪੰਜ ਸਿਧਾਂਤ ਇਸ ਪ੍ਰਕਾਰ ਹਨ:

(1) ਪ੍ਰਸਪਰ ਦੇਸਾਂ ਦੀ ਪ੍ਰਭੂਸੱਤਾ ਅਤੇ ਏਕਤਾ ਦਾ ਸਨਮਾਨ।

(2) ਪ੍ਰਸਪਰ ਹਮਲਾ ਨਾ ਕਰਨਾ।

(3) ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਾ ਦੇਣਾ

(4) ਸਮਾਨਤਾ ਅਤੇ ਸਹਿਯੋਗ।

(5) ਸ਼ਾਂਤਮਈ ਸਹਿਹੋਂਦ।

ਪੰਚਸ਼ੀਲ ਸਿਧਾਂਤਾ ਦੀ ਮਹੱਤਤਾ ਦਸਦੇ ਹੋਏ ਪੰ. ਨਹਿਰੂ ਨੇ ਕਿਹਾ ਸੀ ਕਿ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਕਰਨ ਨਾਲ ਸਥਾਈ ਰੂਪ ਵਿੱਚ ਵਿਸ਼ਵਸ਼ਾਂਤੀ ਸਥਾਪਿਤ ਹੋ ਸਕਦੀ ਹੈ। ਇਸ ਲਈ ਉਨ੍ਹਾਂ ਨੇ ਸੰਸਾਰ ਦੇ ਸਾਰੇ ਦੇਸਾਂ ਨੂੰ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਕਰ ਲਈ ਉਤਸ਼ਾਹਿਤ ਕੀਤਾ। 14 ਦਸੰਬਰ 1959 ਨੂੰ 82 ਦੇਸਾਂ ਦੇ ਸੰਯੁਕਤ ਰਾਸ਼ਟਰ ਸੰਘ ਦੀ ਮਹਾਂ ਸਭਾ ਵਿੱਚ ਇਨ੍ਹਾਂ ਸਿਧਾਂਤਾਂ ਨੂੰ ਮਾਨਤਾ ਦਿੱਤੀ। ਜਿਸ ਦੇ ਸਿੱਟੇ ਵਜੋਂ ਪੰਚਸ਼ੀਲ ਸਿਧਾਂਤਾਂ ਨੂੰ ਸੰਪੂਰਣ ਵਿਸ਼ਵ ਦੀ ਮਾਨਤਾ ਪ੍ਰਾਪਤ ਹੋ ਗਈ।

3. **ਸੰਯੁਕਤ ਰਾਸ਼ਟਰ ਵਿੱਚ ਪੂਰਨ ਵਿਸ਼ਵਾਸ਼:—** ਭਾਰਤ ਨੂੰ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਵਿੱਚ ਪੂਰਨ ਵਿਸ਼ਵਾਸ ਹੈ। ਸੰਯੁਕਤ ਰਾਸ਼ਟਰ ਸੰਘ ਨੂੰ ਹਰ ਸੰਭਵ ਤਰੀਕੇ ਨਾਲ ਪ੍ਰਭਾਵਸ਼ਾਲੀ ਬਣਾਉਣਾ ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਖ ਸਿਧਾਂਤ ਰਿਹਾ ਹੈ। ਭਾਰਤ ਵੱਖ-ਵੱਖ ਦੇਸਾਂ ਵਿਚਕਾਰ ਪੈਦਾ ਹੋਏ ਝਗੜਿਆਂ ਅਤੇ ਸਮਸਿਆਵਾਂ ਦਾ ਹੱਲ ਸੰਯੁਕਤ ਰਾਸ਼ਟਰ ਦੁਆਰਾ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਸ ਦੇ ਵਿਸ਼ਵਸ਼ਾਂਤੀ ਨੂੰ ਕਾਇਮ ਰਖਣ ਸੰਬੰਧੀ ਕੰਮਾਂ ਨੂੰ ਅਮਲ ਵਿੱਚ ਲਿਆਉਣ ਲਈ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਹੀ ਹੈ, ਭਾਰਤ ਸੰਯੁਕਤ ਰਾਸ਼ਟਰ ਨੂੰ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਦੇਣ ਲਈ ਵਚਨਬੱਧ ਹੈ।

4. **ਸਾਮਰਾਜ ਅਤੇ ਉਪਨਿਵੇਸ਼ਵਾਦ ਦੀ ਵਿਰੋਧਤਾ:—** ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦੀ ਵਿਰੋਦਤਾ ਕਰਨੀ ਭਾਰਤੀ ਵਿਦੇਸ਼ ਨੀਤੀ ਦਾ ਮੁੱਖ ਸਿਧਾਂਤ ਹੈ। ਭਾਰਤ ਆਪ ਲੰਮੇ ਸਮੇਂ ਤੱਕ ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦਾ ਸ਼ਿਕਾਰ ਰਿਹਾ ਹੈ। ਇਸ ਲਈ ਭਾਰਤ ਦਾ ਦ੍ਰਿੜ ਵਿਸ਼ਵਾਸ ਹੈ ਕਿ ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਨੂੰ ਸਮਾਪਤ ਕੀਤੇ ਬਿਨਾਂ ਵਿਸ਼ਵਸ਼ਾਂਤੀ ਦੀ ਸਥਾਪਨਾ ਨਹੀਂ ਕੀਤੀ ਜਾ ਸਕਦੀ। ਭਾਰਤ ਨੇ ਹਮੇਸ਼ਾ ਹੀ ਸਾਮਰਾਜਵਾਦੀ ਅਤੇ ਉਪਨਿਵੇਸ਼ਕ ਗਤੀਵਿਧੀਆਂ ਦੀ ਰੁਚੀ ਦੀ ਵਿਰੋਧਤਾ ਕੀਤੀ ਹੈ। ਉਨ੍ਹਾਂ ਦੇਸਾਂ ਪ੍ਰਤੀ ਭਾਰਤ ਦੀ ਹਮਦਰਦੀ ਰਹੀ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦੀਆਂ ਜੰਜੀਰਾਂ ਨੂੰ ਤੋੜ ਕੇ ਅਜਾਦ ਹੋਣ ਲਈ ਸੰਘਰਸ਼ ਕੀਤਾ ਹੈ।

5. **ਨਸਲਵਾਦ ਦਾ ਵਿਰੋਧ:—** ਭਾਰਤ ਦੀ ਜਨਤਾ ਅਤੇ ਇਸ ਦੇ ਨੇਤਾ ਨਸਲੀ ਵਿਤਕਰੇ ਦੇ ਸ਼ਿਕਾਰ ਰਹੇ ਹਨ। ਇਸ ਲਈ ਅਜਾਦੀ ਪ੍ਰਾਪਤੀ ਤੋਂ ਬਾਅਦ ਭਾਰਤ ਦੇ ਨਸਲੀ ਅਤੇ ਰੰਗ-ਭੇਦ ਦੀ ਨੀਤੀ ਦੀ ਅੰਤਰ-ਰਾਸ਼ਟਰੀ ਪੱਧਰ ਅਤੇ ਸੰਯੁਕਤ ਰਾਸ਼ਟਰ ਵਿੱਚ ਹਮੇਸ਼ਾ ਵਿਰੋਧਤਾ ਕੀਤੀ ਹੈ। ਆਪਣੀ ਇਸ ਨੀਤੀ ਦੇ ਕਾਰਨ ਹੀ ਭਾਰਤ ਨੇ ਰੁਡੇਸ਼ੀਆ ਦੱਖਣੀ ਅਫਰੀਕਾ ਅਤੇ ਅਮਰੀਕਾ ਵਿੱਚ ਨਸਲੀ ਅਤੇ ਰੰਗ ਭੇਦ ਨੇ ਅਧਾਰ 'ਤੇ ਕੀਤੇ ਜਾਣ ਵਾਲੇ ਵਿੱਤਕਰੇ ਦੀ ਵਿਰੋਧਤਾ ਕੀਤੀ ਹੈ। ਭਾਰਤ ਅਨੁਸਾਰ ਰੰਗ-ਭੇਦ ਦੀ ਨੀਤੀ ਅਤੇ ਨਸਲੀ ਵਿੱਤਕਰੇ ਦੀ ਹੋਂਦ ਨਾ ਕੇਵਲ ਲੋਕਾਂ ਦੀ ਸੁਤੰਤਰਤਾ ਨੂੰ ਨਸ਼ਟ ਕਰਦੀ ਹੈ, ਸਗੋਂ ਮਨੁੱਖਤਾ ਵਿਰੋਧੀ ਹੈ।

6. **ਨਿਸ਼ਸਤਰੀਕਰਨਣ ਦਾ ਸਮੱਰਥਨ:—** ਭਾਰਤ ਹਮੇਸ਼ਾ ਸ਼ਾਂਤੀ ਪਸੰਦ ਦੇਸ ਰਿਹਾ ਹੈ। ਭਾਰਤ ਹਧਿਆਰਬੰਦੀ ਅਤੇ ਸੈਨਿਕ ਸ਼ਕਤੀ ਨੂੰ ਵਿਸ਼ਵਸ਼ਾਂਤੀ ਲਈ ਭਾਰੀ ਖਤਰਾ ਸਮਝਦਾ ਹੈ। ਇਸ ਲਈ ਸਮੁੱਚੀ ਮਾਨਵਤਾ ਦੀ ਰੱਖਿਆ ਅਤੇ ਵਿਸ਼ਵਸ਼ਾਂਤੀ ਲਈ ਜ਼ਰੂਰੀ ਹੈ ਕਿ ਹਥਿਆਰਾਂ ਦੀ ਦੌੜ ਨੂੰ ਘਟਾਇਆ ਜਾਵੇ। ਭਾਰਤ ਸ਼ੁਰੂ ਤੋਂ ਹੀ ਮਾਰੂ ਹਧਿਆਰਾਂ ਦੀ ਦੌੜ ਦੀ ਵਿਰੋਧਤਾ ਕਰਦਾ ਆ ਰਿਹਾ ਹੈ। ਇਹੀ ਕਾਰਨ ਹੈ ਕਿ ਨਿਸ਼ਸਤ੍ਰੀਕਰਨ ਭਾਰਤ ਦੀ ਵਿਦੇਸ਼ ਨੀਤੀ ਦਾ ਇਕ ਮੂਲ ਸਿਧਾਂਤ ਰਿਹਾ ਹੈ। ਵਰਤਮਾਨ ਸਮੇਂ ਵਿੱਚ ਭਾਰਤ ਦੀ ਇਸ ਸਿਧਾਂਤ ਸੰਬੰਧੀ ਸੋਚ ਦੀ ਝਲਕ ਮਿਲਦੀ ਹੈ।

7. **ਖੇਤਰੀ ਸਹਿਯੋਗ ਵਿੱਚ ਵਿਸ਼ਵਾਸ:—** ਭਾਰਤ ਸਦਾ ਤੋਂ ਹੀ ਆਪਣੇ ਗੁਆਂਢੀ ਦੇਸਾਂ ਨਾਲ ਮਿੱਤਰਤਾ ਵਾਲੇ ਸੰਬੰਧ ਸਥਾਪਿਤ ਕਰਨ ਲਈ ਚਾਹਵਾਨ ਰਿਹਾ ਹੈ। ਭਾਰਤ ਨੇ ਪਾਕਿਸਤਾਨ, ਨੇਪਾਲ, ਭੂਟਾਨ, ਬੰਗਲਾ ਦੇਸ਼, ਸ਼੍ਰੀ ਲੰਕਾ ਅਤੇ ਮਾਲਦੀਵ ਆਦਿ ਗੁਆਂਢੀ ਦੇਸਾਂ ਨਾਲ ਖੇਤਰੀ ਸਹਿਯੋਗ, ਮਿੱਤਰਤਾ,

ਸਦਭਾਵਨਾ, ਆਤਮ-ਨਿਰਭਰਤਾ ਅਤੇ ਸਮਾਜਿਕ ਤੇ ਆਰਥਿਕ ਵਿਕਾਸ ਕਰਨ ਲਈ 7 ਦਸੰਬਰ 1985 ਨੂੰ ਦਖੱਣੀ ਏਸ਼ੀਆ ਖੇਤਰੀ ਸਹਿਯੋਗ ਸੰਗਠਨ ਜਿਸ ਨੂੰ ਸਾਰਕ ਕਿਹਾ ਜਾਂਦਾ ਹੈ, ਦੀ ਰਸਮੀ ਤੌਰ ਤੇ ਸਥਾਪਨਾ ਕੀਤੀ ਗਈ। ਸੰਖੇਪ ਵਿੱਚ ਭਾਰਤ ਦੀ ਵਿਦੇਸ਼ ਨੀਤੀ ਗੁਆਂਡੀ ਦੇਸਾਂ ਅਤੇ ਖੇਤਰੀ ਸਹਿਯੋਗ ਤੇ ਅਧਾਰਿਤ ਹੈ।

**8. ਭਾਰਤੀ ਦੀ ਪਰਮਾਣੂ ਨੀਤੀ:—** ਪਰਮਾਣੂ ਸ਼ਕਤੀ ਦੀ ਰਚਨਾਤੱਮਕ ਕੰਮਾਂ ਅਤੇ ਸ਼ਾਂਤੀਪੂਨ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਤੋਂ ਕਰਨਾ ਭਾਰਤ ਦੀ ਪਰਮਾਣੂ ਨੀਤੀ ਦਾ ਅੰਰਭ ਤੋਂ ਹੀ ਅਧਾਰ ਰਿਹਾ ਹੈ। ਭਾਰਤ ਨੇ ਪਰਮਾਣੂ ਸ਼ਕਤੀ ਦੀ ਵਰਤੋਂ ਦਾ ਵਿਨਾਸ਼ਕਾਰੀ ਮੰਤਵਾਂ ਲਈ ਹਮੇਸ਼ਾ ਵਿਰੋਧ ਕੀਤਾ ਹੈ।

ਭਾਰਤ ਨੇ ਆਪਣੀ ਪਰਮਾਣੂ ਨੀਤੀ ਬਾਰੇ ਅੰਤਰ-ਰਾਸ਼ਟਰੀ ਮੰਚਾਂ ਉੱਤੇ ਕਈ ਵਾਰੀ ਇਹ ਘੋਸ਼ਣਾ ਕੀਤੀ ਹੈ ਕਿ ਭਾਰਤ ਪਰਮਾਣੂ ਹਥਿਆਰ ਬਣਾਉਣ ਦੇ ਵਿਰੁੱਧ ਹੈ ਪਰ ਆਪਣੀ ਸੁਰੱਖਿਆ ਨੂੰ ਮੁੱਖ ਰਖਦੇ ਹੋਏ ਭਾਰਤ ਆਪਣੀ ਪਰਮਾਣੂ ਨੀਤੀ ਵਿੱਚ ਪਰਿਵਰਤਨ ਵੀ ਕਰ ਸਕਦਾ ਹੈ। ਚੀਨ ਪਰਮਾਣੂ ਬੰਬ ਬਣਾ ਚੁਕਾ ਹੈ ਅਤੇ ਪਾਕਿਸਤਾਨ ਪਰਮਾਣੂ ਬੰਬ ਬਣਾਉਣ ਵਿੱਚ ਸਫਲ ਹੋ ਗਿਆ ਹੈ। ਇਸ ਸੰਦਰਭ ਵਿੱਚ ਭਾਰਤ ਨੇ ਪੋਖਰਨ (ਰਾਜਸਾਥਾਨ) ਵਿਖੇ ਇਕ ਪਰਮਾਣੂ ਧਮਾਕਾ ਕੀਤਾ, ਜਿਸ ਨੇ ਸੰਸਾਰ ਦੀਆਂ ਵੱਡੀਆਂ ਸ਼ਕਤੀਆਂ ਨੂੰ ਹੈਰਾਨ ਕਰ ਦਿੱਤਾ। 1998 ਵਿੱਚ ਪੋਖਰਨ ਵਿੱਚ ਪਰਮਾਣੂ ਬੰਬਾਂ ਦੇ ਤਜਰਬੇ ਕਰਕੇ ਭਾਰਤ ਪਰਮਾਣੂ ਸ਼ਕਤੀਆਂ ਦੇ ਪਰਿਵਾਰ ਦਾ ਮੈਂਬਰ ਬਣ ਗਿਆ ਹੈ।

**9. ਰਾਸ਼ਟਰ ਮੰਡਲ ਦੀ ਮੈਂਬਰੀ:—** ਭਾਰਤ ਨੇ ਰਾਸ਼ਟਰ ਮੰਡਲ ਦੀ ਮੈਂਬਰਸ਼ਿਪ 17 ਮੀ 1945 ਨੂੰ ਆਪਣੀ ਸਵੈ-ਇੱਛਾ ਅਨੁਸਾਰ ਪ੍ਰਾਪਤ ਕੀਤੀ ਸੀ ਅਤੇ ਇਸ ਮੈਂਬਰ-ਸ਼ਿਪ ਨੂੰ ਆਪਣੀ ਇੱਛਾ ਅਨੁਸਾਰ ਤਿਆਗ ਸਕਦਾ ਹੈ। ਇਸ ਦੀ ਮੈਂਬਰਸ਼ਿਪ ਪ੍ਰਾਪਤ ਕਰਨ ਦਾ ਮੁੱਖ ਉਦੇਸ਼ ਏਸ਼ੀਆਈ ਅਤੇ ਅਫਰੀਕੀ ਦੇਸਾਂ ਨਾਲ ਏਕਤਾ ਅਤੇ ਸਹਿਯੋਗ ਸਥਾਪਿਤ ਕਰਨਾ ਹੈ ਕਿਉਂਕਿ ਇਨ੍ਹਾਂ ਦਾ ਇਤਿਹਾਸਿਕ ਪਿਛੋਕੜ ਭਾਰਤ ਨਾਲ ਮਿਲਦਾ ਜੁਲਦਾ ਹੈ। ਇਹ ਦੇਸ ਵੀ ਭਾਰਤ ਦੀ ਤਰ੍ਹਾਂ ਬ੍ਰਿਟਿਸ਼ ਸਮਰਾਜਵਾਦ ਬਸਤੀਵਾਦ ਅਤੇ ਨਸਲਵਾਦ ਦੇ ਸ਼ਿਕਾਰ ਰਹੇ ਹਨ। ਰਾਸ਼ਟਰ ਮੰਡਲ ਦਾ ਨਿਰਮਾਣ ਅਫਰੀਕਾ ਅਤੇ ਏਸ਼ੀਆ ਦੇ ਦੇਸਾਂ ਨੂੰ ਬ੍ਰਿਟਿਸ਼ ਰਾਜ ਦੀ ਅਗਵਾਈ ਹੇਠ ਕੀਤਾ। ਭਾਰਤ ਦਾ ਰਾਸ਼ਟਰ ਮੰਡਲ ਵਿੱਚ ਰਹਿਣਾ ਭਾਰਤੀ ਵਿਦੇਸ਼ ਨੀਤੀ ਇੱਕ ਲੱਛਣ ਮੰਨਿਆ ਜਾਂਦਾ ਹੈ।

ਭਾਰਤ ਦੀ ਵਿਦੇਸ਼ ਨੀਤੀ ਦੇ ਗੁਟ-ਨਿਰਲੇਪਤਾ ਅਤੇ ਪੰਚਸ਼ੀਲ ਬੁਨਿਆਦੀ ਸਿਧਾਂਤ ਹਨ। ਭਾਰਤ ਨੇ ਸਾਮਰਾਜਵਾਦ, ਬਸਤੀਵਾਦ, ਨਸਲਵਾਦ ਅਤੇ ਰੰਗ-ਵਾਦ ਦੀ ਨੀਤੀ ਦੀ ਵਿਰੋਧਤਾ ਕਰਨਾ ਆਪਣੀ ਵਿਦੇਸ਼ ਨੀਤੀ ਦਾ ਅਧਾਰ ਬਣਾਇਆ ਹੈ।

## ਭਾਰਤ ਦੀ ਗੁੱਟ-ਨਿਰਲੇਪਤਾ ਦੀ ਨੀਤੀ

## (Policy of Non-Alignment)

ਭਾਰਤ ਦੀ ਅਜਾਦੀ ਸਮੇ ਸਾਰਾ ਸੰਸਾਰ ਲਗਭਗ ਦੋ ਮੁੱਖ ਸ਼ਕਤੀ ਗੁੱਟਾਂ ਐਂਗਲੋਂ ਅਮਰੀਕਨ ਸ਼ਕਤੀ ਗੁੱਟ ਅਤੇ ਰੂਸੀ ਸ਼ਕਤੀ ਗੁੱਟ ਵਿੱਚ ਵੰਡਿਆ ਹੋਇਆ ਸੀ। ਸੰਸਾਰ ਦੀ ਸਾਰੀ ਰਾਜਨੀਤੀ ਇਨ੍ਹਾਂ ਦੋਹਾਂ ਸ਼ਕਤੀ ਗੁੱਟਾਂ ਦੇ ਆਲੇ-ਦੁਆਲੇ ਘੁੰਮ ਰਹੀ ਸੀ। ਇਨ੍ਹਾਂ ਸ਼ਕਤੀ ਗੁਟਾਂ ਵਿੱਚ ਸ਼ੀਤ-ਯੁੱਧ ਚਲ ਰਿਹਾ ਸੀ। ਭਾਰਤ ਦੀ ਵਿਦੇਸ਼ ਨੀਤੀ ਦੇ ਨਿਰਮਾਤਾ ਪੰ. ਜਵਾਹਰ ਲਾਲ ਨਹਿਰੂ ਨੇ ਇਹ ਮਹਿਸੂਸ ਕੀਤਾ ਕਿ ਰਾਸ਼ਟਰ ਦਾ ਨਿਰਮਾਣ ਤਦ ਹੀ ਹੋ ਸਕਦਾ ਹੈ ਜੇਕਰ ਭਾਰਤ ਇਨ੍ਹਾਂ ਸ਼ਕਤੀਗੁਟਾਂ ਦੇ ਆਪਸੀ ਸੰਘਰਸ਼ ਤੋਂ ਦੂਰ ਰਹੇ। ਇਸ ਲਈ ਪੰ. ਨਹਿਰੂ ਨੇ ਗੁਟ-ਨਿਰਲੇਪਤਾ ਦੀ ਨੀਤੀ ਨੂੰ ਭਾਰਤ ਦੀ ਵਿਦੇਸ਼ ਨੀਤੀ ਦਾ ਬੁਨਿਆਦੀ ਸਿਧਾਂਤ ਬਣਾਇਆ।

**ਗੁੱਟ ਨਿਰਲੇਪਤਾ ਦਾ ਅਰਥ:—** ਪੰ. ਨਹਿਰੂ ਦੇ ਸ਼ਬਦਾਂ ਵਿੱਚ— "ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਸਾਡੀ ਨੀਤੀ ਗੁਟ-ਨਿਰਲੇਪਤਾ ਦੀ ਨੀਤੀ ਹੈ, ਸਾਡਾ ਭਾਵ ਸੈਨਿਕ ਗੁਟਾਂ ਨਾਲੋਂ ਗੁਟ ਨਿਰਲੇਪਤਾ ਹੈ। ਇਹ ਨਾਕਾਰਾਤਮਕ ਨੀਤੀ ਨਹੀਂ ਹੈ। ਇਹ ਸਕਾਰਾਤਮਕ ਨਿਸ਼ਚਿਤ ਅਤੇ ਗਤੀਸ਼ੀਲ ਨੀਤੀ ਹੈ। ਪਰ ਜਿਥੋਂ ਤੱਕ ਅੱਜ ਦੇ ਸੈਨਿਕ ਗੁੱਟਾਂ ਅਤੇ ਸ਼ੀਤ-ਯੁੱਧ ਦਾ ਸੰਬੰਧ ਹੈ ਅਸੀਂ ਆਪਣੇ ਆਪ ਨੂੰ ਕਿਸੇ ਵੀ ਗੁਟ ਨਾਲ ਜੋੜਦੇ ਨਹੀਂ ਹਾਂ।"

ਗੁੱਟ-ਨਿਰਲੇਪਤਾ ਤੋਂ ਭਾਵ ਨਿਰਪੱਖਤਾ ਦੀ ਨੀਤੀ ਨਹੀਂ ਹੈ ਅਤੇ ਨਾ ਹੀ ਇਹ ਤਿਆਗ ਜਾਂ ਅੰਤਰ-ਰਾਸ਼ਟਰੀ ਸਮਸਿਆਵਾਂ ਪ੍ਰਤੀ ਦਰਸ਼ਕ ਬਣੇ ਰਹਿਣ ਦੀ ਨੀਤੀ ਹੈ। ਇਹ ਅੰਤਰ ਰਾਸ਼ਟਰੀ ਰਾਜ ਨੀਤੀ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਅਤੇ ਅੰਤਰਰਾਸ਼ਟਰੀ ਸਮਸਿਆਵਾਂ ਸੰਬੰਧੀ ਸੁਤੰਤਰਤਾ ਪੂਰਵਕ ਗੁਣ, ਦੇ ਅਧਾਰ 'ਤੇ ਨਿਰਣੇ ਲੈਣ ਦੀ ਨੀਤੀ ਹੈ। ਇਹ ਸਮਾਨਤਾ ਦੇ ਅਧਾਰ ਤੇ ਮਿੱਤਰਤਾ ਵਾਲੇ ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਿਕ ਸਬੰਧ ਬਣਾਉਣ ਅਤੇ ਸੈਨਿਕ ਜਾਂ ਦੂਜੇ ਗੁਟਾਂ ਤੋਂ ਦੂਰ ਰਹਿਣ ਦੀ ਨੀਤੀ ਹੈ।

## ਸੰਯੁਕਤ ਰਾਸ਼ਟਰ
## (United Nations)

ਦੂਜਾ ਮਹਾਂ ਯੁੱਧ 1939 ਤੋਂ ਅਰੰਭ ਹੋ ਕੇ 1945 ਵਿੱਚ ਸਮਾਪਤ ਹੋਇਆ। ਇਸ ਯੁੱਧ ਦੁਆਰਾ ਮਨੁੱਖੀ ਤੇ ਭੌਤਿਕ ਭਿਆਨਕ ਤਬਾਹੀ ਹੋਈ। ਸਮੁੱਚਾ ਸੰਸਾਰ ਇਸ ਭਿਆਨਕ ਤਬਾਹੀ ਤੋਂ ਭੈ-ਭੀਤ ਹੋ ਉਠਿਆ। ਉਸ ਸਮੇਂ ਦੇ ਵਿਸ਼ਵ ਦੇ ਉੱਘੇ ਨੇਤਾਵਾਂ ਨੇ ਅਜਿਹੇ ਭਿਆਨਕ ਯੁੱਧਾਂ ਤੋਂ ਮਨੁੱਖਤਾ ਨੂੰ ਮੁਕਤ ਕਰਨ ਅਤੇ ਸੁਰੱਖਿਅਤ ਰਖਣ ਲਈ ਸੰਕਲਪ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਅਜਿਹੀ ਅੰਤਰ-ਰਾਸ਼ਟਰੀ ਪ੍ਰਭਾਵਸ਼ਾਲੀ ਸੰਸਥਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਜਿਸ ਦਾ ਪਰਮ ਉਦੇਸ਼ ਯੁੱਧਾਂ ਨੂੰ ਰੋਕਣਾ ਅਤੇ ਵਿਸ਼ਵ ਸ਼ਾਂਤੀ ਨੂੰ ਯਕੀਨੀ ਬਣਾਉਣਾ ਹੋਵੇ। ਸੰਯੁਕਤ ਰਾਜ ਅਮਰੀਕਾ, ਬਰਤਾਨੀਆ, ਸੋਵੀਅਤ ਰੂਸ, ਚੀਨ ਅਤੇ ਫਰਾਂਸ ਤੋਂ ਇਲਾਵਾ ਕੁਝ ਦੂਜੇ ਦੇਸਾਂ ਦੇ ਨੇਤਾਵਾਂ ਨੇ ਵੀ ਅਜਿਹੀ ਸੰਸਥਾ ਦੀ ਸਥਾਪਨਾ ਲਈ ਯਤਨ ਕੀਤੇ। ਸੰਸਾਰ ਦੇ ਨੇਤਾਵਾਂ ਦੇ ਅਜਿਹੇ ਯਤਨ ਉੱਦੋਂ ਸਫਲ ਹੋਏ ਜਦੋਂ 26 ਜੂਨ 1945 ਨੂੰ ਸਾਨਫਰਾਂਸਿਸਕੋ ਵਿਖੇ 51 ਦੇਸਾਂ ਦੇ ਪ੍ਰਤੀਨਿਧਾਂ ਨੇ ਸੰਯੁਕਤ ਰਾਸ਼ਟਰ ਸੰਘ ਦਾ ਚਾਰਟਰ ਪ੍ਰਵਾਨ ਕਰ ਲਿਆ। ਸੰਯੁਕਤ ਰਾਸ਼ਟਰ ਸੰਘ ਨਿਯਮਿਤ ਤੌਰ ਤੇ 24 ਅਕਤੂਬਰ 1945 ਨੂੰ ਉਸ ਸਮੇਂ ਹੋਂਦ ਵਿੱਚ ਆਇਆ ਜਦੋਂ ਸੰਯੁਕਤ ਰਾਜ ਅਮਰੀਕਾ, ਬਰਤਾਨੀਆਂ, ਫਰਾਂਸ, ਸਾਬਕਾ (Former) ਸੋਵੀਅਤ ਸੰਘ ਅਤੇ ਚੀਨ ਦੀਆਂ ਸਰਕਾਰਾਂ ਤੋਂ ਇਲਾਵਾ 14 ਦੂਜੇ ਦੀਆਂ ਸਰਕਾਰਾਂ ਨੇ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਨੂੰ ਪ੍ਰਵਾਨਗੀ ਦੇ ਦਿੱਤੀ।

ਸੰਯੁਕਤ ਰਾਸ਼ਟਰ ਦੀ ਸਥਾਪਨਾ ਸਮੇਂ ਇਸ ਦੇ 51 ਮੌਲਿਕ ਮੈਂਬਰ ਸਨ ਜਿਨ੍ਹਾਂ ਵਿੱਚੋਂ ਇੱਕ ਭਾਰਤ ਵੀ ਮੈਂਬਰ ਸੀ। ਵਰਤਮਾਨ ਸਮੇਂ ਵਿੱਚ ਸੰਯੁਕਤ ਰਾਸ਼ਟਰ ਦੇ 193 ਮੈਂਬਰ ਹਨ।

## ਸੰਯੁਕਤ ਰਾਸ਼ਟਰ ਦੇ ਅੰਗ

**ਸੰਯੁਕਤ ਰਾਸ਼ਟਰ ਦੇ ਹੇਠ ਲਿਖੇ ਮੁੱਖ ਅੰਗ ਹਨ:—**

1. **ਮਹਾਂਸਭਾ** (General Asembly):- ਇਸ ਸਭਾ ਵਿੱਚ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ ਸਾਮਿਲ ਹੁੰਦੇ ਹਨ। ਹਰ ਦੇਸ ਇਸਲਈ 5 ਮੈਂਬਰ ਭੇਜ ਸਕਦਾ ਹੈ। ਇਹ ਸਭਾ ਸੰਯੁਕਤ ਰਾਸ਼ਟਰ ਸੰਘ ਦੀ ਸੰਸਦ ਹੈ। ਇਹ ਸਭਾ ਅਨੇਕ ਪ੍ਰਕਾਰ ਦੇ ਅੰਤਰ-ਰਾਸ਼ਟਰੀ ਕੰਮਾਂ ਵਿੱਚ ਭਾਗ ਲੈਂਦੀ ਹੈ। ਮਹਾਂ ਸਭਾ ਇਕ ਅਜਿਹਾ

ਮੰਚ ਪ੍ਰਦਾਨ ਕਰਦੀ ਹੈ ਜਿਥੇ ਸੰਸਾਰ ਦੀਆਂ ਸਾਰੀਆਂ ਸਮੱਸਿਆਵਾਂ 'ਤੇ ਵਿਚਾਰ ਕਰਕੇ ਹੱਲ ਲਭੱਣ ਦਾ ਯਤਨ ਕੀਤਾ ਜਾਂਦਾ ਹੈ।

2. **ਸੁਰੱਖਿਤ ਪਰਿਸ਼ਦ** (Security council):- ਸੁਰੱਖਿਆ ਪਰਿਸ਼ਦ ਸੰਯੁਕਤ ਰਾਸ਼ਟਰ ਦੀ ਕਾਰਜਪਾਲਿਕਾ ਸਮਾਨ ਹੈ। ਇਹ ਪਰਿਸ਼ਦ ਵਿੱਚ ਕੁੱਲ 15 ਮੈਂਬਰ ਹਨ। ਇਨ੍ਹਾਂ ਵਿੱਚੋਂ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ। ਸੰਯੁਕਤ ਰਾਜ ਅਮਰੀਕਾ, ਇੰਗਲੈਂਡ, ਰੂਸ, ਚੀਨ ਅਤੇ ਫਰਾਂਸ ਇਸ ਪਰਿਸ਼ਦ ਦੇ ਸਥਾਈ ਮੈਂਬਰ ਹਨ। ਸੁਰੱਖਿਆ ਪਰਿਸ਼ਦ ਦੇ ਪੰਜ ਸਥਾਈ ਮੈਂਬਰਾਂ ਦੀ ਸਹਿਮਤੀ ਤੋਂ ਬਿਨ੍ਹਾਂ ਕੋਈ ਵੀ ਫੈਸਲਾ ਨਹੀਂ ਲਿਆ ਜਾ ਸਕਦਾ। ਇਸ ਨੂੰ ਮੈਂਬਰਾ ਦੀ ਵੀਟੋ ਸ਼ਕਤੀ ਕਿਹਾ ਜਾਂਦਾ ਹੈ। ਵਿਸ਼ਵ ਸ਼ਾਂਤੀ ਨੂੰ ਕਾਇਮ ਰਖਣ ਵਿੱਚ ਸੁਰੱਖਿਆ ਪਰਿਸ਼ਦ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

3. **ਆਰਥਿਕ ਅਤੇ ਸਮਾਜਿਕ ਪਰਿਸ਼ਦ** (Economic & Social council):- ਇਸ ਪਰਿਸ਼ਦ ਦੇ ਕੁਲ 54 ਮੈਂਬਰ ਹਨ। ਇਨ੍ਹਾਂ ਮੈਂਬਰਾਂ ਦੀ ਚੋਣ ਮਹਾਂ ਸਭਾ ਦੁਆਰਾ ਤਿੰਨ ਸਾਲਾਂ ਲਈ ਕੀਤੀ ਜਾਂਦੀ ਹੈ। ਵੱਖ-ਵੱਖ ਦੇਸਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਇਹ ਪਰਿਸ਼ਦ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

4. **ਟਰੱਸਟੀਸ਼ਿਪ ਪਰਿਸ਼ਦ** (Trusteeship Council):- ਇਸ ਪਰਿਸ਼ਦ ਦੇ ਮੈਂਬਰਾਂ ਦੀ ਸੰਖਿਆ ਨਿਸ਼ਚਿਤ ਨਹੀਂ ਹੈ। ਇਸ ਪਰਿਸ਼ਦ ਦੇ ਕੁਝ ਮੈਂਬਰ ਮਹਾਂ ਸਭਾ ਦੁਆਰਾ ਚੁਣੇਂ ਜਾਂਦੇ ਹਨ ਅਤੇ ਇਸ ਵਿੱਚ ਉਹ ਦੇਸ ਵੀ ਸ਼ਾਮਿਲ ਹੁੰਦੇ ਹਨ ਜੋ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਅਧੀਨ ਅਮਾਨਤੀ ਖੇਤਰਾਂ ਦਾ ਰਾਜ ਪ੍ਰਬੰਧ ਕਰਦੇ ਹਨ। ਅਮਾਨਤੀ ਖੇਤਰ ਉਹ ਸਨ ਜਿਹੜੇ ਦੂਜੇ ਯੁੱਧ ਮਗਰੋਂ ਅਜਾਦ ਹੋ ਕੇ ਸ਼ਕਤੀਸ਼ਾਲੀ ਰਾਸ਼ਟਰਾਂ ਅਧੀਨ ਸਨ।

ਪਰਿਸ਼ਦ ਆਪਣਾ ਇਕ ਸਭਾਪਤੀ ਆਪਣੇ ਮੈਂਬਰਾਂ ਵਿੱਚੋਂ ਹੀ ਇਕ ਸਾਲ ਲਈ ਚੁਣਦੀ ਹੈ। ਇੱਕ ਸਾਲ ਵਿੱਚ ਇਸ ਦੀਆਂ ਦੋ ਬੈਠਕਾਂ ਹੁੰਦੀਆਂ ਹਨ ਅਤੇ ਇਸ ਵਿੱਚ ਫੈਸਲੇ ਸਧਾਰਨ ਬਹੁਮੱਤ ਨਾਲ ਕੀਤੇ ਜਾਂਦੇ ਹਨ।

5. **ਅੰਤਰ-ਰਾਸ਼ਟਰੀ ਅਦਾਲਤ** (International Court):- ਅੰਤਰ-ਰਾਸ਼ਟਰੀ ਅਦਾਲਤਾਂ ਵਿੱਚ ਕੁਲ 15 ਜੱਜ ਹੁੰਦੇ ਹਨ। ਜੱਜਾਂ ਦੀ ਚੋਣ ਮਹਾਂ ਸਭਾ ਅਤੇ ਸੁਰੱਖਿਆ ਪਰਿਸ਼ਦ ਦੁਆਰਾ 9 ਸਾਲਾਂ ਲਈ ਕੀਤੀ ਜਾਂਦੀ ਹੈ। ਹਰ ਤਿੰਨ ਸਾਲਾਂ ਪਿਛੋਂ ਇਸ ਦੇ ਇਕ ਤਿਹਾਈ ਜੱਜ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਜੱਜਾਂ ਦੀ ਦੁਬਾਰਾ ਚੋਣ ਵੀ ਹੋ ਸਕਦੀ ਹੈ। ਅੰਤਰ-ਰਾਸ਼ਟਰੀ ਅਦਾਲਤ ਦੇ ਜੱਜ ਆਪਣੇ ਵਿੱਚੋਂ ਹੀ ਤਿੰਨ ਸਾਲਾਂ ਲਈ ਇੱਕ ਨੂੰ ਸਭਾਪਤੀ ਅਤੇ ਦੂਜੇ ਨੂੰ ਉਪ ਸਭਾਪਤੀ ਚੁਣਦੇ ਹਨ। ਇਸ ਅਦਾਲਤ ਨੂੰ ਕੋਈ ਮੁੱਢਲਾ ਅਧਿਕਾਰ ਖੇਤਰ ਨਹੀਂ ਹੈ। ਇਹ ਕੇਵਲ ਉਨ੍ਹਾਂ ਮਾਮਲਿਆਂ 'ਤੇ ਵਿਚਾਰ ਕਰਦੀ ਹੈ ਜੋ ਇਸ ਅਦਾਲਤ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਇਸ ਅਦਾਲਤ ਦਾ ਮੁੱਖ ਕੰਮ ਵੱਖ-ਵੱਖ ਰਾਜਾਂ ਦੇ ਆਪਸੀ ਝਗੜਿਆਂ ਦਾ ਨਿਰਣਾ ਕਰਨਾ ਹੈ। ਇਹ ਅਦਾਲਤ ਸੰਯੁਕਤ ਰਾਸ਼ਟਰ ਸੰਘ ਦੇ ਵੱਖ-ਵੱਖ ਅੰਗਾਂ ਨੂੰ ਕਨੂੰਨੀ ਸਲਾਹ ਵੀ ਦਿੰਦੀ ਹੈ। ਇਸ ਅਦਾਲਤ ਦਾ ਮੁੱਖ ਦਫਤਰ Hague (Holland) ਵਿਚ ਸਥਿਤ ਹੈ।

6. **ਸਕੱਤਰੇਤ** (Secretariat) :- ਸੰਯੁਕਤ ਰਾਸ਼ਟਰ ਸੰਘ ਦਾ ਇੱਕ ਸਕੱਤਰੇਤ ਹੈ ਜੋ ਇਸ ਸੰਸਥਾ ਦਾ ਸਾਰਾ ਦਫ਼ਤਰੀ ਕੰਮ ਕਰਦਾ ਹੈ। ਸਕੱਤਰੇਤ ਦੇ ਮੁੱਖੀ ਨੂੰ ਮਹਾਂ-ਸਕੱਤਰ ਕਿਹਾ ਜਾਂਦਾ ਹੈ। ਮਹਾਂ-ਸਕੱਤਰ ਦੀ ਨਿਯੁਕਤੀ ਸੁਰੱਖਿਆ ਪਰਿਸ਼ਦ ਦੀ ਸਿਫਾਰਿਸ਼ ਉੱਤੇ ਮਹਾਂ ਸਭਾ ਦੁਆਰਾ ਪੰਜ ਸਾਲਾਂ ਲਈ ਕੀਤੀ ਜਾਂਦੀ ਹੈ। ਸੁਰੱਖਿਆ ਪਰਿਸ਼ਦ ਦੀ ਸਿਫਾਰਿਸ਼ ਇਸ ਦੇ ਪੰਜ ਸਥਾਈ ਮੈਂਬਰਾਂ ਸਮੇਤ ਨੌਂ ਮੈਂਬਰਾਂ ਦਾ ਬਹੁਮਤ ਜ਼ਰੂਰੀ ਹੈ।

## ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਭੂਮਿਕਾ
## (India's Role in United Nation)

ਭਾਰਤ ਸੰਯੁਕਤ ਰਾਸ਼ਟਰ ਦੇ ਮੁੱਢਲੇ 51 ਮੈਂਬਰਾਂ ਵਿੱਚੋਂ ਇੱਕ ਹੈ। ਸੰਯੁਕਤ ਰਾਸ਼ਟਰ ਦੇ ਜਨਮ ਤੋਂ ਲੈ ਕੇ ਵਰਤਮਾਨ ਸਮੇਂ ਤਕ ਇਸ ਦੇ ਸਾਰੇ ਅੰਗਾਂ ਅਤੇ ਏਜੰਸੀਆਂ ਵਿੱਚ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਤ ਦਾ ਸ਼ੁਰੂ ਤੋਂ ਹੀ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਪ੍ਰਤੀ ਅਟੁੱਟ ਵਿਸ਼ਵਾਸ ਰਿਹਾ ਹੈ। ਤਿੰਨ ਨਵੰਬਰ 1948 ਨੂੰ ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ ਨੂੰ ਸੰਬੋਧਨ ਕਰਦਿਆਂ ਪੰ: ਨਹਿਰੂ ਨੇ ਕਿਹਾ: "ਇਸ ਮਹਾਂ ਸਭਾ ਵਿੱਚ ਮੈਂ ਆਪਣੇ ਦੇਸ ਦੇ ਲੋਕਾਂ ਅਤੇ ਆਪਣੀ ਸਰਕਾਰ ਵੱਲੋਂ ਕਹਿਣਾ ਚਾਹਵਾਂਗਾ ਕਿ ਅਸੀਂ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਅਤੇ ਉਦੇਸ਼ਾਂ ਦੀ ਪੂਰਨ ਤੌਰ 'ਤੇ ਪਾਲਣਾ ਕਰਦੇ ਹਾਂ ਅਤੇ ਇਨ੍ਹਾਂ ਦੀ ਪੂਰਤੀ ਲਈ ਅਸੀਂ ਪੂਰਨ ਯੋਗਤਾ ਸਹਿਤ ਯਤਨ ਕਰਾਂਗੇ।" ਸੰਯੁਕਤ ਰਾਸ਼ਟਰ ਵਿੱਚ ਆਪਣੇ ਵਿਸ਼ਵਾਸ ਨੂੰ ਦੁਹਰਾਉਂਦਿਆਂ ਹੋਇਆ ਭਾਰਤ ਨੇ ਆਪਣੇ ਸੰਵਿਧਾਨ ਵਿੱਚ ਅੰਤਰ-ਰਾਸ਼ਟਰੀ ਸ਼ਾਂਤੀ ਅਤੇ ਸਹਿਯੋਗ ਵਿੱਚ ਵਾਧਾ ਕਰਨ ਸੰਬੰਧੀ ਨੀਤੀ ਨੂੰ ਅਪਨਾਇਆ ਹੈ। ਹੇਠ ਲਿਖੇ ਸਿਰਲੇਖਾਂ ਦੁਆਰਾ ਭਾਰਤ ਦੀ ਸੰਯੁਕਤ ਰਾਸ਼ਟਰ ਅਤੇ ਇਸ ਦੀਆਂ ਏਜੰਸੀਆਂ ਵਿੱਚ ਕ੍ਰਿਆਸ਼ੀਲ ਭੂਮਿਕਾ ਦਾ ਵਰਣਨ ਕੀਤਾ ਜਾਂਦਾ ਹੈ:—

**ਉਪਨਿਵੇਸ਼ਵਾਦ, ਬਸਤੀਵਾਦ ਅਤੇ ਸਾਮਰਾਜਵਾਦੀ ਵਿਰੋਧਤਾ:-** ਸੰਯੁਕਤ ਰਾਸ਼ਟਰ ਨੇ ਉਪਨਿਵੇਸ਼ਵਾਦ ਅਤੇ ਸਾਮਰਾਜਵਾਦ ਦੇ ਵਿਰੁੱਧ ਨੀਤੀ ਅਪਨਾਈ ਹੈ ਅਤੇ ਭਾਰਤ ਨੇ ਹਮੇਸ਼ਾ ਇਸ ਨੀਤੀ ਦਾ ਸਮੱਰਥਨ ਕੀਤਾ। ਭਾਰਤ ਨੇ ਹੋਰ ਦੇਸਾਂ ਨਾਲ ਮਿਲ ਕੇ 1950 ਵਿੱਚ ਲੋਕਾਂ ਨੂੰ ਉਪਨਿਵੇਸ਼ਵਾਦ ਅਤੇ ਸਾਮਾਜਵਾਦ ਤੋਂ ਮੁੱਕਤ ਕਰਾਉਣ ਲਈ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਵਿੱਚ ਇਕ ਮੱਤਾ ਪਾਸ ਕਰਵਾਇਆ। ਭਾਰਤ ਨੇ ਅਫਰੀਕਾ ਅਤੇ ਏਸ਼ਿਆਈ ਸੰਮੇਲਨਾਂ ਵਿੱਚ ਉਪਨਿਵੇਸ਼ਕ ਅਤੇ ਸਾਮਰਾਜਵਾਦੀ ਸ਼ਕਤੀਆਂ ਦੀ ਦ੍ਰਿੜੱਤਾ ਨਾਲ ਵਿਰੋਧਤਾ ਕੀਤੀ ਉਦਾਹਰਣ ਵਜੋਂ ਮਈ 1986 ਵਿੱਚ ਜਦੋਂ ਦਖਣੀ ਅਫਰੀਕਾ ਨੇ ਆਪਣੇ ਤਿੰਨ ਗੁਆਂਢੀ ਦੇਸਾ 'ਤੇ ਹਮਲਾ ਕੀਤਾ ਤਾਂ ਭਾਰਤ ਨੇ ਦੱਖਣੀ ਅਫਰੀਕਾ ਦੀ ਗੋਰੀ ਸਰਕਾਰ ਦੇ ਵਿਰੁੱਧ ਆਰਥਿਕ ਪ੍ਰਤੀਬੰਧ ਲਗਾਉਣ ਦੀ ਮੰਗ ਕੀਤੀ।

**ਨਸਲੀ ਵਿੱਤਕਰੇ ਅਤੇ ਰੰਗ ਭੇਦ ਦਾ ਵਿਰੋਧ:** ਭਾਰਤ ਨੇ ਸੰਯੁਕਤ ਰਾਸ਼ਟਰ ਦੀ ਨਸਲੀ ਵਿੱਤਕਰੇ ਅਤੇ ਰੰਗ ਭੇਦ ਦੇ ਵਿਰੁੱਧ ਅਪਨਾਈ ਗਈ ਨੀਤੀ ਦਾ ਹਮੇਸ਼ਾ ਖੁੱਲ੍ਹ ਕੇ ਸਮਰਥਨ ਕੀਤਾ ਹੈ। 1952 ਵਿੱਚ ਭਾਰਤ ਨੇ ਦੂਜੇ 12 ਦੇਸਾਂ ਨਾਲ ਮਿਲ ਕੇ ਦੱਖਣੀ ਅਫਰੀਕਾ ਦੇ ਨਸਲੀ ਵਿੱਤਕਰੇ ਵਿਰੁੱਧ ਮਹਾਂ ਸਭਾ ਵਿੱਚ ਆਵਾਜ ਉਠਾਈ ਸੀ ਅਤੇ 1962 ਵਿੱਚ ਦੱਖਣੀ ਅਫਰੀਕਾ ਨੂੰ ਆਪਣੀ ਨਸਲੀ ਵਿੱਤਕਰੇ ਦੀ ਨੀਤੀ ਨੂੰ ਤਿਆਗਣ ਲਈ ਮਜਬੂਤ ਕਰਨ ਲਈ ਭਾਰਤ ਨੇ ਮਹਾਂ ਸਭਾ ਵਿੱਚ ਪ੍ਰਸਤਾਵ ਪੇਸ਼ ਕੀਤਾ ਸੀ। ਦਖਣੀ ਅਫਰੀਕਾ ਵਿੱਚ ਨਸਲੀ ਜਾਂ ਰੰਗ ਭੇਦ ਦੇ ਵਿਤਕਰੇ ਦੀ ਨੀਤੀ ਸਮਾਪਤ ਕਰਾਉਣ ਵਿੱਚ ਭਾਰਤ ਨੇ ਸੰਯੁਕਤ ਰਾਸ਼ਟਰ ਦੇ ਮੰਚ ਦੁਆਰਾ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ:** ਮਨੁੱਖੀ ਅਧਿਕਾਰਾਂ, ਸੁਤੰਤਰਤਾਵਾਂ ਦੀ ਰੱਖਿਆ ਕਰਨਾ ਅਤੇ ਵਿਅਕੱਤੀ ਦਾ ਸਨਮਾਨ ਕਰਨਾ, ਸੰਯੁਕਤ ਰਾਸ਼ਟਰ ਦਾ ਮੁੱਖ ਉਦੇਸ਼ ਹੈ। 10 ਦਸੰਬਰ 1948 ਨੂੰ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਨੇ ਮਨੁੱਖੀ ਅਧਿਕਾਰਾਂ ਦੀ ਸਰਵ-ਵਿਆਪੀ ਘੋਸ਼ਣਾ ਕੀਤੀ ਸੀ। ਇਸ ਘੋਸ਼ਣਾ ਵਿੱਚ ਕੁਲ 30 ਅਨੁਛੇਦ ਹਨ ਅਤੇ ਇਨ੍ਹਾਂ ਵਿੱਚ ਨਿੱਜੀ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਿਕ ਮਨੁੱਖੀ ਅਧਿਕਾਰਾਂ ਦੀ ਸੂਚੀ ਦਿੱਤੀ ਗਈ ਹੈ। ਸੰਯੁਕਤ ਰਾਸ਼ਟਰ ਦੇ ਮੈਂਹਰ ਦੇਸਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਲੋਕਾਂ ਨੂੰ ਇਹ ਅਧਿਕਾਰ ਪ੍ਰਦਾਨ ਕਰਨ। ਭਾਰਤ ਇਹ ਚਾਹੁੰਦਾ ਹੈ ਕਿ ਸੰਯੁਕਤ ਰਾਸ਼ਟਰ ਦੁਆਰਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਸੰਬੰਧ ਵਿੱਚ ਵਿਆਪਕ ਪੱਧਰ ਤੇ ਨਿਯਮ

ਅਤੇ ਸੰਸਥਾਵਾਂ ਬਣਾਈਆਂ ਜਾਣ ਜੋ ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਨੂੰ ਰੋਕ ਸਕਣ। ਜਦੋਂ ਵੀ ਕਿਸੇ ਦੇਸ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਤਾਂ ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਉਸ ਦੇ ਵਿਰੁੱਧ ਆਵਾਜ ਉਠਾਈ ਹੈ।

**ਵਿਸ਼ਵਸ਼ਾਂਤੀ ਦੀ ਸਥਾਪਨਾ ਲਈ ਭੂਮਿਕਾ**: ਵਿਸ਼ਵਸ਼ਾਂਤੀ, ਸੁਰੱਖਿਆ ਨੂੰ ਬਣਾਈ ਰਖਣਾ ਅਤੇ ਮਾਨਵ ਜਾਤੀ ਨੂੰ ਯੁੱਧਾਂ ਦੇ ਭਿਆਨਕ ਵਿਨਾਸ਼ ਤੋਂ ਬਚਾਈ ਰਖਣਾ ਸੰਯੁਕਤ ਰਾਸ਼ਟਰ ਦਾ ਮੂਲ ਉਦੇਸ਼ ਹੈ। ਜਦੋਂ ਕਦੇ ਵੀ ਵਿਸ਼ਵ ਦੇ ਕਿਸੇ ਭਾਗ ਵਿੱਚ ਸ਼ਾਂਤੀ ਭੰਗ ਹੋਣ ਦਾ ਖਤਰਾ ਪੈਦਾ ਹੋਇਆ ਤਾਂ ਭਾਰਤ ਨੇ ਉਸ ਖਤਰੇ ਤੋਂ ਬਚਾਉਣ ਲਈ ਪੂਰਨ ਸਹਿਯੋਗ ਅਤੇ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ।

**ਸੰਯੁਕਤ ਰਾਸ਼ਟਰ ਦੇ ਅੰਗਾਂ ਅਤੇ ਏਜੰਸੀਆਂ ਵਿੱਚ ਭਾਰਤ ਦੀ ਭੂਮਿਕਾ:—** ਵੱਖ-ਵੱਖ ਸਮੇਂ ਵਿੱਚ ਭਾਰਤ ਸੰਯੁਕਤ ਰਾਸ਼ਟਰ ਦੇ ਅੰਗਾਂ ਅਤੇ ਏਜੰਸੀਆਂ ਦਾ ਮੈਂਬਰ ਰਿਹਾ ਹੈ ਅਤੇ ਇਸ ਨੇ ਇਨ੍ਹਾਂ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣ ਦਾ ਤਨਦੇਹੀ ਨਾਲ ਯਤਨ ਕੀਤਾ ਹੈ ਜਿਵੇਂ ਕਿ :—

1. ਭਾਰਤ ਸੁਰੱਖਿਆ ਪਰਿਸ਼ਦ ਦਾ ਅਸਥਾਈ ਮੈਂਬਰ 1963, 67, 72, 77, 84 ਅਤੇ 91 ਵਿੱਚ ਚੁਣਿਆ ਗਿਆ।
2. ਭਾਰਤ ਆਰਥਿਕ ਅਤੇ ਸਮਾਜਿਕ ਪਰਿਸ਼ਦ ਦਾ ਥੋੜੇ ਸਮੇਂ ਨੂੰ ਛੱਡ ਕੇ ਅਰੰਭ ਤੋਂ ਹੀ ਮੈਂਬਰ ਚੁਣਿਆ ਜਾਂਦਾ ਰਿਹਾ ਹੈ।
3. 1954 ਵਿੱਚ ਭਾਰਤ ਦੀ ਸ੍ਰੀ ਮਤੀ ਵਿਜੈ ਲਕਸ਼ਮੀ ਪੰਡਿਤ ਪਹਿਲੀ ਇਸਤਰੀ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੀ ਪ੍ਰਧਾਨ ਚੁਣੀ ਗਈ।
4. 1961 ਵਿੱਚ ਭਾਰਤ ਦੇ ਡਾ. ਲਕਸ਼ਮਣ ਸੁਆਮੀ ਮੁਦਾਲੀਅਰ ਦਿੱਲੀ ਵਿੱਖੇ ਹੋਏ ਵਿਸ਼ਵ ਸਿਹਤ ਸੰਘ ਦੇ ਸੰਮੇਲਨ ਦੇ ਪ੍ਰਧਾਨ ਚੁਣੇ ਗਏ।
5. ਭਾਰਤ ਦੇ ਸ੍ਰੀ ਜਗਜੀਵਨ ਰਾਮ ਅੰਤਰ-ਰਾਸ਼ਟਰੀ ਮਜਦੂਰ ਸੰਘ ਅਤੇ ਡਾ. ਰਾਧਾ ਕ੍ਰਿਸ਼ਨਨ ਯੁਨੈਸਕੋ ਦੇ ਕਾਰਜਕਾਰੀ ਬੋਰਡ ਦੇ ਪ੍ਰਧਾਨ ਰਹੇ। ਇਨ੍ਹਾਂ ਦੋਹਾਂ ਨੇਤਾਵਾਂ ਨੇ ਆਪਣੇ ਖੇਤਰਾਂ ਵਿੱਚ ਵਿਸ਼ਵ ਪ੍ਰਸਿਧ ਭੂਮਿਕਾ ਨਿਭਾਈ।
6. ਅੰਤਰ-ਰਾਸ਼ਟਰੀ ਅਦਾਲਤ ਵਿੱਚ ਸ੍ਰੀ ਨਗੇਂਦਰ ਸਿੰਘ ਅਤੇ ਸ੍ਰੀ ਆਰ.ਐਸ.ਪਾਠਕ ਜੱਜ ਰਹਿ ਚੁਕੇ ਹਨ।

ਭਾਰਤ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਉਦੇਸ਼ਾਂ ਅਤੇ ਸਿੱਧਾਂਤਾਂ ਦਾ ਪੂਰਨ ਸਤਿਕਾਰ ਕਰਦਾ ਹੈ। ਸੰਯੁਕਤ ਰਾਸ਼ਟਰ ਦੇ ਹਰੇਕ ਅੰਗ ਅਤੇ ਵਿਸ਼ੇਸ਼ ਏਜੰਸੀ ਦੇ ਕਾਰਜਾਂ ਵਿੱਚ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਤ ਸੰਯੁਕਤ ਰਾਸ਼ਟਰ ਨੂੰ ਵਿਸ਼ਵ ਸ਼ਾਂਤੀ ਦਾ ਰਖਵਾਲਾ ਮੰਨਣਾ ਹੈ। ਇਸ ਲਈ ਭਾਰਤ ਦੇ ਹਰ ਸੰਭਵ ਤਰੀਕੇ ਨਾਲ ਸੰਯੁਕਤ ਰਾਸ਼ਟਰ ਦੀ ਮਾਲੀ ਅਤੇ ਸੈਨਿਕ ਸਹਾਇਤਾ ਕੀਤੀ ਹੈ। ਭਾਰਤ ਨੇ ਹਮੇਸ਼ਾਂ ਸੰਯੁਕਤ ਰਾਸ਼ਟਰ ਵਿੱਚ ਇਸ ਗਲ 'ਤੇ ਜ਼ੋਰ ਦਿਤਾ ਹੈ ਕਿ ਰਾਜਨਿਤਿਕ ਮਾਮਲਿਆਂ ਤਕ ਹੀ ਆਪਣੇ ਆਪ ਨੂੰ ਸੀਮਿਤ ਨਾ ਕਰੇ, ਸਗੋਂ ਮਨੁੱਖਤਾ ਨੂੰ ਪੇਸ਼ ਆਉਣ ਵਾਲੀਆਂ ਸਮਾਜਿਕ, ਆਰਥਿਕ ਤੇ ਸਭਿਆਚਾਰਿਕ ਸਮਸਿਆਵਾਂ ਨੂੰ ਸੁਲਝਾਉਣ ਲਈ ਵੀ ਯਤਨ ਕਰੇ। ਅਜਿਹੀਆਂ ਸਮਸਿਆਵਾਂ ਨੂੰ ਸੁਲਝਾਉਣ ਲਈ ਭਾਰਤ ਨੇ ਸੰਯੁਕਤ ਰਾਸ਼ਟਰ ਨੂੰ ਮਾਲੀ-ਸਹਾਇਤਾ ਅਤੇ ਪੂਰਨ ਸਹਿਯੋਗ ਦਿੱਤਾ ਹੈ। 22 ਦਸੰਬਰ 1994 ਨੂੰ ਭਾਰਤੀ

ਸੰਸਦ ਦੇ ਦੋਹਾਂ ਸਦਨਾਂ ਨੇ ਇਕ ਪ੍ਰਤਾਵ ਪਾਸ ਕਰਕੇ ਸੰਯੁਕਤ ਰਾਸ਼ਟਰ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ ਹੈ। ਸੰਖੇਪ ਵਿੱਚ ਭਾਰਤ ਦੀ ਸੰਯੁਕਤ ਰਾਸ਼ਟਰ, ਇਸ ਦੇ ਅੰਗਾਂ ਅਤੇ ਏਜੰਸੀਆਂ ਵਿੱਚ ਨਿਭਾਈ ਗਈ ਸਲਾਘਾਯੋਗ ਭੂਮਿਕਾ, ਵਿਸ਼ਵ ਪ੍ਰਸਿੱਧ ਹੈ।

## ਭਾਰਤ ਦੇ ਵਿਦੇਸ਼ੀ ਸੰਬੰਧ
## (India's Relations with Other Countries)

**ਸੰਯੁਕਤ ਰਾਜ ਅਮਰੀਕਾ (United Stated of America)**

ਸੰਸਾਰ ਦੀਆਂ ਮਹਾਨ ਸ਼ਕਤੀਆਂ ਵਿੱਚੋਂ ਸੰਯੁਕਤ ਰਾਜ ਅਮਰੀਕਾ ਸਰਵਸ਼੍ਰੇਸ਼ਟ ਹੈ। ਭਾਰਤ ਨਾਲ ਇਸ ਦੇ ਸੰਬੰਧ ਕਿਸੇ ਸਮੇਂ ਵੀ ਸਮਾਨ ਅਤੇ ਸਧਾਰਨ ਨਹੀਂ ਰਹੇ ਹਨ। ਕਿਸੇ ਸਮੇਂ ਮਾੜੇ ਅਤੇ ਕਦੇ ਚੰਗੇ। ਭਾਰਤ ਦੀ ਅਜਾਦੀ ਮਗਰੋਂ ਕਸ਼ਮੀਰ ਅਤੇ ਹੋਰ ਕਈ ਕਾਰਨਾਂ ਕਰਕੇ ਇਨ੍ਹਾਂ ਦੋਹਾਂ ਦੇਸਾਂ ਦੇ ਮਾੜੇ ਸੰਬੰਧਾਂ ਦਾ ਆਰੰਭ ਹੋਇਆ। ਹੇਠ ਲਿਖੇ ਕਾਰਨਾਂ ਇਨ੍ਹਾਂ ਦੇ ਆਪਸੀ ਸੰਬੰਧ ਵਿਗੜੇ ਰਹੇ:

1. ਸੰਯੁਕਤ ਰਾਜ ਵੱਲੋਂ ਬਣਾਏ ਸੈਨਿਕ ਗੁਟਾਂ ਦਾ ਪਾਕਿਸਤਾਨ ਮੈਂਬਰ ਬਣਿਆ ਪਰ ਭਾਰਤ ਨੇ ਇਨ੍ਹਾਂ ਗੁਟਾਂ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ।
2. ਸੰਯੁਕਤ ਰਾਜ ਨੇ ਪਾਕਿਸਤਾਨ ਨੂੰ ਲੋੜ ਤੋਂ ਵੱਧ ਸੈਨਿਕ ਸਹਾਇਤਾ ਦੇਣੀ ਆਰੰਭ ਕਰ ਦਿੱਤੀ। ਭਾਰਤ ਨੇ ਇਸ ਦਾ ਕਰੜਾ ਵਿਰੋਧ ਕੀਤਾ, ਪਰ ਸੰਯੁਕਤ ਰਾਜ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ।
3. ਜਦੋਂ ਭਾਰਤ-ਪਾਕ ਯੁੱਧ 1971 ਵਿੱਚ ਹੋਇਆ ਅਤੇ ਬੰਗਲਾ ਦੇਸ ਹੋਂਦ ਵਿੱਚ ਆਉਣ ਲੱਗਾ ਤਾਂ ਸੰਯੁਕਤ ਰਾਜ ਨੇ ਯੁੱਧ ਦੌਰਾਨ ਪਾਕਿਸਤਾਨ ਦੇ ਹੱਕ ਵਿੱਚ ਦੱਖਲ ਦੇਣ ਦਾ ਯਤਨ ਕੀਤਾ ਜਿਸ ਦਾ ਭਾਰਤ ਨੇ ਬਹੁਤ ਬੁਰਾ ਮਨਾਇਆ।
4. ਸੰਯੁਕਤ ਰਾਜ ਨੇ ਪਾਕਿਸਤਾਨ ਵਿੱਚ ਸੈਨਿਕ ਅੱਡੇ ਸਥਾਪਿਤ ਕੀਤੇ ਹਨ। ਹਿੰਦ ਮਹਾਂਸਗਾਰ ਵਿੱਚ ਡੀਗੋ-ਗਾਰਸ਼ੀਆਂ ਟਾਪੂ 'ਤੇ ਸੰਯੁਕਤ ਰਾਜ ਨੇ ਸੈਨਿਕ ਅੱਡੇ ਬਣਾ ਰੱਖੇ ਹਨ। ਭਾਰਤ ਆਪਣੀ ਸੁਰਖਿਆ ਕਾਰਨ ਇਨ੍ਹਾਂ ਅੱਡਿਆਂ ਦਾ ਸਖਤ ਵਿਰੋਧ ਕਰਦਾ ਹੈ।
5. ਭਾਰਤ ਅਤੇ ਸੰਯੁਕਤ ਰਾਜ ਦੇ ਪਰਮਾਣੂ ਸ਼ਕਤੀ ਬਾਰੇ ਮੂਲ ਮਤਭੇਦ ਹਨ। ਭਾਰਤ ਪਰਮਾਣੂ ਸ਼ਕਤੀ ਦ ਵਿਕਾਸ ਕਰ ਰਿਹਾ ਹੈ ਅਤੇ ਸੰਯੁਕਤ ਰਾਜ ਇਸ ਦਾ ਵਿਰੋਧ ਕਰਦਾ ਹੈ। ਸੰਯੁਕਤ ਰਾਜ ਨੇ ਭਾਰਤ ਨੂੰ ਪਰਮਾਣੂ ਈਂਧਨ ਦੇਣਾ ਬੰਦ ਕਰ ਦਿਤਾ ਹੈ।

ਭਾਰਤ ਨੇ ਪਰਮਾਣੂ ਗੈਰ-ਪਸਰਨ ਸੰਧੀ (Nuclear Non-Proliferation Treaty) 'ਤੇ ਹਸਤਾਖਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਇਹ ਨੈਤਿਕਤਾ ਦੇ ਸਿਧਾਂਤਾਂ 'ਤੇ ਅਧਾਰਿਤ ਨਹੀਂ ਹੈ। ਇਹ ਸੰਧੀ ਵਿਤਕਰਾ ਕਰਦੀ ਹੈ। ਇਹ ਸੰਦੀ ਉਨ੍ਹਾਂ ਦੇਸਾਂ ਨੂੰ ਪਰਮਾਣੂ ਸ਼ਕਤੀ ਬਨਾਉਣ ਲਈ ਮਨਾਹੀ ਕਰਦੀ ਹੈ ਜਿਨ੍ਹਾਂ ਪਾਸ ਪਰਮਾਣੂ ਸ਼ਕਤੀ ਨਹੀਂ ਹੈ। ਇਸ ਦੇ ਉੱਲਟ ਪਰਮਾਣੂ ਸ਼ਕਤੀ ਵਾਲੇ ਦੇਸਾਂ ਨੂੰ ਕੋਈ ਪਾਬੰਧੀ ਨਹੀਂ ਲਗਾਈ ਜਾਂਦੀ।

ਨਿਰਸੰਦੇਹ ਉਪਰੋਕਤ ਤਥਾਂ ਤੇ ਪ੍ਰਸਥਿਤੀਆਂ ਨੇ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਆਪਸੀ ਸੰਬੰਧ ਵਿੱਚ ਖਿਚੋਤਾਣ ਪੈਦਾ ਕੀਤੀ ਹੈ ਪਰ ਇਸ ਦੇ ਬਾਵਜੂਦ ਦੋਹਾਂ ਦੇਸਾਂ ਦੇ ਸੰਬੰਧ ਲੋੜ ਤੋਂ ਵੱਧ ਖਰਾਬ ਨਹੀਂ ਹੋਏ। ਆਰਥਿਕ, ਤਕਨੀਕੀ, ਵਿਗਿਆਨਿਕ ਅਤੇ ਸਭਿਆਚਾਰਿਕ ਖੇਤਰਾਂ ਵਿੱਚ ਇੱਕ ਦੂਜੇ ਨੂੰ ਭਾਰੀ ਸਹਿਯੋਗ ਦਿਤਾ ਹੈ। 1991 ਵਿੱਚ ਭਾਰਤ ਨੂੰ ਵਿਸ਼ਵ ਮੁਦਰਾ ਕੋਸ਼ ਅਤੇ ਵਿਸ਼ਵ ਬੈਂਕ ਰਾਹੀਂ ਰਿਣ ਦੇ ਰੂਪ ਵਿੱਚ

ਬਹੁਤ ਧੰਨ ਮਿਲਿਆ ਹੈ। 1993 ਵਿੱਚ ਬਿਲ ਕਲਿੰਟਨ ਦੇ ਰਾਸ਼ਟਰਪਤੀ ਬਣਨ ਨਾਲ ਭਾਰਤ ਅਤੇ ਸੰਯੁਕਤ ਰਾਜ ਦੇ ਆਪਸੀ ਸੰਬੰਧ ਵਿੱਚ ਸਕਾਰਤਮਕ ਸੁਧਾਰ ਹੋਇਆ। ਭਾਰਤ ਨੂੰ ਸਭ ਤੋਂ ਵਧੇਰੇ ਆਰਥਿਕ ਸਹਾਇਤਾ ਸੰਯੁਕਤ ਰਾਜ ਕਰਦਾ ਆ ਰਿਹਾ ਹੈ। ਵਰਤਮਾਨ ਸਮੇਂ ਵਿੱਚ ਸੰਯੁਕਤ ਰਾਜ ਨਾਲ ਸਰਕਾਰ ਅਤੇ ਵਪਾਰਿਕ ਪੱਧਰ ਤੇ ਬਹੁਤ ਚੰਗੇ ਸੰਬੰਧ ਚਲ ਰਹੇ ਹਨ। ਸੰਯੁਕਤ ਰਾਜ ਸਰਕਾਰ ਅਤੇ ਇਸ ਦੇ ਆਰਥਿਕ ਅਦਾਰੇ ਭਾਰਤ ਦੀ ਆਰਿਥਕ ਅਤੇ ਵਿੱਤੀ ਪ੍ਰਣਾਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਸਾਨੂੰ ਨਿਕਟ ਭਵਿੱਖ ਵਿੱਚ ਹੋਰ ਵੀ ਚੰਗੇ ਸੰਬੰਧਾਂ ਦੀ ਆਸ ਹੈ।

## ਭਾਰਤ ਅਤੇ ਚੀਨ
## (India and China)

ਭਾਰਤ ਦਾ ਸਭ ਤੋਂ ਸ਼ਕਤੀਸ਼ਾਲੀ ਤੇ ਵੱਡਾ ਗਵਾਂਢੀ ਦੇਸ ਚੀਨ ਹੈ। ਪ੍ਰਾਚੀਨ ਸਮੇਂ ਤੋਂ ਹੀ ਭਾਰਤ ਤੇ ਚੀਨ ਦੇ ਸੰਬੰਧ ਚਲੇ ਆ ਰਹੇ ਹਨ। ਆਧੁਨਿਕ ਕਾਲ ਵਿੱਚ ਭਾਰਤ ਤੇ ਚੀਨ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਚੀਨ ਭਾਰਤ ਵਾਂਗ ਕਿਸੇ ਦੇਸ ਦੀ ਬਸਤੀ ਤਾਂ ਨਹੀਂ ਰਿਹਾ, ਪਰ ਯੂਰਪੀਅਨ ਦੇਸਾਂ ਨੇ ਇਸ ਨੂੰ ਅਰਧ ਬਸਤੀ ਬਣਾ ਕੇ ਇਸ ਦਾ ਭਾਰੀ ਸ਼ੋਸ਼ਣ ਕੀਤਾ ਹੈ। ਭਾਰਤੀ ਰਾਸ਼ਟਰੀ ਕਾਂਗਰਸ ਨੇ ਚੀਨ ਦੇ ਸੁਤੰਤਰਤਾ ਸੰਗਰਾਮ ਵਿੱਚ ਪੂਰਾ ਸਹਿਯੋਗ ਤੇ ਸਮਰਥਨ ਦਿੱਤਾ। ਭਾਰਤ 1947 ਵਿੱਚ ਅਜਾਦ ਹੋਇਆ ਅਤੇ ਚੀਨ ਵਿੱਚ 1949 ਵਿੱਚ ਸਾਮਵਾਦੀ ਦਲ ਦੇ ਸ਼ਾਸਨ ਦੀ ਸਥਾਪਨਾ ਹੋਈ।

ਅਜਾਦੀ ਤੋਂ ਤੁਰੰਤ ਬਾਅਦ ਭਾਰਤ ਤੇ ਚੀਨ ਵਿੱਚ ਬੜੇ ਦੋਸਤਾਨਾ ਤੇ ਭਾਈਚਾਰਕ ਸੰਬੰਧ ਸਥਾਪਿਤ ਹੋਏ। ਚੀਨ ਦੇ ਪ੍ਰਧਾਨ ਮੰਤਰੀ ਚੋ-ਇਨ-ਲਾਈ ਨੇ 1954 ਵਿੱਚ ਦਿੱਲੀ ਵਿਖੇ ਹਿੰਦੀ-ਚੀਨੀ ਭਾਈ ਭਾਈ ਦਾ ਨਾਹਰਾ ਲਾਇਆ। ਪੰਡਿਤ ਨਹਿਰੂ ਅਤੇ ਚੌ-ਇਨ-ਲਾਈ ਦੁਆਰਾ ਇਸ ਸਮਝੌਤੇ ਦੁਆਰਾ ਪੰਚ ਸ਼ੀਲ ਸਿਰਲੇਖ ਅਧੀਨ ਪੰਜ ਸਿਧਾਂਤ ਸਥਾਪਿਤ ਕੀਤੇ ਗਏ। ਇਹ ਸਿਧਾਂਤ ਹਨਃ ਹਰੇਕ ਦੇਸ ਨੂੰ ਦੂਜੇ ਦੇਸ ਦੀ ਪ੍ਰਭੂਸੱਤਾ ਅਤੇ ਏਕਤਾ ਦਾ ਸਨਮਾਨ ਕਰਨਾ, ਪ੍ਰਸਪਰ ਹਮਲਾ ਨਾ ਕਰਨਾ, ਇਕ ਦੂਜੇ ਦੇ ਮਾਮਲਿਆਂ ਵਿੱਚ ਸਹਿਹੋਂਦ ਨੂੰ ਸਵੀਕਾਰ ਕਰਨਾ। ਇਸ ਸਮਝੌਤੇ ਤੋਂ ਸਿੱਧ ਹੁੰਦਾ ਹੈ ਕਿ ਭਾਰਤੀ ਅਤੇ ਚੀਨੀ ਸਮਾਜਿਕ ਪ੍ਰਣਾਲੀ ਇਕ ਦੂਜੇ ਤੋਂ ਭਿੰਨ ਹੁੰਦੇ ਹੋਏ ਵੀ ਇਕ ਦੂਜੇ ਨੂੰ ਸਹਿਨ ਕਰ ਸਕਦੀਆਂ ਹਨ ਅਤੇ ਇਕ ਦੂਜੇ ਦੀ ਭਲਾਈ ਲਈ ਕੰਮ ਕਰ ਸਕਦੀਆਂ ਹਨ।

ਪੰਚਸ਼ੀਲ ਦੇ ਸਮਝੌਤੇ ਦੇ ਬਾਵਜੂਦ ਭਾਰਤ ਤੇ ਚੀਨ ਦੇ ਸੰਬੰਧ ਵਿਗੜਦੇ ਗਏ। ਸੰਬੰਧ ਵਿਗੜਨ ਤੋਂ ਪਹਿਲਾਂ ਇਨ੍ਹਾਂ ਦੀਆਂ ਸਰਹੱਦਾਂ ਤੇ ਝੜਪਾਂ ਹੋਇਆਂ ਅਤੇ ਬਾਅਦ ਵਿੱਚ 1962 ਵਿੱਚ ਦੋਹਾਂ ਦੇਸਾਂ ਵਿੱਚ ਭਿਆਨਕ ਯੁੱਧ ਹੋਇਆ। ਲੰਮੇ ਸਮੇਂ ਤਕ ਇਨ੍ਹਾਂ ਦੇ ਸੰਬੰਧ ਵਿਗੜੇ ਰਹੇ। ਥੋੜਾ ਸਮਾਂ ਪਹਿਲਾਂ ਦੋਹਾਂ ਦੇਸਾਂ ਵਲੋਂ ਆਪਸੀ ਸੰਬੰਧ ਸੁਧਾਰਨ ਲਈ ਉਪਰਾਲੇ ਆਰੰਭ ਹੋਏ। ਦੋਵੇਂ ਦੀਆਂ ਸਰਕਾਰਾਂ ਨੇ ਸਰਹੱਦੀ ਮਤਭੇਦਾਂ ਨੂੰ ਦੂਰ ਕਰਨ ਲਈ ਸੁਹਿਦਰਤਾ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕੀਤਾ। 1992 ਵਿੱਚ ਭਾਰਤੀ ਰਾਸ਼ਟਪਤੀ ਦੀ ਚੀਨ ਦੀ ਯਾਤਰਾ ਦੌਰਾਨ ਕੁਝ ਹੇਠ ਲਿਖੇ ਮਹਤੱਵਪੂਰਨ ਫੈਸਲੇ ਲਏ ਗਏਃ-

1. ਦੋਹਾਂ ਦੇਸਾਂ ਦੇ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਸ਼ਾਂਤੀ ਤੇ ਸੁਰਖਿਆ ਲਈ ਆਪਸੀ ਦੋਸਤੀ ਦੇ ਸੰਬੰਧ ਸਥਾਪਿਤ ਕਰਨੇ ਜ਼ਰੂਰੀ ਹਨ।

2. ਦੋਵੇਂ ਦੇਸਾਂ ਦਾ ਇਕ ਸਾਝਾਂ ਗਰੁਪ ਬਣਾਇਆ ਗਿਆ ਜੋ ਸਰਹੱਦ ਦੇ ਮਾਮਲੇ ਉੱਤੇ ਦੋਹਾਂ ਦੇਸਾਂ ਨੂੰ ਪ੍ਰਵਾਨਯੋਗ ਹੱਲ ਕੱਢਣ ਲਈ ਕੰਮ ਕਰੇਗਾ।

3. ਇਨ੍ਹਾਂ ਦੋਵੇਂ ਦੇਸਾਂ ਦੀਆਂ ਸਰਹੱਦਾਂ ਵਪਾਰ ਲਈ ਖੋਲੀਆਂ ਜਾਣਗੀਆਂ।

4. ਸੰਘਾਈ ਵਿਖੇ ਭਾਰਤ ਦੀ ਅਤੇ ਮੁਬੰਈ ਵਿਖੇ ਚੀਨ ਦੇ ਵਣਜ ਦੂਤ ਦੇ ਦਫ਼ਤਰ ਖੋਲ੍ਹੇ ਜਾਣਗੇ।
5. ਦੋਵੇ ਦੇਸਾਂ ਵਿੱਚ ਆਰਥਿਕ ਸਹਿਯੋਗ 'ਤੇ ਵਪਾਰ ਤੇ ਜ਼ੋਰ ਦਿੱਤਾ ਜਾਵੇਗਾ।

7 ਸੰਤਬਰ, 1993 ਨੂੰ ਪ੍ਰਧਾਨ ਮੰਤਰੀ ਨਿਰ-ਰਾਉ ਦੀ ਚੀਨ ਯਾਤਰਾ ਭਾਰਤੀ-ਚੀਨੀ ਸੰਬੰਧਾਂ ਨੂੰ ਸੁਧਾਰਨ ਅਤੇ ਦੋਹਾਂ ਦੇਸਾਂ ਵਿੱਚ ਲੰਮੇ ਸਮੇਂ ਤੋਂ ਚਲੇ ਰਹੇ ਸਰਹੱਦੀ ਮਸਲੇ ਨੂੰ ਸੁਲਝਾਉਣ ਵੱਲ ਕਾਰਗਰ (effective) ਕਦਮ ਸਿੱਧ ਹੋਇਆ। ਇਨ੍ਹਾਂ ਦੋਵੇ ਦੇਸਾਂ ਨੂੰ ਇਕ ਸਮਝੌਤੇ ਦੁਆਰਾ ਅਜਿਹੇ ਕਦਮ ਚੁੱਕਣ ਲਈ ਕਿਹਾ ਗਿਆ ਜਿਨਾਂ ਦੁਆਰਾ ਦੋਵੇਂ ਦੇਸ ਬੜੇ ਦੋਸਤਾਨੇ ਅਤੇ ਸ਼ਾਂਤਮਈ ਤਰੀਕੇ ਨਾਲ ਸਰਹੱਦਾਂ ਸਬੰਧੀ ਆਪਸੀ ਮਤਭੇਦਾਂ ਨੂੰ ਦੂਰ ਕਰ ਸਕਣ। ਭਾਰਤ ਤੇ ਚੀਨ ਦੇ ਸਾਂਝੇ ਵਰਕਿੰਗ ਗਰੁਪ ਦੀ 10 ਵੀਂ ਬੈਠਕ ਵਿੱਚ 5 ਅਗਸਤ 1997 ਨੂੰ ਆਪਣੇ ਪੁਸ਼ਟੀ ਦਸਤਾਵੇਜ਼ ਰਾਹੀਂ 21 ਵੀਂ ਸ਼ਤਾਬਦੀ ਵਲ ਸਰਹੱਦੀ ਪ੍ਰਸ਼ਨ ਨੂੰ ਸੁਲਝਾਉਣ ਲਈ ਦੋਹਾਂ ਦੇਸਾਂ ਨੇ ਵਿਦੇਸ ਮੰਤਰਾਲਿਆਂ ਦੁਆਰਾ ਪੁਰਵਲਿਖਤ ਸੰਧੀ (Protocol) 'ਤੇ ਸਮਝੌਤੇ ਕੀਤਾ। ਨੰਵਬਰ, 1996 ਵਿੱਚ ਚੀਨੀ (ਪ੍ਰਧਾਨ) ਰਾਸ਼ਟਪਤੀ ਜਿਆਂਗ ਜੇਮਿਨ ਦੁਆਰਾ ਕੀਤੇ ਸਰਹੱਦੀ ਸਮਝੌਤੇ ਨੂੰ ਲਾਗੂ ਕਰਨ ਲਈ ਵੀ ਵਿਚਾਰਿਆ ਗਿਆ। ਭਾਰਤ ਦੀ ਅਗਵਾਈ ਵਿਦੇਸ਼ ਸਕੱਤਰ ਸ੍ਰੀ ਰਘੁਨਾਥਨ ਨੇ ਅਤੇ ਚੀਨ ਦੀ ਅਵਾਗਈ ਉਪ ਵਿਦੇਸ ਮੰਤਰੀ ਟੈਂਗ ਜਿਆਨ ਸੁਮਾਨ ਨੇ ਕੀਤੀ। ਭਾਰਤ ਤੇ ਚੀਨ ਦੀਆਂ ਸਰਕਾਰਾਂ ਦੇ ਯਤਨਾਂ ਦੇ ਬਾਵਜੂਦ ਅਜ ਤਕ ਸਰਹੱਦੀ ਮਤਭੇਦ ਦੂਰ ਨਹੀਂ ਕੀਤੇ ਜਾ ਸਕੇ। ਇਹ ਹੀ ਇਕ ਵੱਡਾ ਕਾਰਨ ਹੈ ਕਿ ਭਾਰਤ ਤੇ ਚੀਨ ਦੇ ਸੰਬੰਧ ਅੱਜ ਵੀ ਸਮਾਨ ਨਹੀਂ ਹੋ ਸਕੇ। ਆਸ਼ਾ ਕੀਤੀ ਜਾਂਦੀ ਹੈ ਕਿ ਭਾਰਤ ਤੇ ਚੀਨ ਲੋਕ ਤੇ ਸਰਕਾਰਾਂ ਭੂਤਕਾਲ ਦੀਆਂ ਘਟਨਾਵਾਂ ਨੂੰ ਭੁਲਕੇ ਅਤੇ ਕੁਝ ਲੈ ਕੇ ਤੇ ਕੁਝ ਦੇ ਕੇ ਛੇਤੀ ਹੀ ਆਪਣੇ ਚੰਗੇ ਸੰਬੰਧ ਸਥਾਪਿਤ ਕਰਨ ਉਪਰੰਤ, ਚੰਗੇ ਗੁਆਂਢੀਆਂ ਵਾਂਗ ਰਹਿਣ ਦਾ ਯਤਨ ਕਰਨਗੇ।

## ਭਾਰਤ ਅਤੇ ਪਾਕਿਸਤਾਨ
## (India and Pakistan)

14 ਅਗਸਤ 1947 ਨੂੰ ਭਾਰਤ ਉਪ-ਮਹਾਂਦੀਪ ਦੀ ਵੰਡ ਹੋਣ ਉਪਰੰਤ ਨਵੇਂ ਰਾਜ ਪਾਕਿਸਤਾਨ ਦਾ ਜਨਮ ਹੋਇਆ। ਅੰਗਰੇਜੀ ਨੀਤੀਆਂ ਕਾਰਨ ਭਾਰਤ ਦੀ ਵੰਡ ਨੇ ਇਹਨਾਂ ਦੋਹਾਂ ਰਾਜਾਂ ਵਿੱਚ ਬਹੁਤ ਹੀ ਕੁੜਤੱਣ ਅਤੇ ਦੁਸ਼ਮਣੀ ਵਾਲਾ ਵਾਤਾਵਰਨ ਪੈਦਾ ਕੀਤਾ। ਭਾਰਤ ਦੀ ਅਜਾਦੀ ਲਈ ਕੀਤੇ ਸੰਘਰਸ਼ ਦੌਰਾਨ ਦੋ ਰਾਸ਼ਟਰ ਸਿਧਾਂਤ ਉਤੇ ਹਿੰਦੂ ਅਤੇ ਮੁਸਲਿਮ ਆਗੂਆਂ ਵਿੱਚ ਜਬਰਦਸਤ ਮਤ-ਭੇਦ ਰਹੇ ਹਨ। ਪਾਕਿਸਤਾਨ ਦੀ ਸਥਾਪਨਾ ਧਰਮ ਦੇ ਆਧਾਰ 'ਤੇ ਹੋਈ ਸੀ, ਜਿਸ ਦਾ ਵਿਰੋਧ ਭਾਰਤ ਅੰਤਿਮ ਸਮੇਂ ਤਕ ਡਟਕੇ ਕਰਦਾ ਰਿਹਾ। ਪਾਕਿਸਤਾਨੀ ਆਗੂਆਂ ਦਾ ਵਿਸ਼ਵਾਸ ਸੀ ਕਿ ਭਾਰਤ ਪਾਕਿਸਤਾਨ ਦੀ ਸਥਾਪਨਾ ਨੂੰ ਸਵੀਕਾਰਿਆ ਨਹੀਂ ਅਤੇ ਮੌਕਾ ਮਿਲਣ ਤੇ ਭਾਰਤ ਇਸ ਨੂੰ ਮਿਟਾਕੇ ਆਪਣੇ ਵਿੱਚ ਮਿਲਾ ਲਵੇਗਾ। ਇਸ ਪਿਛੋਕੜ ਅਤੇ ਹੋਰ ਕਈ ਕਾਰਨਾਂ ਕਰਕੇ ਭਾਰਤ ਪਾਕਿਸਤਾਨ ਦੇ ਆਪਸੀ ਸੰਬੰਧ ਆਰੰਭ ਤੋਂ ਹੀ ਖਿਚੋਤਾਣ ਅਤੇ ਵੈਰ ਵਿਰੋਧ ਵਾਲੇ ਰਹੇ ਹਨ।

ਕਸ਼ਮੀਰ ਦੇ ਝਗੜੇ ਕਾਰਨ ਭਾਰਤ ਪਾਕਿਸਤਾਨ ਸੰਬੰਧ ਹਮੇਸ਼ਾ ਉਲਝੇ ਰਹੇ ਹਨ ਅਤੇ ਇਨ੍ਹਾਂ ਦੋਹਾਂ ਵਿੱਚ ਸ਼ੁਰੂ ਤੋਂ ਹੀ ਆਮਦਨੀ ਅਤੇ ਕਰਜੇ ਦੀ ਵੰਡ, ਪਾਣੀ ਦੀ ਵੰਡ, ਕਸ਼ਮੀਰ ਕਾਰਨ ਹੀ ਲੋਕਾਂ ਦੀ ਜਾਇਦਾਦ ਦੀ ਵੰਡ ਆਦਿ ਕਾਰਨ ਮਤਭੇਦ ਪੈਦਾ ਹੋ ਗਿਆ। ਪਾਕਿਸਤਾਨ ਨੇ 1947-48 ਦੌਰਾਨ ਹਜ਼ਾਰਾਂ ਚੀਨੀ ਸਿਖਿਅਤ, ਪਾਕਿਸਤਾਨੀ ਘੁਸਪੈਠੀਆਂ ਦੇ ਰੂਪ ਵਿੱਚ ਭੇਜੇ। 1999 ਵਿੱਚ ਵੀ ਪਾਕਿਸਤਾਨ ਨੇ ਅਫਗਾਨ ਗੁਜਬੁਦੀਨ ਪਾਕ ਸੈਨਿਕ ਅਤੇ ਸਿਖਿਅਤ ਕਸ਼ਮੀਰੀ ਅਤਿਵਾਦੀ ਭੇਜ ਕੇ ਕਾਰਗਿਲ ਦੇ ਇਲਾਕੇ

ਤੇ ਕਬਜ਼ਾ ਕਰ ਲਿਆ। ਭਾਰਤ ਦੀ ਬਹਾਦਰ ਸੈਨਾ ਨੇ ਇਹਨਾਂ ਸਭ ਦੁਸ਼ਮਣਾਂ ਨੂੰ ਮਾਰ ਭਜਾਇਆ ਅਤੇ ਆਪਣੇ ਇਲਾਕੇ ਤੇ ਫਿਰ ਕਬਜਾ ਕਰ ਲਿਆ। ਭਾਰਤ ਨੇ ਪਾਕਿਸਤਾਨ ਦੀਆਂ ਇਹਨਾਂ ਨੀਤੀਆਂ ਦਾ ਆਰੰਭ ਤੋਂ ਹੀ ਡਟਕੇ ਵਿਰੋਦ ਕੀਤਾ ਅਤੇ ਅੱਜ ਵੀ ਕਰ ਰਿਹਾ ਹੈ। ਭਾਰਤ ਕਸ਼ਮੀਰ ਨੂੰ ਆਪਣਾ ਅਨਿਖੜਵਾਂ ਅੰਗ ਸਮਝਦਾ ਹੈ ਅਤੇ ਇਸ ਦੀ ਸੁਰਖਿਆ ਕਰਨਾ ਆਪਣਾ ਧਰਮ ਸਮਝਦਾ ਹੈ।

ਭਾਰਤ ਪਾਕਿਸਤਾਨ ਦੀਆਂ ਆਪਸੀ ਸਮਸਿਆਵਾਂ ਨੂੰ ਸੁਲਝਾਉਣ ਅਤੇ ਖਿਚੋਤਾਣ ਘਟਾਉਣ ਲਈ 1950 ਵਿੱਚ ਨਹਿਰੂ-ਲਿਆਕਤ ਅਲੀ ਸਮਝੋਤਾ ਹੋਇਆ। ਪੰਡਤ ਨਹਿਰੂ ਨੇ ਪਾਕਿਸਤਾਨ ਦੇ ਸਾਹਮਣੇ ਯੁੱਧ ਨਾ ਕਰਨ ਦੀ ਘੋਸ਼ਣਾ ਦਾ ਪ੍ਰਸਤਾਵ ਰਖਿਆ ਪਰ ਪਾਕਿਸਤਾਨ ਉਸ ਸਮੇਂ ਤੋਂ ਲੈ ਕੇ ਅੱਜ ਤੱਕ ਅਜਿਹੇ ਪ੍ਰਸਤਾਵ ਨੂੰ ਪ੍ਰਵਾਨ ਕਰਨ ਲਈ ਕਦੇ ਵੀ ਤਿਆਰ ਨਹੀਂ ਹੋਇਆ। ਪਾਕਿਸਤਾਨ ਨੇ 1965 ਅਤੇ 1971 ਵਿੱਚ ਆਪਣੀ ਪੂਰੀ ਸਕਤੀ ਨਾਲ ਭਾਰਤ 'ਤੇ ਹਮਲੇ ਕੀਤੇ ਪਰ ਦੋਵੇਂ ਵਾਰੀ ਪਾਕਿਸਤਾਨ ਨੂੰ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ।

ਭਾਰਤ ਪਾਕਿਸਤਾਨ ਸੰਬੰਧਾਂ ਨੂੰ ਸੁਧਾਰਨ ਅਤੇ ਆਪਸੀ ਸਮਸਿਆਵਾਂ ਦਾ ਹਲ ਕਰਨ ਲਈ ਸਮੇਂ ਸਮੇਂ ਤੇ ਇਹਨਾਂ ਦੇਸਾਂ ਦੇ ਉਚ ਅਧਿਕਾਰੀਆਂ ਅਤੇ ਰਾਜ ਨੇਤਾਵਾਂ ਵਿਚਾਲੇ ਗੱਲਬਾਤ ਅਤੇ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਹਨ। ਵਰਤਮਾਨ ਸਮੇਂ ਵਿੱਚ ਗੁਜਰਾਲ ਡਾਕਟ੍ਰਿਨ ਦੁਆਰਾ ਪਾਕਿ ਦੀਆਂ ਲੰਬੇ ਸਮੇਂ ਤੋਂ ਚਲ ਰਹੀਆਂ ਸਮਸਿਆਵਾਂ ਨੂੰ ਹਲ ਕਰਨ ਦੇ ਉਪਰਾਲੇ ਵੀ ਅਸਫਲ ਸਿਧ ਹੋਏ ਹਨ।

ਸਾਡੇ ਵਿਚਾਰ ਅਨੁਸਾਰ ਯੁੱਧ ਕਿਸੇ ਵੀ ਸਮਸਿਆ ਦਾ ਹਲ ਨਹੀਂ ਹੁੰਦੇ। ਭਾਰਤ ਅਤੇ ਪਾਕਿਸਤਾਨ ਦੇ ਝਗੜਿਆਂ ਦਾ ਹਲ ਵੀ ਯੁੱਧ ਨਹੀਂ ਹੈ। ਭਾਰਤ ਅਤੇ ਪਾਕਿਸਤਾਨ ਦੇ ਆਪਣੇ ਰਾਜਾਂ ਦੀਆਂ ਆਪਣੀਆਂ ਸਮਸਿਆਵਾਂ ਸੰਬੰਧੀ ਵਖਰੇ ਅਤੇ ਵਿਰੋਧੀ ਦ੍ਰਿਸ਼ਟੀਕੋਣ ਹੋ ਸਕਦੇ ਹਨ ਪਰ ਭਾਰਤ ਅਤੇ ਪਾਕਿਸਤਾਨੀ ਸਮਾਜਾਂ ਅਤੇ ਲੋਕਾਂ ਦੇ ਵਿਚਾਰ ਅਤੇ ਦ੍ਰਿਸ਼ਟੀਕੋਣ ਇਕ ਹਨ: ਭਾਈਚਾਰੇ ਅਤੇ ਸਾਂਝੇ ਹਿਤਾਂ ਦੀ ਰਖਿਆ ਅਤੇ ਵਿਕਾਸ। ਦੋਹਾਂ ਦੇਸਾਂ ਦੇ ਵਧੇਰੇ ਲੋਕ ਆਪਸੀ ਦੋਸਤੀ, ਸਹਿਯੋਗ ਅਤੇ ਮਿਲਵਰਤਨ ਦੇ ਚਾਹਵਾਨ ਹਨ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ ਇੱਕ ਸ਼ਬਦ (1-15 ਸ਼ਬਦਾਂ) ਵਿੱਚ ਦਿਉ:-**

1. ਭਾਰਤੀ ਵਿਦੇਸ਼ ਨੀਤੀ ਦੇ ਚਾਰ ਬੁਨਿਆਦੀ ਸਿਧਾਂਤ ਲਿਖੋ।
2. ਪੰਚਸ਼ੀਲ ਤੋਂ ਤੁਹਾਡਾ ਕੀ ਭਾਵ ਹੈ?
3. ਗੁਟ-ਨਿਰਲੇਪਤਾ (**non-alignment**) ਨੀਤੀ ਤੋਂ ਤੁਸੀ ਕੀ ਸਮਝਦੇ ਹੋ?
4. ਭਾਰਤ ਅਤੇ ਸੰਯੁਕਤ ਰਾਜ ਵਿੱਚ ਸੰਬੰਧ ਵਿਗੜਨ ਦੇ ਕਿਸੇ ਇਕ ਮਹੱਤਵਪੂਰਨ ਕਾਰਨ ਦਾ ਵਰਣਨ ਕਰੋ।
5. ਭਾਰਤ ਦੀ ਪਰਮਾਣੂ ਨੀਤੀ ਕੀ ਹੈ?
6. ਸੁਰੱਖਿਆ ਪਰਿਸ਼ਦ ਵਿੱਚ ਕਿੰਨੇ ਸਥਾਈ ਅਤੇ ਕਿੰਨੇ ਅਸਥਾਈ ਮੈਂਬਰ ਹਨ?
7. ਸੰਯੁਕਤ ਰਾਸ਼ਟਰ ਦਾ ਜਨਮ ਕਦੋਂ ਹੋਇਆ ਅਤੇ ਕਿਤਨੇ ਦੇਸ ਇਸ ਦੇ ਮੂਲ ਮੈਂਬਰ ਸਨ?

**(ਅ) ਹੇਠ ਲਿਖਿਆਂ ਦੀ ਵਿਆਖਿਆ ਕਰੋ:**

(i) ਵਿਸ਼ਵਸ਼ਾਂਤੀ ਲਈ ਭਾਰਤ ਦੀ ਭੂਮਿਕਾ

(ii) ਅੰਤਰ-ਰਾਸ਼ਟਰੀ ਨਿਆਂ ਅਦਾਲਤ (International Court of Justice)

(iii) ਨਿਸ਼ਸਤਰੀਕਰਣ (Disarmament)

(iv) ਟਰੱਸਟੀਸ਼ਿਪ ਪਰਿਸ਼ਦ (Trusteeship Council)

(v) ਮਹਾਂਸਭਾ (General Assembly)

(vi) ਭਾਰਤ ਅਤੇ ਚੀਨ ਦੇ ਸੰਬੰਧਾਂ ਵਿੱਚ ਤਨਾਅ ਦਾ ਮੂਲ ਕਾਰਨ

(vii) ਸ਼ਾਂਤਮਈ ਸਹਿਹੋਂਦ (Peaceful Co-existence)

**(ੲ) ਹੇਠ ਲਿਖੇ ਹਰ ਪ੍ਰਸ਼ਨਾਂ ਦਾ ਉੱਤਰ ਲਗਪਗ 50-60 ਸ਼ਬਦਾਂ ਵਿੱਚ ਦਿਉ:**

1. ਪੰਚਸ਼ੀਲ ਦੇ ਸਿਧਾਂਤਾਂ ਦਾ ਵਰਣਨ ਕਰੋ।
2. ਗੁਟ-ਨਿਰਲੇਪਤਾ ਦੀ ਨੀਤੀ ਦਾ ਅਰਥ ਅਤੇ ਭਾਰਤ ਦੁਆਰਾ ਇਸ ਨੂੰ ਅਪਨਾਏ ਜਾਣ ਦੇ ਕਾਰ ਦਸੋ।
3. ਸੰਯੁਕਤ ਰਾਸ਼ਟਰ ਦੀ ਸੁਰਖਿਆ ਪਰਿਸ਼ਦ ਦੇ ਸੰਖੇਪ ਨੋਟ ਲਿਖੋ।
4. ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਭੂਮਿਕਾ ਦਾ ਸੰਖੇਪ ਵਰਣਨ ਕਰੋ।
5. ਵਿਸ਼ਵਸ਼ਾਂਤੀ ਵਿੱਚ ਭਾਰਤ ਦੀ ਭੂਮਿਕਾ ਦਾ ਸੰਖੇਪ ਵਰਣਨ ਕਰੋ।
6. ਭਾਰਤ ਤੇ ਸੰਯੁਕਤ ਰਾਜ ਅਮਰੀਕਾ ਦੇ ਸੰਬੰਧਾਂ ਦਾ ਸੰਖੇਪ ਵਰਣਨ ਕਰੋ।
7. ਭਾਰਤ ਤੇ ਚੀਨ ਦੇ ਵਿਗੜੇ ਸੰਬੰਧਾਂ ਦਾ ਮੂਲ ਕਾਰਨ ਬਿਆਨ ਕਰੋ।
8. ਭਾਰਤ-ਪਾਕ ਸੰਬੰਧ ਅਤੇ ਇਨ੍ਹਾਂ ਵਿੱਚ ਤਨਾਅ ਦਾ ਮੁੱਖ ਕਾਰਨ, ਬਾਰੇ ਸੰਖੇਪ ਨੋਟ ਲਿਖੋ।

*****